# ਕੁੱਤਿਆਂ ਵਾਲੇ ਸਰਦਾਰ

## ਲੇਖਕ ਦੀਆਂ ਹੋਰ ਪੁਸਤਕਾਂ :

### ਨਾਵਲ

1. ਅੱਖਾਂ ਦੇਖ ਨਾ ਰਜੀਆਂ (2012)
2. ਰੰਗ ਤਮਾਸ਼ੇ (2011)
3. ਕਿਸ ਨੂੰ ਮੰਦਾ ਆਖੀਐ (2010)
4. ਮੋਤੀਆਂ ਵਾਲੀ ਸਰਕਾਰ (2009)
5. ਸੰਧੂਰੀ ਅੰਬੀਆਂ (2008)
6. ਕਾਲੀ ਬੋਲੀ ਰਾਤ (2007)
7. ਖਾਲਸਾ (2001, 2012)
8. ਸਿੱਖ (1999, 2012)
9. ਹੀਰੋ (ਚਲਦੀ ਵਹੀਰ) (1998)
10. ਨੂਰੀ (1996, 2011)
11. ਦਿਲ ਦਰਿਆ ਸਮੁੰਦਰੋਂ ਡੂੰਘੇ (1987, 2012)
12. ਧਰਤੀ ਧੱਕ ਸਿੰਘ (1986)
13. ਇਸ਼ਕ (1986, 2012)
14. ਮੇਰੀ ਮਹਿੰਦੀ ਦਾ ਰੰਗ ਉਦਾਸ (1985)
15. ਲਾਲੀ (1985, 2012)
16. ਤੇਰਾ ਕੀਆ ਮੀਠਾ ਲਾਗੈ (1984, 2012)
17. ਰਾਤਾਂ ਕਾਲੀਆਂ ਕੱਲੀ ਨੂੰ ਡਰ ਆਵੇ (1983, 2012)
18. ਮੁੱਲ ਵਿਕਦਾ ਸੱਜਣ (1983, 2012)
19. ਪਾਪੀ ਪਾਪ ਕਮਾਂਵਦੇ (1982, 2012)
20. ਰੂਹ ਦਾ ਹਾਣੀ (1982, 2012)
21. ਬੰਜਰ ਧਰਤੀ ਟਹਿਕਦਾ ਫੁੱਲ (1977)
22. ਬਾਝ ਭਰਾਵਾਂ ਸੱਕਿਆਂ (1975, 2012)
23. ਰੋਹੀ ਦਾ ਫੁੱਲ (1974, 2012)
24. ਕੁੱਤਿਆਂ ਵਾਲੇ ਸਰਦਾਰ (1973, 2012)
25. ਅੱਧੀ ਰਾਤ ਪਹਿਰ ਦਾ ਤੜਕਾ (1971, 2012)
26. ਮਿੱਤਰ ਪਿਆਰੇ ਨੂੰ (1970, 2012)
27. ਕੋਰਾ ਬਦਨ (1969)

### ਕਹਾਣੀ ਸੰਗ੍ਰਹਿ

1. ਦੁੱਖਾਂ ਵਾਲਿਆਂ ਨੂੰ ਗੱਲਾਂ ਸੁੱਖ ਦੀਆਂ,
   ਕਿੱਸੇ ਜੋੜ ਜਹਾਨ ਸੁਣਾਂਵਦਾ ਏ (2011)
2. ਗੋਰਾ ਰੰਗ ਟਿੱਬਿਆਂ ਦਾ ਰੇਤਾ (1977)
3. ਸੈਦਾਂ ਜੋਗਨ (1973)
4. ਮੋਰਨੀ (1970)
5. ਖੱਟ ਕੇ ਲਿਆਂਦਾ ਟੱਲ (1971)
6. ਕੱਚੀ ਸੜਕ ਦਾ ਗੀਤ (1969)

# ਕੁੱਤਿਆਂ ਵਾਲੇ ਸਰਦਾਰ

(ਨਾਵਲ)

ਬੂਟਾ ਸਿੰਘ ਸ਼ਾਦ

International Publishers
of Indian and Foreign Languages

*Fiction/Punjabi Novel*

ISBN : 978-93-5068-084-1

# Kutian Wale Sardar

*by*

**Boota Singh Shaad**
61, Versova Seaside, J.P. Road Versova-Mumbai-61
Ph. No. 022-26365663, M: 98332-84282
E-mail:- bsshaad@hotmail.com

2016

Published by Lokgeet Parkashan
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com
Ph. +91-172-4608699, 4608799,4027552

*© 2016*

*Produced and bound in India*

*All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without the publisher's prior written consent in any form of binding or cover other than that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means(electronic, mechanical, photocopying, recording or otherwise), without the prior written permission of both the copyright owner and the above-mentioned publisher of this book.*

# 1.

**ਚਿੱਠੀ ਆਈ ਹਰੇ ਰੰਗ ਦੀ,**
**ਵਿਚੋਂ ਮਹਿਕ ਸੱਜਣ ਦੀ ਆਏ।**

ਰਣਜੀਤ ਲਾਇਬਰੇਰੀ 'ਚ ਬੈਠਾ ਅਖ਼ਬਾਰ ਦੀਆਂ ਮੋਟੀਆਂ ਸੁਰਖੀਆਂ 'ਤੇ ਨਜ਼ਰ ਮਾਰ ਰਿਹਾ ਸੀ। ਉਸ ਦੇ ਬਰਾਬਰ ਕਿੰਨੀਆਂ ਹੀ ਕੁੜੀਆਂ ਮੇਜ਼ 'ਤੇ ਝੁਕੀਆਂ ਅਖ਼ਬਾਰ ਰਸਾਲੇ ਪੜ੍ਹਨ ਦਾ ਬਹਾਨਾ ਕਰ ਰਹੀਆਂ ਸਨ। ਰਣਜੀਤ ਇਕੱਲਾ ਮਰਦ ਸੀ ਜੋ ਇਸ ਜ਼ਨਾਨੇ ਕਾਲਜ ਵਿਚ ਅੰਗਰੇਜ਼ੀ ਦਾ ਪ੍ਰੋਫੈਸਰ ਸੀ। ਕੁੜੀਆਂ ਦੀਆਂ ਗੱਲਾਂ ਦਾ ਵਿਸ਼ਾ ਸੀ 'ਜਵਾਨੀ' ਕੁੜੀਆਂ ਬਹਾਨੇ ਭਾਲਦੀਆਂ 'ਸਰ' ਨਾਲ ਗੱਲੀਂ ਆ ਲੱਗਦੀਆਂ।

ਉਸ ਦੇ ਪਾਸੀਂ ਚਿੱਟੀ ਵਰਦੀ 'ਚ ਕੁੜੀਆਂ ਸਫੈਦ ਘੁੱਗੀਆਂ ਜਾਪਦੀਆਂ ਸਨ ਜੋ ਨਜ਼ਰਾਂ ਦਾ ਚੋਗਾ ਭਾਲ ਰਹੀਆਂ ਸਨ। "ਸਰ-ਤੁਹਾਡੀ ਚਿੱਠੀ।" ਕੰਵਲ ਨੇ ਚਿੱਠੀ ਦੇਂਦਿਆਂ ਨਜ਼ਰਾਂ ਰਾਹੀਂ ਵੀ ਕੁਛ ਕਿਹਾ।

ਰਣਜੀਤ ਨੇ ਜ਼ਰਾ ਕੁ ਉਸ ਦੀਆਂ ਝੀਲ ਨਜ਼ਰਾਂ 'ਚ ਤੱਕ ਕੇ ਚਿੱਠੀ ਫੜ ਲਈ।

ਕੰਵਲ ਦੇ ਚਿਹਰੇ 'ਤੇ ਅੱਲ੍ਹੜ ਜਵਾਨੀ ਦਾ ਨੂਰ ਸੀ। ਸੁਰਖ ਹੋਠਾਂ 'ਤੇ ਪਿਆਸ ਲਿਖੀ ਪਈ ਸੀ।

"ਸਰ-ਕਿਸੇ ਕੁੜੀ ਦੀ ਚਿੱਠੀ ਹੈ?" ਕੁੜੀ ਨੇ ਨਾਲ ਹੀ ਹਉਕਾ ਵੀ ਭਰਿਆ।

ਚੁੱਪ ਨਜ਼ਰਾਂ ਨਾਲ ਰਣਜੀਤ ਨੇ ਕੰਵਲ ਨੂੰ ਤੱਕਿਆ। ਕੰਵਲ ਦੀਆਂ ਗੱਲ੍ਹਾਂ 'ਚ ਟੋਏ ਪੈ ਗਏ ਸਨ।

"ਹਾਂ।" ਪਤਾ ਨਹੀਂ ਰਣਜੀਤ ਨੇ ਕਿਉਂ ਕਹਿ ਦਿੱਤਾ।

"ਕਿਸੇ ਸਹੇਲੀ ਦੀ?" ਕੰਵਲ ਨੇ ਬਰਾਬਰ ਤੋਂ ਆਪਣੀ ਖੱਬੀ ਛਾਤੀ ਰਣਜੀਤ ਨਾਲ ਦਬਾ ਕੇ ਉਸ ਦੇ ਕੰਨ 'ਚ ਪੁੱਛਿਆ।

ਰਣਜੀਤ ਕੰਵਲ ਵੱਲ ਦੋਸ਼ੀਆਂ ਵਾਂਗ ਝਾਕਿਆ।

ਕੰਵਲ ਨੇ ਹਉਕਾ ਭਰਿਆ ਜਦ ਰਣਜੀਤ ਉਠ ਕੇ ਬਾਹਰ ਤੁਰ ਗਿਆ। ਸ਼ਾਇਦ ਕੰਵਲ ਦੇ ਕਦਮ ਬੇ-ਬਸ ਹੋ ਗਏ ਸਨ।

"ਕੰਵਲ!" ਰਣਜੀਤ ਨੇ ਚਿੱਠੀ ਇਕੱਠੀ ਕਰਕੇ ਕਿਹਾ। ਉਸਦੇ ਚਿਹਰੇ ਤੇ ਘਬਰਾਹਟ ਦਾ ਪ੍ਰਛਾਵਾਂ ਸੀ।

"ਮੈਂ ਪਾਗਲ ਹੋ ਜਾਵਾਂਗੀ ਸਰ।" ਕੰਵਲ ਭੁੱਲ ਚੁੱਕੀ ਸੀ, ਅਣਗਿਣਤ ਕੁੜੀਆਂ ਚੋਰ-ਅੱਖੀਂ ਝਾਕਦੀਆਂ ਬਰਾਬਰੋਂ ਲੰਘ ਰਹੀਆਂ ਸਨ।

"ਪਾਗਲ ਨਾ ਬਣ-ਸੋਚ ਮੇਰੀ ਇਤਨੇ ਵੱਡੇ ਕਾਲਜ ਵਿਚ ਕੀ ਪੁਜ਼ੀਸ਼ਨ ਹੈ!"

ਰਣਜੀਤ ਕੰਵਲ ਦੀਆਂ ਅੱਖਾਂ 'ਚੋਂ ਕਿੰਨੇ ਹੀ ਮਹੀਨਿਆਂ ਤੋਂ ਸੰਦੇਸ਼ ਪੜ੍ਹ ਰਿਹਾ ਸੀ। ਹੋਠਾਂ 'ਤੇ ਲਿਖੀ ਤਰੇਹ ਦੇਖ ਰਿਹਾ ਸੀ ਪਰ ਉਸ ਦੀ ਕਾਲਜ ਵਿਚ ਇਤਨੀ ਇੱਜ਼ਤ ਸੀ ਕਿ ਉਹ ਧੁਰੋਂ ਕੰਬ ਜਾਂਦਾ ਸੀ।

ਕੰਵਲ ਦੀਆਂ ਅੱਖਾਂ 'ਚ ਉਮਡੇ ਹੰਝੂ ਚੁਪ ਵਟ ਗਏ। ਭਾਵ ਦੱਸਣ ਲਈ ਹਿਲੇ ਹੋਠ ਘਾਇਲ ਪੰਛੀ ਦੇ ਪਰਾਂ ਵਾਂਗ ਹਿਲ ਕੇ ਰਹਿ ਗਏ। ਕਲੇਜਾ ਕਿਸੇ ਛੁਰੀ ਨੇ ਚੀਰ ਦਿੱਤਾ ਸੀ। ਉਹ ਅੱਖਾਂ ਉਪਰ ਨੂੰ ਚੱਕ ਕੇ ਤੁਰ ਗਈ ਮਤਾਂ ਹੰਝੂ ਬੇ-ਕਦਰੇ ਬਣ ਡੁੱਲ੍ਹ ਜਾਣ।

ਰਣਜੀਤ ਦੇ ਅੰਦਰ ਹੜ੍ਹ ਝੁਲ ਪਿਆ। ਉਸ ਨੂੰ ਕਾਲਜ, ਇਹ ਸਮਾਜ ਬਿੰਦ ਦੀ ਬਿੰਦ ਤੁਛ ਜਾਪਿਆ-ਕੁੜੀ ਦੇ ਸਾਹ ਦੇ ਨਾਦ ਲਈ ਉਸ ਦੇ ਕੰਨ ਵਰ੍ਹਿਆਂ ਤੋਂ ਤਰਸਦੇ ਸੁੱਕ ਗਏ ਸਨ। ਇਹ ਇਕ ਭੁਲੀ ਵਿਸਰੀ ਜਿਹੀ ਯਾਦ ਜਾਪਣ ਲੱਗ ਪਿਆ-ਜਿਵੇਂ ਇਹ ਕੁਛ ਸੱਚੀ-ਮੁੱਚੀ ਹੋਣ ਵਾਲਾ ਨਹੀਂ।

ਜਿਵੇਂ ਉਹ ਕੰਵਲ ਦੇ ਪਿਛੇ ਪਿਛੇ ਤੁਰ ਪਿਆ ਪਰ ਕੋਈ ਜ਼ਿੰਮੇਦਾਰੀ ਉਸ ਦੇ ਕਦਮਾਂ ਨੂੰ ਸੰਗਲ ਮਾਰੀ ਬੈਠੀ ਸੀ।

ਉਸ ਦਾ ਦਿਲ ਇਤਨਾ ਬੋਝਲ ਹੋ ਗਿਆ ਕਿ ਉਹ ਅਗਲੇ ਪੀਰੀਅਡ ਨਾ ਲੈ ਸਕਿਆ। ਕਾਲਜ ਦੇ ਰੰਗੀਨ ਵਾਤਾਵਰਨ 'ਚੋਂ ਹੁਧਾਰ ਮਿਲੀ ਖ਼ੁਸ਼ੀ ਨਾਲ ਉਹ ਉਡਿਆ ਫਿਰਦਾ ਸੀ ਪਰ ਇਹ ਸਾਰਾ ਕੁਛ ਇਤਨਾ ਫਿਕਾ ਜਾਪਣ ਲੱਗਿਆ ਕਿ ਉਹ ਛਾਲ ਮਾਰ ਕੇ ਕਾਲਜ ਦੀ ਉਚੀ ਦੀਵਾਰ ਟੱਪ ਜਾਣਾ ਚਾਹੁੰਦਾ ਸੀ।

ਕੰਵਲ ਦੀ ਚਿੱਠੀ ਉਸਨੂੰ ਆਈ ਸੀ ਪਰ ਤਦ ਵੀ ਉਹ ਬੇ-ਮਤਲਬ ਰੈਕ ਪਾਸ ਪਹੁੰਚ ਗਿਆ। ਹੋਰ ਚਿੱਠੀ ਕੋਈ ਨਹੀਂ ਸੀ।

ਕਾਲਜ ਦੇ ਕੈਂਪਸ ਦਾ ਇਹ ਕੋਨਾ ਸੀ, ਸਾਹਮਣੇ ਰੰਗ-ਹੁਸਨ ਦਾ ਹੜ੍ਹ ਠਾਠਾਂ ਮਾਰ ਰਿਹਾ ਸੀ। ਜਵਾਨੀ ਹਰਨੋਟਿਆਂ ਵਾਂਗ ਕੁਦ ਰਹੀ ਸੀ। ਡਰੇ ਬੱਚੇ ਵਾਂਗ ਪੱਥਰ ਨਜ਼ਰਾਂ ਨਾਲ ਉਹ ਝਾਕ ਰਿਹਾ ਸੀ-ਸਮੁੰਦਰ ਦੇ ਕਿਨਾਰੇ ਵੀ ਉਸ ਦੇ ਬੁੱਲ੍ਹਾਂ 'ਤੇ ਵਿਲਕਦੀ ਮਰੀ ਪਿਆਸ ਦੀਆਂ ਪੇਪੜੀਆਂ ਜੰਮ ਗਈਆਂ ਸਨ।

ਉਸ ਦਾ ਦਿਲ ਕੀਤਾ ਕੰਵਲ ਨੂੰ ਬੁੱਕਲ 'ਚ ਲਵੇ। ਉਸ ਦੀਆਂ ਅੱਖਾਂ 'ਚ ਰੱਜ ਕੇ ਝਾਕੇ। ਉਸ ਦੇ ਹੋਠ ਚੁੰਮ ਚੁੰਮ ਉਸਦੇ ਅਰਮਾਨਾਂ ਦੀ ਤਰੇਹ ਬੁਝਾਵੇ।

ਕੰਵਲ ਕਿਤੋਂ ਵੀ ਮਿਲ ਨਹੀਂ ਰਹੀ ਸੀ। ਉਸ ਕੁੜੀਆਂ ਦੇ ਡਾਇਨਿੰਗ ਹਾਲ 'ਚ ਝਾਤੀ ਮਾਰੀ-ਪਾਗਲ ਰੂਹ ਦਾ ਟੇਬਲ ਖਾਲੀ। ਉਸ ਦੀ ਰੂਹ ਨੂੰ ਝੁਨਝੁਨੀ ਚੜ੍ਹੀ। ਉਹ ਕਸੀਸ ਵੱਟ ਕੇ ਕਾਲਜ ਤੋਂ ਬਾਹਰ ਆ ਗਿਆ।

ਕਮਰੇ 'ਚ ਘਾਇਲਾਂ ਵਾਂਗ ਪਲੰਘ 'ਤੇ ਡਿੱਗ ਪਿਆ। ਉਸ ਨੂੰ ਸੁਰਤ ਆਈ, ਜਦੋਂ ਨੌਕਰ ਰੋਟੀ ਲੈ ਕੇ ਆ ਗਿਆ।

"ਸਾਹਿਬ ਖਾਣਾ ਖਾ ਕੇ ਕਿਉਂ ਨਹੀਂ ਆਏ?"

"..........।"

"ਵਾਰਡਨ ਮਾਂ ਨੇ ਬੋਲਿਆ ਖਾਣਾ ਦੇ ਆਉ।" ਨੌਕਰ ਤੁਰ ਗਿਆ।

ਕਾਲਜ ਦੀ ਵਾਰਡਨ ਰਣਜੀਤ ਦਾ ਬਹੁਤ ਧਿਆਨ ਰੱਖਦੀ ਸੀ। ਰਣਜੀਤ ਨੂੰ ਮਹਿਸੂਸ ਹੋਇਆ, ਉਸ ਦੇ ਹੱਥ 'ਚ ਕੋਈ ਚਿੱਠੀ ਸੀ। ਉਸ ਨੇ ਚਿੱਠੀ ਪੜ੍ਹੀ ਹੀ ਨਹੀਂ ਸੀ। ਚਿੱਠੀ ਦੇ ਵਲ ਕੱਢ ਉਸ ਨੇ ਪੜ੍ਹਨਾ ਸ਼ੁਰੂ ਕੀਤਾ।

ਡੇਹਰਾਦੂਨ

ਪਿਆਰੇ ਰਣਜੀਤ,

ਪਿਆਰੇ ਕਹਿਣ ਦੀ ਆਗਿਆ ਜ਼ਰੂਰ ਨਹੀਂ ਲਈ। ਪਰ ਪਤਾ ਨਹੀਂ ਕਿਉਂ ਭਰੋਸਾ ਹੈ ਕਿ ਦਿਲ ਨਹੀਂ ਤੋੜੋਗੇ। ਮੈਨੂੰ ਹਫਤਾ ਭਰ ਛੁੱਟੀਆਂ ਹਨ। ਮੈਂ ਘਰ ਮਿਲਣ ਆ ਰਹੀ ਹਾਂ। ਮੈਨੂੰ ਬਠਿੰਡੇ ਸਟੇਸ਼ਨ 'ਤੇ ਢਾਈ ਵਜੇ ਮਿਲਣਾ। ਜੇਕਰ ਮਿਲਣ ਨਾ ਆਏ ਤਾਂ ਸਟੇਸ਼ਨ ਦੀ ਲਾਈਨ 'ਤੇ ਲਾਸ਼ ਮਿਲੇਗੀ।

ਤੁਹਾਡੀ ਬਣਨਾ ਚਾਹੁੰਦੀ,
ਸ਼ੀਤਲ

ਰਣਜੀਤ ਦੇ ਸਿਰ 'ਚ ਹਥੌੜਾ ਵੱਜਿਆ। ਉਸ ਨੇ ਘੜੀ ਤੱਕੀ। ਦਿਨ ਦਾ ਇਕ ਵੱਜਣ ਵਾਲਾ ਸੀ। ਉਸ ਕਮਰੇ ਨੂੰ ਤਾਲਾ ਲਾਇਆ ਤੇ ਪਾਗਲਾਂ ਵਾਂਗ ਦੌੜਦਾ ਬਸ ਦੇ ਅੱਡੇ 'ਤੇ ਪਹੁੰਚ ਗਿਆ। ਬਠਿੰਡਾ ਸ਼ਹਿਰ ਪੂਰਾ ਪੈਂਤੀ ਮੀਲ ਦੂਰ ਸੀ। ਅੱਡੇ 'ਤੇ ਪੁੱਜਦਿਆਂ ਹੀ ਉਸ ਨੂੰ ਅੰਮ੍ਰਿਤਸਰ ਤੋਂ ਆਉਣ ਵਾਲੀ 'ਨਾ-ਰੁਕਣੀ' ਬਸ ਮਿਲ ਗਈ।

ਬਸ ਅੱਡੇ ਛੱਡਦੀ ਹਵਾ ਨੂੰ ਗੰਢਾਂ ਦੇਂਦੀ ਜਾ ਰਹੀ ਸੀ ਪਰ ਰਣਜੀਤ ਦਾ ਮਨ ਕਿਤੇ ਵੱਧ ਕਾਹਲਾ ਸੀ। ਘੜੀ ਦੀ ਸੂਈ ਵੀ ਕਾਹਲੀ ਸੀ। ਉਹ ਸਟੇਸ਼ਨ 'ਤੇ ਸਵਾ ਦੋ ਵਜੇ ਪਹੁੰਚ ਗਿਆ।

ਗੱਡੀ ਦਾ ਸਿਗਨਲ ਹੋ ਗਿਆ ਸੀ। ਰਣਜੀਤ ਦੀਆਂ ਅੱਖਾਂ ਅੱਗੇ ਦਿਨੇ ਹੀ ਭੰਬੂ ਤਾਰੇ ਨੱਚ ਰਹੇ ਸਨ।

ਸਰਦੀ ਦੇ ਮੌਸਮ 'ਚ ਹੀ ਉਸ ਦਾ ਸਰੀਰ ਮੁੜ੍ਹਕੇ ਨਾਲ ਤਰ ਹੋ ਰਿਹਾ ਸੀ। ਸੂਈ ਮਿੰਟ ਟੱਪਦੀ ਸੀ ਉਸ ਦੀਆਂ ਮੁੜ੍ਹਕੇ ਦੀਆਂ ਬੂੰਦਾਂ ਵੱਧ ਰਹੀਆਂ ਸਨ। ਦਿਲ ਕਾਹਲਾ-ਟੱਕ-ਟੱਕ-ਧੱਕ-ਧੱਕ ਕਰ ਰਿਹਾ ਸੀ। ਕਿਸੇ ਕਿਸੇ ਵਕਤ ਉਸ ਦਾ ਸਾਹ ਛਾਤੀ 'ਚ ਰੁਕਦਾ ਸੀ ਜਿਵੇਂ ਉਹ ਲਾਸ਼ ਦੀ ਲਾਸ਼ ਧਰਤੀ 'ਤੇ ਡਿੱਗ ਪਏਗਾ।

ਗੱਡੀ ਆ ਚੁੱਕੀ ਸੀ। ਸਵਾਰੀਆਂ ਜਾ ਚੁੱਕੀਆਂ ਸਨ। ਭਮੱਤਰੀਆਂ ਨਜ਼ਰਾਂ 'ਚ ਬਦਾਮੀ ਸ਼ੀਤਲ ਬਦਾਮੀ ਸੂਟ ਨਾਲ ਰਲੀ ਅਨੋਖਾ ਮੁਸਕਰਾ ਰਹੀ ਸੀ। ਰਣਜੀਤ ਦੇ ਸਾਹਮਣੇ ਡੱਬੇ ਦੇ ਦਰ 'ਤੇ ਸ਼ੀਤਲ ਇਕੱਲੀ ਸੱਤਰੰਗੀ ਪੀਂਘ ਬਣੀ ਖੜ੍ਹੀ ਸੀ।

ਉਹ ਕਿੰਨਾ ਚਿਰ ਚੁਪ ਨਜ਼ਰਾਂ ਨਾਲ ਇਕ ਦੂਜੇ ਨੂੰ ਤਕਦੇ ਰਹੇ ਸਨ-ਉਨ੍ਹਾਂ ਨੂੰ ਉਕੀ ਸੁਧ ਨਹੀਂ ਸੀ। ਗੱਡੀ ਅੱਗੇ ਤੁਰਨ ਲਈ ਤਿਆਰ ਸੀ-ਸ਼ੀਤਲ ਦਾ ਸਟੇਸ਼ਨ 20 ਮੀਲ ਅੱਗੇ ਸੀ।

"ਮੈਂ ਤਾਂ ਚਾਹ ਵੀ ਨਹੀਂ ਪੁੱਛੀ?" ਰਣਜੀਤ ਚੌਂਕਿਆ।

"ਮੈਨੂੰ ਸਭ ਕੁਛ ਮਿਲ ਗਿਆ" ਬੋਲ ਨਜ਼ਰਾਂ ਰਹੀਆਂ ਸਨ ਪਰ ਪੱਤੀਆਂ ਵਰਗੇ ਕੂਲੇ ਹੋਂਠ ਫਰਕ ਗਏ ਸਨ।

ਚਾਹ ਦੀਆਂ ਚਾਰ ਘੁੱਟਾਂ ਭਰ ਲਈਆਂ ਸਨ। ਗੱਡੀ ਨੇ ਸੀਟੀ ਮਾਰ ਦਿੱਤੀ ਸੀ। ਰਣਜੀਤ ਨੇ ਸੰਗਤਰਿਆਂ ਵਾਲਾ ਲਿਫਾਫਾ ਸ਼ੀਤਲ ਦੇ ਬਰਾਬਰ ਰੱਖਦਿਆਂ ਕਿਹਾ, "ਅੱਛਾ ਸ਼ੀਤਲ।"

"ਕਿਉਂ?" ਸ਼ੀਤਲ ਦੀ ਚੀਕ ਨਿਕਲ ਗਈ ਸੀ।

"ਗੱਡੀ ਤੁਰ ਰਹੀ ਹੈ।"

"ਤਦ ਕੀ ਹੋਇਆ, ਨਾਲ ਚਲੋ ਨਾ-ਅਸੀਂ ਗੱਲਾਂ ਤਾਂ ਕੀਤੀਆਂ ਹੀ ਨਹੀਂ।" ਰਣਜੀਤ ਨੂੰ ਵੀ ਯਾਦ ਆਇਆ। ਉਹ ਦੁਚਿੱਤੀ 'ਚ ਤੁਰਦੀ ਗੱਡੀ 'ਚ ਚੜ੍ਹਨ ਲੱਗਿਆ ਸੀ ਕਿ ਸ਼ੀਤਲ ਨੇ ਉਹਨੂੰ ਫੜ ਕੇ ਖਿੱਚ ਲਿਆ-ਸਿਲਕੀ ਕਪੜਿਆਂ 'ਚ ਸ਼ੀਤਲ ਨੇ ਰੇਸ਼ਮ ਲੁਕੋ ਰੱਖਿਆ ਸੀ। ਗੁਲਾਬ ਦੀਆਂ ਪੱਤੀਆਂ ਵਾਂਗੂ ਕੂਲੀ ਸ਼ੀਤਲ ਦੀ ਛੋਹ ਨੇ ਰਣਜੀਤ ਦੀ ਨਸ ਨਸ 'ਚ ਅਜੀਬ ਹਰਕਤ ਪੈਦਾ ਕਰ ਦਿੱਤੀ। ਉਸ ਨੂੰ ਇਸ ਛੋਹ 'ਚ ਜ਼ਿੰਦਗੀ ਦਾ ਰਾਜ਼ ਛੁਪਿਆ ਜਾਪਿਆ-ਉਸਦੀ ਵੈਰਾਨ ਜ਼ਿੰਦਗੀ ਇਸ ਛੋਹ ਲਈ ਹਾਬੜੀ ਸੀ-ਰੋਹੀ ਦੀ ਪਿਆਸੀ ਵੇਲ ਵਾਂਗ ਸੁੱਕ ਰਹੀ ਸੀ-ਮਰਦੀ ਰੂਹ ਨੇ ਜਨਮ ਲਿਆ। ਉਸ ਨੂੰ ਤਾਜ਼ਾ ਸਰੂਰ ਅਨੁਭਵ ਹੋਇਆ। ਖ਼ੂਨ 'ਚ ਜ਼ਿੰਦਗੀ ਧੜਕੀ।

'ਮੇਰੇ ਰਣਜੀਤ' ਸੁਆਦ ਸੁਆਦ ਜਵਾਨੀ-ਸ਼ੀਤਲ ਰਣਜੀਤ ਦੇ ਗਲ ਲੱਗੀ ਜਜ਼ਬਾਤਾਂ ਨਾਲ ਟੁੱਟਦੇ ਸਾਹਾਂ ਵਿਚ ਦੀ ਕੁਛ ਲੁਕੋ ਪ੍ਰਗਟ ਕਰ ਰਹੀ ਸੀ। ਸ਼ੀਤਲ ਦੀ ਕਹਾਣੀ ਇਕ ਸਾਲ ਪੁਰਾਣੀ ਸੀ। ਉਹ ਕਾਲਜ ਛੱਡ ਰਹੀ ਸੀ, ਜਦ ਰਣਜੀਤ ਉਸ ਦੇ ਕਾਲਜ ਦਾ ਪ੍ਰੋਫੈਸਰ ਬਣ ਰਿਹਾ ਸੀ। ਕਿਸੇ ਮੋੜ 'ਤੇ ਉਹ ਇਸ ਅੰਦਾਜ਼ ਨਾਲ ਮਿਲੇ ਸਨ ਕਿ ਸ਼ੀਤਲ ਕਸੀਸ ਵੱਟ ਕੇ ਰਹਿ ਗਈ। ਰਣਜੀਤ ਨੇ ਇਕ ਸਿੱਕ ਨੂੰ ਮਾਰ ਲਿਆ ਸੀ ਉਸ ਦੇ ਭਾਗਾਂ 'ਚ ਸਤਰੰਗੀ ਪੀਂਘ ਦਾ ਚੜ੍ਹਨਾ ਨਹੀਂ ਲਿਖਿਆ ਸੀ। ਸ਼ੀਤਲ ਹਰ ਮਹੀਨੇ ਕਾਲਜ ਆਉਂਦੀ ਰਹਿੰਦੀ ਸੀ। ਉਸ ਡੇਹਰਾਦੂਨ ਐਮ.ਏ. ਅੰਗਰੇਜ਼ੀ ਜੁਆਇਨ ਕਰ ਲਈ ਸੀ, ਪਰ ਉਹ ਤਦ ਵੀ ਕਾਲਜ ਆਉਂਦੀ ਸੀ।

"ਮੈਨੂੰ ਕਾਲਜ ਨਾਲ ਨਹੀਂ ਤੁਹਾਡੇ ਨਾਲ ਦਿਲਚਸਪੀ ਹੈ ਸਰ।" ਇਕ ਵਾਰ ਸ਼ੀਤਲ ਨੇ ਕਹਿ ਦਿੱਤਾ ਸੀ,"ਮੇਰਾ ਆਉਣਾ ਪਸੰਦ ਨਹੀਂ?" ਭੋਲੀ ਕੁੜਿੱਤਨ ਉਸ ਦੇ ਮੁੱਖ 'ਤੇ ਘੁਲ ਗਈ।

"ਬਹੁਤ ਪਸੰਦ ਹੈ।" ਰਣਜੀਤ ਕਹਿ ਗਿਆ ਸੀ।

"ਜਦ ਮੈਂ ਅੱਖਾਂ ਤੋਂ ਓਹਲੇ ਹੁੰਦੀ ਹਾਂ ਮਨ ਤੋਂ ਓਹਲੇ ਤਾਂ ਨਹੀਂ ਹੁੰਦੀ?" ਸ਼ੀਤਲ ਲੜਕਿਆਂ ਵਾਂਗ ਪੁੱਛ ਰਹੀ ਸੀ। ਅਸਲ 'ਚ ਰਣਜੀਤ ਜ਼ਨਾਨੇ ਕਾਲਜ ਵਿਚ ਜ਼ਨਾਨੀ ਬਣ ਗਿਆ ਸੀ ਜਦ ਕਿ ਉਹ ਸੀ ਲੜਕਾ। ਉਸਨੂੰ ਕਾਲਜ ਵਿਚ ਇਤਨਾ ਖਾਮੋਸ਼ ਰਹਿਣਾ ਪੈਂਦਾ ਸੀ ਕਿ ਸ਼ੀਤਲ ਨੂੰ ਹੀ ਪਹਿਲ ਕਰਨੀ ਪੈ ਰਹੀ ਸੀ।

ਸਚਾਈ ਵੀ ਇਹ ਹੈ ਕਿ ਕੁੜੀਆਂ ਦੇ ਕਾਲਜ ਵਿਚ ਕੁੜੀਆਂ ਮਰਦ ਵਾਂਗ ਪਹਿਲ ਕਰਦੀਆਂ ਸਨ।

"ਮਨ 'ਚ ਵਸ ਚੁੱਕੀ ਚੀਜ਼ ਕਦੇ ਭੁਲਦੀ ਨਹੀਂ" ਪਤਾ ਨਹੀਂ ਰਣਜੀਤ ਕਿਸ ਤਰ੍ਹਾਂ ਕਹਿ ਗਿਆ। ਸ਼ੀਤਲ ਖ਼ੁਸ਼ੀ ਦੇ ਖੰਭਾਂ ਤੇ ਚੜ੍ਹ ਉਡ ਗਈ।

ਰਣਜੀਤ ਨੂੰ ਪਛਤਾਵਾ ਸ਼ੁਰੂ ਹੋ ਗਿਆ-ਉਸ ਮਨ ਕਿਉਂ ਦੱਸਿਆ-ਉਸ ਦਾ ਭਾਗ ਹੈ ਕਿ ਮਨ 'ਚ ਹੀ ਸਾਰਾ ਕੁਛ ਚਾਹ ਸਕਦਾ ਹੈ। ਉਸ ਦਾ ਤਾਂ ਪ੍ਰਛਾਵਾਂ ਵੀ ਵੈਰੀ ਹੈ। ਉਹ ਸਰਾਪੀ ਰੂਹ ਸੀ। ਰੰਗੀਨ ਦੁਨੀਆ ਦਰਵੇਸ਼ ਲਈ ਦੋਜ਼ਖ ਸੀ। ਰਣਜੀਤ ਨੂੰ ਲੱਗਿਆ ਉਸ ਨੇ ਘੋਰ ਪਾਪ ਕੀਤਾ ਹੈ।

ਪਰ ਸ਼ੀਤਲ ਆਉਂਦੀ ਰਹਿੰਦੀ ਜਾਂ ਉਸ ਦੀ ਚਿੱਠੀ। ਉਹ ਜਾਨ ਲੁਕਾਂਦਾ ਰਹਿੰਦਾ ਸੀ। ਕਦੇ ਚਿੱਠੀ ਦਾ ਜਵਾਬ ਨਹੀਂ ਦੇਂਦਾ ਸੀ।

ਰੂਹ ਉਪਰੋਂ ਸਰੀਰ ਲਾਹਣ ਵਾਂਗ, ਰਣਜੀਤ ਨੇ ਆਪਾ ਧੂ ਕੇ ਗੱਡੀ ਦੇ ਇਕ ਕੋਨੇ 'ਚ ਸੁੱਟ ਲਿਆ, ਉਹ ਬੇ-ਸਾਹ ਹੋ ਗਿਆ ਸੀ।

ਸ਼ੀਤਲ ਵੀ ਨਸ਼ਈ ਹੋ ਗਈ। ਜਵਾਨ ਅੱਖਾਂ 'ਚ ਸੁਰਖ ਡੋਰੇ ਲਟਕ ਗਏ-ਅੱਸੂ ਦੇ ਅਸਮਾਨ 'ਚ ਡੁਬਦੇ ਸੂਰਜ ਦੇ ਰੰਗੇ ਬੱਦਲਾਂ ਵਾਂਗ-ਉਸ ਦੇ ਪਿਆਸੇ ਹੋਂਠ ਸੁਰਖ਼ ਸਵੇਰ ਵਾਂਗ ਤਾਜ਼ਾ ਸਨ।

ਗੱਡੀ ਤੁਰਦੀ ਰੁਕ ਗਈ ਸੀ। ਦੋ ਸਵਾਰੀਆਂ ਚੜ੍ਹੀਆਂ ਸਨ। ਆਹਮਣੇ ਸਾਹਮਣੇ ਬੈਠੇ ਕੁੜੀ ਮੁੰਡੇ ਵੱਲ ਉਹ ਗਹੁ ਨਾਲ ਝਾਕਿਆ। ਮੂਰਤ ਵਰਗੀ ਕੁੜੀ ਵੱਲ ਤੱਕ ਕੇ ਇਕ ਨੇ ਮੁੰਡੇ ਦੇ ਭਾਗ ਨਿਰਖੇ-ਉਸ ਦੀਆਂ ਅੱਖਾਂ ਮੁਸਕਰਾਈਆਂ।

"ਤੇਰੀਆਂ ਅੱਖਾਂ ਗਲਤ ਪੜ੍ਹ ਗਈਆਂ।" ਰਣਜੀਤ ਦਾ ਮਨ ਬੋਲਿਆ।

ਸਮਾਂ ਦੇਖ ਕੇ ਰਣਜੀਤ ਨੇ ਇਧਰ ਉਧਰ ਦੀਆਂ ਗੱਲਾਂ ਸ਼ੁਰੂ ਕੀਤੀਆਂ। ਪੜ੍ਹਾਈ ਦਾ ਕੀ ਹਾਲ ਹੈ? ਦੇਹਰਾਦੂਨ ਦੀ ਸਰਦੀ ਦਾ ਕੀ ਹਾਲ ਹੈ? ਕਿੰਨੀਆਂ ਛੁੱਟੀਆਂ ਹਨ? ਕਦੋਂ ਵਾਪਿਸ ਆਉਣਾ ਹੈ?

"ਦੇਹਰਾਦੂਨ ਛੱਡਣ ਚਲੋਗੇ?"

"ਘਰ ਵਾਲੇ।"

"ਤੁਸੀਂ ਹਾਂ ਕਹੋ।"

"ਗਲਤੀ ਨਾ ਕਰ।"

"ਕਿਉਂ?" ਸ਼ੀਤਲ ਚੌਂਕ ਗਈ ਸੀ।

ਗੱਡੀ ਨੇ ਥੂਰਾਂ ਵਾਲੀ ਵਾਟ ਵੱਢ ਲਈ ਸੀ ਤੇ ਜੰਗਲਾਤ ਮਹਿਕਮੇ ਦੀਆਂ ਟਾਹਲੀਆਂ ਦੀਆਂ ਸੁੱਕੀਆਂ ਟਾਹਣੀਆਂ ਨਾਲ ਗੱਲਾਂ ਕਰਦੀ ਅੱਗੇ ਵਧ ਰਹੀ ਸੀ।

"ਸ਼ੀਤਲ ਮੇਰੀ ਕਿਸਮਤ ਇਤਨੀ ਚੰਗੀ ਨਹੀਂ ਹੋ ਸਕਦੀ।"

ਰਣਜੀਤ ਨੇ ਕੌੜੀ ਜਿਹੀ ਗੱਲ ਕਹੀ।

"ਕਿਉਂ ਨਹੀਂ ਹੋ ਸਕਦੀ?"

"ਹਾਂ ਇਨ੍ਹਾਂ ਸੁਹਾਵਣੇ ਪਲਾਂ 'ਚ ਮੇਰੇ ਲਈ ਹਉਕੇ ਲੁਕੇ ਹਨ।"

"ਕਿਸ ਤਰ੍ਹਾਂ ਦੀਆਂ ਗੱਲ ਕਰਨ ਲੱਗ ਪਏ।"

"ਸੱਚ ਕਹਿ ਰਿਹਾ ਹਾਂ।"

"ਮੈਨੂੰ ਚਲਦੀ ਗੱਡੀ 'ਚੋਂ ਬਾਹਰ ਧੱਕਾ ਦੇ ਛਡੋ।" ਸ਼ੀਤਲ ਡੁਸਕੀ। ਉਸ ਦੀਆਂ ਅੱਖਾਂ 'ਚ ਹੰਝੂ ਛਲਕ ਪਏ ਸਨ।

ਇਕ ਜ਼ੋਰਦਾਰ ਝਟਕਾ ਲੱਗਿਆ। ਅਸਮਾਨ ਫਟਣ ਵਾਂਗ ਖੜਕਾ, ਗੱਡੀ ਡੋਲੀ। ਚੀਕਾਂ ਜਿਹੀਆਂ ਉਠੀਆਂ। ਗੱਡੀ ਨਾਲ ਟਕਰਾ ਟਕਰਾ ਕੇ ਕੁਛ ਇੱਟਾਂ ਤੇ ਫੱਟੀਆਂ ਬਰੀਕ ਹੋ ਹੋ ਕੇ ਦੂਰ ਡਿੱਗ ਰਹੀਆਂ ਸਨ। ਉਹ ਤਿਆਰ ਹੋ ਗਏ ਉਨ੍ਹਾਂ ਵਾਲਾ ਡੱਬਾ ਵੀ ਪਟੜੀ ਤੋਂ ਲੱਥ ਕੇ ਫੀਤਾ ਫੀਤਾ ਹੋ ਜਾਵੇਗਾ। ਡਰ ਨਾਲ ਸਹਿਮੀ ਸ਼ੀਤਲ ਰਣਜੀਤ ਦੇ ਅੰਦਰ ਹੀ ਅੰਦਰ ਲੁਕਦੀ ਲੱਗਦੀ ਸੀ। "ਅੱਜ ਮੌਤ ਤੇ ਕੋਈ ਸ਼ਿਕਵਾ ਨਹੀਂ ਹੋਵੇਗਾ।" ਸ਼ੀਤਲ ਕਹਿ ਰਹੀ ਸੀ।

ਗੱਡੀ ਖੜ੍ਹੀ ਹੋ ਚੁੱਕੀ ਸੀ।

ਅਸਵਾਰੀਆਂ ਕੀੜਿਆਂ ਵਾਂਗ ਗੱਡੀ 'ਚੋਂ ਬਾਹਰ ਨਿਕਲ ਆਈਆਂ ਸਨ। ਸਾਰਿਆਂ ਦੇ ਚਿਹਰੇ 'ਤੇ ਡਰ ਸੀ। ਇਕ ਦੂਜੇ ਤੋਂ "ਕੀ ਹੋਇਆ ?" ਪੁੱਛ ਰਹੀਆਂ ਸਨ।

ਕੋਈ ਟਰੱਕ ਇੱਟਾਂ ਨਾਲ ਭਰਿਆ ਫਾਟਕ ਪਾਰ ਕਰ ਰਿਹਾ ਸੀ। ਫਾਟਕ 'ਤੇ ਕੋਈ ਸੰਗਲ ਸੀ ਨਾ ਰੇਲਵੇ ਦਾ ਕੋਈ ਬੰਦਾ। ਹਵਾ ਨਾਲ ਧੂੜ ਉਡੀ ਸੀ ਕਿ ਧੂੜ 'ਚੋਂ ਗੱਡੀ ਨਿਕਲ ਆਈ। ਟਰੱਕ ਦਾ ਅਗਲਾ ਹਿਸਾ ਵਖਰਾ ਕੱਟਿਆ ਗਿਆ ਸੀ। ਬਾਡੀ ਫੀਤਾ ਫੀਤਾ ਹੋ ਖੰਭਾਂ ਵਾਂਗ ਅਸਮਾਨ 'ਚ ਉਡ ਗਈ। ਰੱਬ ਦਾ ਸ਼ੁਕਰ ਟਰੱਕ ਦਾ ਗਾਡਰ ਗੱਡੀ ਦੀ ਪਟੜੀ 'ਤੇ ਨਹੀਂ ਚੜ੍ਹਿਆ, ਨਹੀਂ ਤਾਂ ਤੇਜ਼ ਗੱਡੀ ਦਾ ਹਰ ਡੱਬਾ ਖੰਭਾਂ ਹੀ ਅਸਮਾਨ 'ਚ ਉਡ ਜਾਣਾ ਸੀ। ਜ਼ੋਰ ਨਾਲ ਵੈਕਮ ਮਾਰਨ ਨਾਲ ਗੱਡੀ ਦਾ ਇੰਜਨ ਫੇਹਲ ਹੋ ਗਿਆ ਸੀ। ਅੱਗੇ ਹੁੰਦਾ ਸੀ ਨਾ ਪਿਛੇ।

ਟਰੱਕ ਦੇ ਦੋਹਾਂ ਡਰਾਈਵਰਾਂ ਨੂੰ ਸਖ਼ਤ ਚੋਟਾਂ ਆਈਆਂ ਸਨ। ਪਾਸੇ ਸੜਕ ਤੋਂ ਤੁਰੰਤ ਹੀ ਜੀਪ ਪਹੁੰਚ ਗਈ ਤੇ ਜ਼ਖ਼ਮੀਆਂ ਨੂੰ ਸ਼ਹਿਰ ਲੈ ਗਈ।

ਸ਼ੀਤਲ ਦਾ ਕਾਂਬਾ ਬਰਾਬਰ ਚੱਲ ਰਿਹਾ ਸੀ। ਡਰ ਨਾਲ ਕੁਠੀ ਉਹ ਬਰਾਬਰ ਰਣਜੀਤ ਦੀ ਬੁਕਲ 'ਚ ਵੜ ਰਹੀ ਸੀ।

ਪਰ ਰਣਜੀਤ ਨੂੰ ਕੋਈ ਡਰ ਨਹੀਂ ਲੱਗਿਆ ਸੀ। ਜਿਵੇਂ ਉਸ ਨੂੰ ਪਹਿਲਾਂ ਹੀ ਇਸ ਘਟਨਾ ਦੀ ਸੰਭਾਵਨਾ ਸੀ।

"ਰੱਬ ਨੇ ਬਚਾ ਲਿਆ।"

"ਪਰ ਸਾਨੂੰ ਸਬਕ ਸਿੱਖਣਾ ਚਾਹੀਦਾ ਹੈ।" ਰਣਜੀਤ ਨੇ ਸੰਜੀਦਗੀ ਨਾਲ ਕਿਹਾ।

"ਹਾਂ ਸ਼ੀਤਲ। ਸਾਡਾ ਇਹ ਪਹਿਲਾ ਮਿਲਨ ਹੈ-ਦੁਰਘਟਨਾ ਇਹ ਇਕ ਹਲਕਾ ਨੋਕ ਸੀ ਜਿਹੜੀ ਸਾਡੀ ਕਿਸਮਤ ਨੇ ਸਾਨੂੰ ਦਿੱਤਾ ਸੀ।

"ਮੈਨੂੰ ਇਨ੍ਹਾਂ ਗੱਲਾਂ ਦੀ ਕੋਈ ਪਰਵਾਹ ਨਹੀਂ-ਰਣਜੀਤ ਮੇਰਾ ਦਿਲ ਨਾ ਤੋੜੋ।" ਸ਼ੀਤਲ ਜਿਵੇਂ ਵਿਲਕ ਉਠੀ ਸੀ।

ਰਣਜੀਤ ਚੁਪ ਵੱਟ ਗਿਆ।

ਕਿੰਨਾ ਹੀ ਸਮਾਂ ਬੀਤ ਗਿਆ। ਗੱਡੀ ਅੱਗੇ ਜਾ ਰਹੀ ਸੀ ਨਾ ਪਿੱਛੇ ਹਟ ਰਹੀ ਸੀ। ਪਤਾ ਲੱਗਿਆ ਬਠਿੰਡੇ ਸ਼ੈਡ ਵਿਚ ਇੰਜਨ ਨਹੀਂ ਸੀ ਫ਼ਿਰੋਜ਼ਪੁਰ ਤੋਂ ਮੰਗਵਾਇਆ ਸੀ। ਇੰਜਨ ਢਾਈ ਘੰਟਿਆਂ 'ਚ ਪੁੱਜ ਸਕਦਾ ਸੀ।

ਸੂਰਜ ਨਿੱਘਰ ਰਿਹਾ ਸੀ। ਸੁਰਖੀ ਮਰਦੀ ਜਾ ਰਹੀ ਸੀ।

"ਸਾਹਮਣੇ ਸੜਕ ਹੈ-ਕੋਈ ਬਸ ਮਿਲ ਜਾਏਗੀ।" ਰਣਜੀਤ ਨੇ ਕਿਹਾ।

"ਪਰ ਸੜਕ ਤਾਂ ਸਾਡੇ ਸ਼ਹਿਰ ਨਹੀਂ ਜਾਂਦੀ।"

"ਗੱਡੀ ਤਾਂ ਰਾਤ ਦੇ ਅੱਠ ਵਜੇ ਪਹੁੰਚੇਗੀ।"

"ਸਾਡੇ ਆੜ੍ਹਤੀਆਂ ਦੀ ਕਾਰ ਲੈ ਕੇ ਪਿੰਡ ਪਹੁੰਚ ਜਾਵਾਂਗੇ।"

"ਪਰ ਮੈਂ ਨਾਲ ਪਿੰਡ ਨਹੀਂ ਜਾਵਾਂਗਾ।"

"ਕਿਉਂ ?"

"ਹਾਂ-ਮੈਂ ਸਟੇਸ਼ਨ ਤਕ ਸਾਥ ਦੇ ਸਕਦਾ ਹਾਂ।"

"ਫੇਰ ਇਕੱਲੀ ਨੂੰ ਛੱਡ ਕੇ ਤੁਰ ਜਾਉਂਗੇ-ਘਰ ਵਾਲੇ ਨਾਰਾਜ਼ ਹੋਣਗੇ।"

"ਨਾਲ ਜਾਵਾਂਗੇ ਤਾਂ ਵੱਧ ਨਾਰਾਜ਼ ਹੋਣਗੇ।"

"ਕੋਈ ਪ੍ਰਵਾਹ ਨਹੀਂ।"

"ਪਰ ਮੈਨੂੰ ਹੈ।"

"ਡਰਦੇ ਹੋ ?"

"ਨਹੀਂ ਮੈਂ ਸਾਹਮਣੇ ਜਾਣ ਦਾ ਹੌਸਲਾ ਨਹੀਂ ਕਰ ਸਕਦਾ।"

"............"

"ਤੈਨੂੰ ਇਕੱਲਿਆਂ ਕੀ ਡਰ ਹੈ ? ਦੱਸ ਦੇਣਾ ਐਕਸੀਡੈਂਟ।"

"ਉਹ ਕਹਿਣਗੇ ਬਠਿੰਡੇ ਮੁੜ ਜਾਣਾ ਸੀ-ਉਥੇ ਤਾਇਆ ਜੀ ਰਹਿੰਦੇ ਹਨ।"

"ਤਾਂ ਚਲੋ ਬਠਿੰਡੇ ਚਲਦੇ ਹਾਂ।"

"ਹਾਂ ਠੀਕ ਹੈ।" ਸ਼ੀਤਲ ਖ਼ੁਸ਼ ਹੋ ਗਈ।

ਪਰ ਗੱਡੀ ਥਾਂ ਹੀ ਖੜ੍ਹੀ ਸੀ। ਰਾਤ ਪਈ ਤੋਂ ਇੰਜਨ ਨੇ ਗੱਡੀ ਨੂੰ ਪਿਛਲੇ ਸਟੇਸ਼ਨ ਵਲ ਹੌਲੀ ਹੌਲੀ ਖਿਚਣਾ ਸ਼ੁਰੂ ਕੀਤਾ। ਪੇਂਡੂ ਸਟੇਸ਼ਨ ਦਾ ਨਿੱਕਾ ਜਿਹਾ ਡੱਬਾ-ਸਟੇਸ਼ਨ ਹਨੇਰੇ 'ਚ ਡੁਬਿਆ ਖੜ੍ਹਾ ਸੀ।

ਰਣਜੀਤ ਨੇ ਬੰਦ ਦੂਜੇ ਦਰਜੇ ਦਾ ਉਡੀਕ ਘਰ ਖੁਲ੍ਹਵਾਇਆ। ਸ਼ੀਤਲ ਕਾਲੇ ਕੋਟ 'ਚ ਲੁਕ ਹਨੇਰੇ ਦੀ ਕੁਰਸੀ 'ਤੇ ਸਜ ਗਈ। ਉਸ ਦਾ ਮੁੱਖ ਹਨੇਰੇ 'ਚ ਗੈਸ ਵਾਂਗ ਦਗ ਰਿਹਾ ਸੀ।

ਸਮਾਂ ਬਹੁਤ ਹੋ ਗਿਆ ਸੀ। ਰਣਜੀਤ ਨੇ ਕੁਛ ਖਾਣ ਦਾ ਪ੍ਰਬੰਧ ਕਰਨਾ ਚਾਹਿਆ।

"ਮੇਰੇ ਪਾਸ ਰਹੋ-ਹੋਰ ਮੈਨੂੰ ਕੁਛ ਨਹੀਂ ਚਾਹੀਦਾ।" ਹਨੇਰੇ 'ਚ ਸ਼ੀਤਲ ਨੇ ਰੱਜ ਕੇ ਗਲਵਕੜੀ ਪਾਈ। ਉਸ ਦੇ ਅੰਗ ਅੰਗ 'ਚ ਹਨੇਰੇ ਤੇ ਇਕੱਲ ਨੇ ਉਤੇਜਨਾ ਜਗਾ ਦਿੱਤੀ ਸੀ। ਰਣਜੀਤ ਸ਼ੀਤਲ ਇਕ ਦੂਜੇ ਨੂੰ ਚੁੰਮਦੇ ਘੁਟਦੇ ਸਿਥਲ ਹੋ ਗਏ। ਪਤਾ ਨਹੀਂ ਕਿਸ ਸਮੇਂ ਉਹ ਪਲੰਘ 'ਤੇ ਡਿਗ ਪਏ ਸਨ।

ਰਣਜੀਤ ਉਠ ਕੇ ਬਾਹਰ ਗਿਆ। ਗੱਡੀ ਖਰਾਬ ਇੰਜਨ ਨੂੰ ਪਾਸ ਕਰਕੇ ਜਾ ਚੁੱਕੀ ਸੀ। ਬਠਿੰਡੇ ਨੂੰ ਜਾਣ ਵਾਲੀ ਗੱਡੀ 'ਚ ਥੋੜ੍ਹਾ ਸਮਾਂ ਸੀ। ਹਨੇਰੇ 'ਚ ਸਟੇਸ਼ਨ ਦੇ ਸ਼ੀਸ਼ਿਆਂ 'ਚ ਲਕੋਏ ਜਗਦੇ ਲੈਂਪ ਨਿਸ਼ਾਨੀਆਂ ਪਾ ਰਹੇ ਸਨ। ਥੋੜ੍ਹਾ ਪਿੱਛੇ ਇਕ ਦੁਕਾਨ ਸੀ। ਰਣਜੀਤ ਨੇ ਦੁਕਾਨ ਤੋਂ ਦੁੱਧ ਲਿਆ।

"ਸ਼ੀਤਲ ਥੋੜ੍ਹਾ ਦੁੱਧ ਪੀ।"

"ਤੁਸੀਂ ਪੀ ਲਉ।"

"ਨਹੀਂ।"

"ਮੈਨੂੰ ਅੱਜ ਕੋਈ ਭੁੱਖ ਨਹੀਂ ਰਹੀ।"

ਪਰ ਰਣਜੀਤ ਨੇ ਉਸ ਨੂੰ ਜਬਰੀ ਦੁੱਧ ਪਿਲਾ ਦਿੱਤਾ।

ਗੱਡੀ ਆ ਰਹੀ ਸੀ। ਉਹ ਬਾਹਰ ਨਿਕਲ ਹਨੇਰੇ ਪਾਸੇ ਖੜ੍ਹ ਗਏ ਪਰ ਪਿਛੋਂ ਝਾੜੀਆਂ 'ਚੋਂ ਚੰਦ ਨਿਕਲ ਤੱਕਣ ਲੱਗ ਪਿਆ। ਸ਼ੀਤਲ ਉਸ ਦੇ ਮੋਢੇ ਨਾਲ ਲੱਗੀ ਖੜ੍ਹੀ ਸੀ। ਗੱਡੀ ਦਾ ਚਾਨਣ ਵਧਿਆ ਤਦ ਉਹ ਦੂਰ ਹਟੀ। ਦੂਜੇ ਦਰਜੇ ਦਾ ਡੱਬਾ ਖਾਲੀ ਸੀ। ਉਨ੍ਹਾਂ ਸ਼ੁਕਰ ਕੀਤਾ।

ਰਾਤ ਦੇ ਹਨੇਰੇ 'ਚ ਸ਼ੀਤਲ ਰਣਜੀਤ 'ਚ ਚੋਰ ਭਾਵਨਾ ਪਰਵੇਸ਼ ਕਰ ਰਹੀ ਸੀ। ਅਚੇਤ ਮਨ 'ਚ ਟਿਕ ਗਿਆ ਸੀ ਜਿਵੇਂ ਉਹ ਦੋਸ਼ੀ ਸਨ। ਪਤਾ ਨਹੀਂ ਕਿਸ ਸਮੇਂ ਕਿਸ ਨੇ ਗਿੱਚੀ ਤੋਂ ਫੜ ਲੈਣਾ ਸੀ।

ਗੱਡੀ ਇਕ ਝੂਟੇ 'ਚ ਬਠਿੰਡੇ ਪਹੁੰਚ ਗਈ।

"ਰਿਕਸ਼ੇ 'ਤੇ ਬੈਠ ਕੇ ਘਰ ਪਹੁੰਚ ਜਾ।"

"ਊ ਹਾਂ।"

"ਕਿਉਂ?"

"ਕੁਦਰਤ ਨੇ ਐਕਸੀਡੈਂਟ ਕਰਕੇ ਸਾਨੂੰ ਰਾਤ ਦਿੱਤੀ ਤੇ ਮੈਂ.....।"

"ਹਾਂ। ਤਾਂ ਕੀ ਇਹ ਗੱਲ-" ਰਣਜੀਤ ਵੀ ਕਿਸੇ ਸੁਆਦ ਦੇ ਹੜ੍ਹ 'ਚ ਵਹਿ ਗਿਆ।

ਚੁੱਪ ਸੰਘੀ ਹੋ ਗਈ। ਉਨ੍ਹਾਂ ਚੋਰਾਂ ਵਾਂਗ ਲਾਈਨਾਂ ਪਾਰ ਕੀਤੀਆਂ। ਹਵਾ ਦਾ ਤੇਜ਼ ਬੱਦਲਾਂ ਨੂੰ ਅਸਮਾਨ 'ਚ ਖੰਡਾ ਗਿਆ। ਦੂਜਾ ਬੁਲਾ ਮੀਂਹ ਖੋਲ੍ਹ ਗਿਆ। ਬੱਦਲ ਗਰਜਨ ਲੱਗ ਪਿਆ। ਬਿਜਲੀ ਕੜਕਨ ਲੱਗ ਪਈ। ਉਹ ਭਿੱਜ ਗਏ ਸਨ। ਸ਼ੀਤਲ, ਭਖੀ ਭਖੀ, ਭਿਜੇ ਰਣਜੀਤ ਦੀ ਬੁਕਲ 'ਚ ਲੁਕ ਤੁਰੀ ਜਾ ਰਹੀ ਸੀ।

ਉਨ੍ਹਾਂ ਬੰਦ ਫਾਟਕ ਉਪਰ ਚੜ੍ਹ ਕੇ ਪਾਰ ਕੀਤਾ। ਜਵਾਨ ਸ਼ੀਤਲ ਰਣਜੀਤ ਦੇ ਮਗਰ ਹੀ ਟਬੂਸੀ ਮਾਰ ਕੇ ਦਸ ਫੁੱਟ ਉਚਾ ਫਾਟਕ ਪਾਰ ਕਰ ਗਈ।

ਮੀਂਹ ਹੋਰ ਤੇਜ਼ ਹੋ ਗਿਆ। 'ਹਵਾ ਹੋਰ ਤੇਜ਼' ਸਾਹਮਣੇ ਸੜਕ 'ਤੇ ਰਿਕਸ਼ਾ ਜਾ ਰਿਹਾ ਸੀ।

ਰਿਕਸ਼ਾ ਦਰਵਾਜ਼ੇ ਦੇ ਸਾਹਮਣੇ ਰੋਕ ਲਿਆ। ਰਣਜੀਤ ਨੇ ਦਰਵਾਜ਼ੇ ਦਾ ਤਾਲਾ ਖੋਲ੍ਹ ਲਿਆ। ਅੰਦਰ ਵੜਦਿਆਂ ਹੀ ਸ਼ੀਤਲ ਉਸ ਦੇ ਗਲ ਨਾਲ ਲਿਪਟ

ਗਈ। ਭਿੱਜੀ ਸ਼ੀਤਲ ਦਾ ਭਖਦਾ ਸਰੀਰ ਰਣਜੀਤ ਦੀਆਂ ਬਾਹਾਂ 'ਚ ਰੂਈਂ ਵਾਂਗ ਇਕੱਠਾ ਹੋ ਗਿਆ।

ਅੰਦਰਲੇ ਕਮਰੇ ਦੀ ਬੱਤੀ ਜਗਾਈ।

"ਨਹੀਂ।" ਸ਼ੀਤਲ ਚੀਕੀ। ਉਸ ਭਿਜੇ ਕਪੜੇ ਉਤਾਰ ਦਿੱਤੇ ਸਨ ਰਣਜੀਤ ਦੀਆਂ ਬਾਹਾਂ 'ਚ ਉਸ ਦਾ ਗਰਮ ਨੰਗਾ ਬਦਨ ਪਤਾ ਨਹੀਂ ਕਿੰਨਾਂ ਚਿਰ ਵਿਹੁ ਘੋਲਦਾ ਰਿਹਾ। ਉਸ ਨੂੰ ਵੱਟ ਜਿਹਾ ਚੜ੍ਹਦਾ ਸੀ। ਰਣਜੀਤ ਦੀਆਂ ਮਜ਼ਬੂਤ ਬਾਹਾਂ ਨੇ ਸਾਰਾ ਤਾਣ ਲਾ ਦਿੱਤਾ ਲਗਦਾ ਸੀ। ਸ਼ੀਤਲ ਨੂੰ ਕੋਈ ਹੋਸ਼ ਨਹੀਂ ਸੀ ਪਰ ਰਣਜੀਤ ਨੂੰ ਪੂਰੀ ਸੁਧ ਸੀ।

ਸ਼ਾਇਦ ਸ਼ੀਤਲ ਸੌਂ ਗਈ ਸੀ। ਰਣਜੀਤ ਨੇ ਦਰਵਾਜ਼ਾ ਖੋਲ੍ਹਿਆ। ਘੜੀ 'ਤੇ ਸਮਾਂ ਦੇਖਿਆ। ਰਾਤ ਦੇ ਸਾਢੇ ਦਸ ਵਜ ਰਹੇ ਸਨ। ਘਰ ਦੇ ਨਜ਼ਦੀਕ ਵਾਲੀ ਦੁਕਾਨ 'ਚੋਂ ਉਹ ਦੁੱਧ ਤੇ ਡਬਲਰੋਟੀ ਲੈ ਆਇਆ।

ਉਹ ਵਾਪਿਸ ਆਇਆ ਤਾਂ ਸ਼ੀਤਲ ਅਟੈਚੀ 'ਚੋਂ ਕਪੜੇ ਕੱਢ ਪਾਈ ਬੈਠੀ ਸੀ। ਉਸ ਦੇ ਚਿਹਰੇ 'ਤੇ ਥੋੜ੍ਹੀ ਸ਼ਰਮ ਵੀ ਝਲਕ ਰਹੀ ਸੀ। ਬਾਹਰ ਬਾਰਸ਼ ਰੁਕ ਗਈ ਸੀ।

ਉਨ੍ਹਾਂ ਦੁੱਧ ਤੇ ਡਬਲਰੋਟੀ ਖਾਧੀ। ਕੁਛ ਚੁਪ ਤੇ ਕੁਛ ਗੱਲਾਂ ਕੀਤੀਆਂ।

ਰਣਜੀਤ ਨੂੰ ਕਿਸੇ ਅਹਿਸਾਸ ਨੇ ਅੰਦਰੋਂ ਝੰਜੋੜ ਦਿੱਤਾ ਸੀ। ਪਰ ਉਹ ਖ਼ੁਸ਼ ਸੀ ਕੁਛ ਚਿਰ ਪਹਿਲਾਂ ਆਏ ਤੂਫ਼ਾਨ 'ਚ ਉਹ ਵਹਿ ਨਹੀਂ ਗਿਆ ਸੀ। ਉਸ ਨੂੰ ਕਿਸੇ ਜ਼ਿੰਮੇਦਾਰੀ ਨੇ ਜਗਾਈ ਰੱਖਿਆ ਸੀ।

ਸ਼ੀਤਲ ਨੇ ਸੰਗਤਰਾ ਛਿਲਿਆ। ਉਸ ਦੀਆਂ ਉਂਗਲਾਂ ਨਾਗਪੁਰੀ ਸੰਗਤਰੇ ਦੀਆਂ ਫਾੜੀਆਂ ਨਾਲ ਮਿਲ ਰਹੀਆਂ ਸਨ। ਹੋਂਠ ਸੁਰਖੀ 'ਚ ਮਾਤ ਪਾ ਰਹੇ ਸਨ। ਇਕ ਦੂਜੇ ਦੇ ਮੂੰਹ 'ਚ ਫਾੜੀਆਂ ਪਾਂਦਿਆਂ ਉਨ੍ਹਾਂ ਨੇ ਸੰਗਤਰੇ ਖ਼ਤਮ ਕਰ ਦਿੱਤੇ। ਜਿਉਂ ਜਿਉਂ ਰਾਤ ਵੱਡੀ ਹੁੰਦੀ ਜਾ ਰਹੀ ਸੀ ਬਾਹਰ ਦੀਆਂ ਆਵਾਜ਼ਾਂ ਟਾਵੀਆਂ ਤੇ ਫੇਰ ਉਕੀਆਂ ਚੁਪ ਹੁੰਦੀਆਂ ਜਾ ਰਹੀਆਂ ਸਨ। ਉਨ੍ਹਾਂ ਨੂੰ ਇਕ ਦੂਜੇ ਦੇ ਸਾਹਾਂ ਦੀ ਆਹਟ ਸਾਫ ਸੁਣਾਈ ਦੇ ਰਹੀ ਸੀ-ਜਿਵੇਂ ਮਨ ਬੋਲ ਰਹੇ ਸਨ। ਸ਼ੀਤਲ ਦੀਆਂ ਅੱਖਾਂ 'ਚ ਨੀਂਦਰ ਦਾ ਨਸ਼ਾ ਸਾਫ ਝਲਕ ਆਇਆ ਸੀ।

"ਸੌਂ ਜਾਉ।"

"ਊ ਹੂੰ!" ਸ਼ੀਤਲ ਨੇ ਕਿਹਾ।

"ਕੱਲ੍ਹ ਨੂੰ ਮੁਸ਼ਕਲ ਹੋ ਜਾਵੇਗੀ।"

"ਚੰਗਾ ਤੁਸੀਂ ਸੌਂ ਜਾਉ।" ਸ਼ੀਤਲ ਨੇ ਕਿਹਾ।

"ਮੈਂ ਦੂਸਰੇ ਕਮਰੇ 'ਚ ਸਵਾਂਗਾ।"

"ਕਿਉਂ ?"

"ਪਤਾ ਨਹੀਂ ਕਿਸ ਸਮੇਂ ਤੂਫ਼ਾਨ ਆ ਜਾਵੇ ਤੇ ਅਸੀਂ ਰੁੜ੍ਹ ਜਾਈਏ।"

"ਤਦ ਕੀ ਹੋਇਆ" ਸ਼ੀਤਲ ਉਸ ਦੇ ਗਲ ਨੂੰ ਕੰਘੀ ਪਾਈ ਬੈਠੀ ਸੀ।

"ਨਹੀਂ। ਸਮਾਂ ਨਹੀਂ ਆਇਆ।"

ਰਣਜੀਤ ਦੂਸਰੇ ਕਮਰੇ 'ਚ ਚਲਾ ਗਿਆ। ਇਹ ਮਕਾਨ ਰਣਜੀਤ ਦਾ ਸੀ ਜਿਹੜਾ ਅਕਸਰ ਬੰਦ ਹੀ ਰਹਿੰਦਾ ਸੀ ਕਿਉਂਕਿ ਉਹ ਨੌਕਰੀ ਤਾਂ ਦੂਸਰੇ ਸ਼ਹਿਰ ਕਰਦਾ ਸੀ।

ਰਣਜੀਤ ਦੇ ਅੰਦਰ ਜ਼ੋਰਦਾਰ ਹਿਲਜੁਲ ਸੀ, ਪਰ ਉਸ ਦਾ ਚੇਤਨ ਸੌਂ ਜਾਣ ਲਈ ਮਜਬੂਰ ਕਰ ਰਿਹਾ ਸੀ। ਉਸ ਨੂੰ ਤਰ੍ਹਾਂ ਤਰ੍ਹਾਂ ਦੇ ਖ਼ਿਆਲ ਆ ਰਹੇ ਸਨ-ਕਦੇ ਉਸ ਦਾ ਸਾਹ ਵੀ ਘੁਟਣ ਲੱਗ ਜਾਂਦਾ ਸੀ-ਕਦੇ ਸ਼ੀਤਲ ਡੁਸਕਦੀ ਸੁਣਾਈ ਦੇਂਦੀ ਸੀ।

ਦਰਵਾਜ਼ਾ ਖੜਕਿਆ, ਸ਼ੀਤਲ ਸੀ।

"ਮੈਨੂੰ ਇਕੱਲੀ ਨੂੰ ਡਰ ਲਗਦੈ।" ਸ਼ੀਤਲ ਰਣਜੀਤ ਦੇ ਬਿਸਤਰੇ 'ਚ ਵੜ ਗਈ।

"ਬਘਿਆੜ ਤੋਂ ਡਰ ਨਹੀਂ ਲੱਗਦਾ।" ਰਣਜੀਤ ਹੱਸ ਪਿਆ "ਊਂ ਹੂੰ।" ਸ਼ੀਤਲ ਨੇ ਉਸ ਦੀ ਛਾਤੀ 'ਚ ਮੂੰਹ ਲੁਕਾਂਦਿਆਂ ਕਿਹਾ। ਉਹ ਫਿਰ ਹਾਬੜਿਆਂ ਵਾਂਗ ਰਣਜੀਤ ਦੇ ਸਰੀਰ 'ਤੇ ਖੁਲ੍ਹਦੀ ਜਾ ਰਹੀ ਸੀ। ਸਾਹੋ ਸਾਹ ਹੁੰਦੀ ਜਾ ਰਹੀ ਸੀ। ਉਹਦੇ ਸਾਹ 'ਚੋਂ ਸੇਕ ਉਠ ਰਿਹਾ ਸੀ।

ਪਰ ਰਣਜੀਤ ਦਾ ਸਰੀਰ ਵੱਧ ਠੰਢਾ ਹੁੰਦਾ ਜਾ ਰਿਹਾ ਸੀ।

"ਸ਼ੀਤਲ-ਸ਼ੀਤਲ।" ਰਣਜੀਤ ਨੇ ਛਾਤੀ 'ਤੇ ਸੁੱਤੀ ਸ਼ੀਤਲ ਨੂੰ ਜਗਾਇਆ।

"ਪੰਜ ਵਜ ਗਏ।"

ਗੱਡੀ ਸਵੇਰੇ ਸਾਢੇ ਪੰਜ ਵਜੇ ਸ਼ੀਤਲ ਦੇ ਸ਼ਹਿਰ ਜਾਂਦੀ ਸੀ।

ਗੱਡੀ ਤੁਰ ਪਈ। ਸ਼ੀਤਲ ਦਰਵਾਜ਼ੇ 'ਚ ਖੜ੍ਹੀ ਰਣਜੀਤ ਵੱਲ ਤੱਕਦੀ ਰਹੀ ਸੀ। ਵਿਥ ਵਧਦੀ ਚਲੀ ਗਈ।

## 2.

**ਰੰਗ ਹੋ ਗਿਆ ਲਾਲ ਤੋਂ ਪੀਲਾ,**
**ਕੀ ਗਮ ਖਾ ਗਿਆ ਪਤਲੋ।**

ਸ਼ੀਤਲ ਟਾਂਗੇ ਤੋਂ ਉਤਰੀ। ਸੂਰਜ ਚੜ੍ਹ ਚੁਕਿਆ ਸੀ। ਸ਼ੀਤਲ ਦੇ ਕਪੜਿਆਂ 'ਚ ਸਿਲਵੱਟ ਪਏ ਹੋਏ ਸਨ ਪਰ ਸ਼ਾਲ ਉਪਰ ਹੋਣ ਕਰਕੇ ਬਹੁਤਾ ਪਤਾ ਨਹੀਂ ਲੱਗਦਾ ਸੀ।

"ਸ਼ੀਤਲ ਐਧਰ ਆ।" ਮਾਂ ਨੇ ਉਸ ਨੂੰ ਥੋੜ੍ਹਾ ਕੁਰੱਖਤ ਅੰਦਾਜ਼ 'ਚ ਇਕ ਪਾਸੇ ਬੁਲਾਇਆ,"ਤੇਰੇ ਬੁੱਲ੍ਹਾਂ ਨੂੰ ਕੀ ਹੋਇਆ- ਸੱਜੀ ਗੱਲ੍ਹ ਤੇ ਨੀਲ ਕਿਵੇਂ ਪੈ ਗਿਆ ?" ਮਾਂ ਨੇ ਉਸ ਨੂੰ ਗਿੱਚੀ ਤੋਂ ਫੜ ਲਿਆ ਸੀ।

ਉਸ ਨੇ ਤੁਰੰਤ ਮੂੰਹ ਸ਼ੀਸ਼ੇ 'ਚ ਤੱਕਿਆ। ਬੁੱਲ੍ਹ ਨੀਲੇ ਹੋ ਗਏ ਸੀ। ਸੱਜੀ ਗਲ੍ਹ ਤੇ ਪੈਸੇ ਜਿਡਾ ਨੀਲ ਲੱਗ ਰਿਹਾ ਸੀ।

ਸ਼ੀਤਲ ਤੱਕ ਕੇ ਬਹੁਤਾ ਘਬਰਾਈ ਨਹੀਂ।

"ਬੋਲਦੀ ਕਿਉਂ ਨਹੀਂ ਨੀ?" ਮਾਂ ਬਘਿਆੜੀ ਬਣ ਖੜ੍ਹੀ ਸੀ।

"ਕੀ ਬੋਲਾਂ?"

"ਇਹ ਕੀ ਹੋਇਐ?"

"ਤੈਨੂੰ ਦਿਸਦਾ ਹੀ ਹੈ ਮਾਂ।"

"ਭਰਾਵਾਂ ਪਿਟੀਏ।" ਮਾਂ ਨੇ ਉਸ ਦੇ ਮੂੰਹ 'ਤੇ ਥੱਪੜ ਮਾਰਿਆ। ਸ਼ੀਤਲ ਦੀ ਚੀਕ ਨਿਕਲ ਗਈ। ਮਾਂ ਮਾਰੀ ਜਾ ਰਹੀ ਸੀ।

"ਕੀ ਗੱਲ ਹੈ ਮਾਂ-ਕਿਉਂ ਮਾਰ ਰਹੀ ਹੈਂ?" ਜਸਵੰਤ ਨੇ ਪੁੱਛਿਆ।

"ਕਾਕਾ! ਇਹਨੂੰ ਤੇਰੇ ਪਿਉ ਨੂੰ ਨਹੀਂ ਸੀ ਉਡੀਕਣਾ ਚਾਹੀਦਾ- ਮੂੰਹ ਚੁੱਕ ਕੇ ਇਕੱਲੀ ਤੁਰ ਪਈ-ਕੋਈ ਐਰਾਂ ਗੈਰਾਂ ਦੀ ਧੀ ਐ। ਕੋਈ ਸੁਣੇਗਾ ਤਾਂ ਕੀ ਕਹੇਗਾ।" ਮਾਂ ਦੇ ਗੁੱਸੇ ਨਾਲ ਬੁੱਲ੍ਹ ਕੰਬ ਰਹੇ ਸਨ।

"ਚਲ ਕੋਈ ਨਹੀਂ-ਕੁੜੀਆਂ ਨਾਲ ਰਲ ਕੇ ਆ ਗਈ-ਕਿਵੇਂ ਮਾਰ ਮਾਰ ਮੂੰਹ 'ਤੇ ਨੀਲ ਪਾ ਦਿੱਤੇ ਮਾਂ।" ਭਰਾ ਸ਼ੀਤਲ ਦੇ ਮੂੰਹ ਵੱਲ ਤਕ ਰਿਹਾ ਸੀ। ਸ਼ੀਤਲ ਭਰਾ ਦੀਆਂ ਅੱਖਾਂ 'ਚ ਹਮਦਰਦੀ ਤਕ ਕੇ ਉਸ ਦੇ ਗਲ ਲੱਗ ਗਈ। ਰੋਂਦੀ ਰਹੀ। ਭਰਾ ਵਰਾਂਦਾ ਰਿਹਾ।

ਮਾਂ ਬਾਰ ਬਾਰ ਗੁੱਸੇ ਨਾਲ ਸ਼ੀਤਲ ਵੱਲ ਵਧਦੀ ਸੀ।

ਦਿਨ ਢਲੇ ਸ਼ੀਤਲ ਦਾ ਬਾਪ ਪਹੁੰਚ ਗਿਆ, ਉਹ ਸ਼ੀਤਲ ਨੂੰ ਦੇਹਰਾਦੂਨ ਲੈਣ ਲਈ ਗਿਆ ਸੀ। ਪਰ ਸ਼ੀਤਲ ਇਕ ਰਾਤ ਪਹਿਲਾਂ ਹੀ ਤੁਰ ਪਈ ਸੀ। ਹੋਰ ਵੀ ਬਹੁਤ ਲੜਕੀਆਂ ਆਈਆਂ ਸਨ।

"ਕਮਲੀਏ ਰਾਤ ਉਡੀਕ ਤਾਂ ਲੈਂਦੀ।" ਬਾਪੂ ਨੇ ਸਿਰ ਪਲੋਸਦਿਆਂ ਕਿਹਾ।

"ਇਹਦੀ ਖਲ ਉਧੇੜਨ ਵਾਲੀ ਹੈ-ਕੋਹੜੀ (ਮਿਸ) ਕਮੀਨੀ ਜੀ।" ਮਾਂ ਨੇ ਕਿਹਾ।

ਸ਼ੀਤਲ ਦਾ ਹਫਤਾ ਚੁਪ ਵੱਟਿਆ ਗੁਜ਼ਰ ਗਿਆ। ਵੱਡੇ ਘਰ ਦੇ ਕਿਸੇ ਨਾ ਕਿਸੇ ਕਮਰੇ 'ਚ ਵੜ ਕੇ ਉਹ ਪਈ ਰਹਿੰਦੀ ਸੀ। ਕਿਤਾਬ ਖੋਲ੍ਹਣ ਨੂੰ ਉਕਾ ਹੀ ਜੀਅ ਨਹੀਂ ਕਰਦਾ ਸੀ।

ਮਾਂ ਦੇ ਕੌੜੇ ਸੁਭਾ ਨੇ ਉਸ ਦੇ ਮਨ 'ਤੇ ਛਾਇਆ ਨਸ਼ਾ ਗੁਆ ਦਿੱਤਾ ਸੀ। ਪਰ ਉਹ ਤਦ ਵੀ ਸੁਪਨੇ 'ਚ ਰਣਜੀਤ ਨੂੰ ਉਤਾਰੀ ਰਖਦੀ ਸੀ।

"ਸ਼ੀਤਲ ਤਿਆਰੀ ਕਰ ਲਈ? ਕਲ੍ਹ ਆਪਾਂ ਪਹਿਲੀ ਗੱਡੀ ਚਲਾਂਗੇ।" ਬਾਪੂ ਨੂੰ ਕਾਲਜ ਖੁੱਲ੍ਹਣ ਦੀ ਤਾਰੀਖ ਦਾ ਪਤਾ ਸੀ।

"ਇਹਨੇ ਕਿਤੇ ਨਹੀਂ ਜਾਣਾ।" ਮਾਂ ਨੇ ਕਿਹਾ।

"ਪੜ੍ਹਨ ਨਹੀਂ ਜਾਣਾ?"

"ਮੈਂ ਰੱਜੀ ਇਹਦੀ ਪੜ੍ਹਾਈ ਤੋਂ।"

"ਪਰ ਕਿਉਂ?"

"ਬਸ ਦੱਸਤਾ- ਇਹ ਘਰ ਤੋਂ ਬਾਹਰ ਕਦਮ ਨਹੀਂ ਰੱਖ ਸਕਦੀ।"

"ਕੁੜੀ ਦਾ ਇਮਤਿਹਾਨ ਨੇੜੇ ਆ ਗਿਆ ਤੇ ਤੂੰ।"

"ਬਸ ਬਸ ਮੈਨੂੰ ਨਹੀਂ ਲੋੜ ਇਮਤਿਹਾਨ ਦੀ।"

"ਪਰ-"

"ਮੈਂ ਜਵਾਨ ਕੁੜੀ ਘਰੋਂ ਨਹੀਂ ਭੇਜਣੀ।"

"ਕਲ੍ਹ ਤਕ ਇਹ ਜਵਾਨ ਨਹੀਂ ਸੀ।"

"ਹਾਂ ਨਹੀਂ ਸੀ।"

"ਇਹ ਕੀ ਜ਼ਿਦ ਹੈ।"

"ਪੱਕੀ ਜ਼ਿਦ ਹੈ-ਜੇ ਇਹ ਜਾਏਗੀ ਮੈਂ ਕੁਛ ਖਾ ਕੇ ਮਰ ਜਾਵਾਂਗੀ।"

"ਕਮਲੀਏ ਕੁੜੀ ਦੀ ਸਾਲਾਂ ਦੀ ਪੜ੍ਹਾਈ।"

"ਕੁੜੀ ਨੇ ਡੀ.ਸੀ. ਨਹੀਂ ਲਗਣਾ। ਵਿਆਹ ਕਰੋ ਤੇ ਇਹਦਾ ਘਰੋਂ ਜੂੜ ਵੱਢੋ।"

ਸਾਰਾ ਦਿਨ ਘਰ 'ਚ ਝਗੜਾ ਰਿਹਾ। ਅਖੀਰ ਵੱਡੇ ਲੜਕੇ ਦੇ ਕਹਿਣ 'ਤੇ ਮਾਂ ਸ਼ੀਤਲ ਨੂੰ ਭੇਜਣ ਲਈ ਮੰਨ ਗਈ।

ਜਸਵੰਤ ਸ਼ੀਤਲ ਨਾਲ ਜਾਣ ਲਈ ਤਿਆਰ ਹੋ ਗਿਆ। ਉਸ ਨੂੰ ਮਾਂ ਦੀਆਂ ਗੱਲਾਂ 'ਚੋਂ ਕੁਛ ਸ਼ੱਕ ਹੋ ਗਿਆ ਸੀ ਪਰ ਉਹ ਕਿਸੇ ਤੋਂ ਵੀ ਕੁਛ ਪੁੱਛ ਨਹੀਂ ਸਕਦਾ ਸੀ।

ਜਸਵੰਤ ਬਹੁਤ ਕੌੜੇ ਸੁਭਾ ਦਾ ਬੰਦਾ ਸੀ। ਪਿੰਡ ਦਾ ਅੜਬ ਸਰਦਾਰ ਸੀ ਜਿਹੜਾ ਹਰ ਸਮੇਂ ਬੱਗੇ ਘੋੜੇ 'ਤੇ ਚੜ੍ਹਿਆ ਰਹਿੰਦਾ ਸੀ। ਅਵਲ ਤਾਂ ਕੋਈ ਉਸ ਦੇ ਸਾਹਮਣੇ ਚੂੰ ਕਰਦਾ ਹੀ ਨਹੀਂ ਸੀ ਪਰ ਜੇਕਰ ਕਰਦਾ ਸੀ ਤਾਂ ਉਹ ਚੂੰ ਜਸਵੰਤ ਸਾਹਮਣੇ ਚੀਕ 'ਚ ਬਦਲ ਜਾਂਦੀ ਸੀ। ਕਈ ਬੰਦੇ ਉਸ ਵਢਾ ਕੇ ਆਪਣੇ ਹੀ ਖੇਤ 'ਚ ਦਬਾ ਛੱਡੇ ਸਨ। ਪੁਲਿਸ ਕੁਛ ਵਿਗਾੜ ਨਹੀਂ ਸਕੀ ਸੀ। ਰੱਜਿਆ ਸਰਦਾਰ ਸੀ। ਹਜ਼ਾਰਾਂ ਮਣ ਸਾਲ 'ਚ ਕਪਾਹ ਹੁੰਦੀ ਸੀ ਤੇ ਬਾਕੀ ਦੀ ਫਸਲ ਦੀ ਵੀ ਕੋਈ ਗਿਣਤੀ ਨਹੀਂ ਸੀ। ਖੇਤ 'ਵਿਸ਼ਰਾਮ' ਘਰ ਛੱਤ ਰੱਖਿਆ ਸੀ ਜਿਸ ਵਿਚ ਗਰੀਬ ਔਰਤਾਂ ਦੇ ਠੰਢੇ ਤੱਤੇ ਸਰੀਰ ਦਾ ਸੁਆਦ ਲੈਂਦਾ ਰਹਿੰਦਾ ਸੀ। ਬਾਹਰ ਕੌੜ ਸੀ ਪਰ ਸ਼ੀਤਲ ਨੂੰ ਉਹ ਬਹੁਤ ਪਿਆਰ ਕਰਦਾ ਸੀ। ਉਸ ਨੂੰ ਕਦੇ ਜਸਵੰਤ ਨੇ ਅੱਖਾਂ ਦੀ ਵੀ ਘੂਰ ਨਹੀਂ ਦਿੱਤੀ ਸੀ। ਬਾਪੂ ਸਾਧੂ ਸਭਾ ਦਾ ਬੰਦਾ ਸੀ ਜਿਹੜਾ ਹਰ ਸਮੇਂ ਪਾਠ ਹੀ ਕਰਦਾ ਰਹਿੰਦਾ ਸੀ ਤੇ ਜਸਵੰਤ ਦੇ ਕਿਸੇ ਵੀ ਚੰਗੇ ਮੰਦੇ ਕੰਮ 'ਚ ਕਦੀ ਦਖਲ ਨਹੀਂ ਦਿੰਦਾ ਸੀ।

ਅੱਜ ਪਹਿਲੀ ਵਾਰ ਜਸਵੰਤ ਨੇ ਸ਼ੀਤਲ ਨੂੰ ਕੌੜੀ ਨਿਗਾਹ ਨਾਲ ਦੇਖਿਆ ਸੀ। ਸ਼ੀਤਲ ਦਾ ਸਰੀਰ ਸ਼ੀਤਲ ਹੋ ਗਿਆ ਸੀ। ਇਸ ਤਰ੍ਹਾਂ ਜਿਵੇਂ ਉਸ ਦੀ ਸੰਘੀ ਕਿਸੇ ਬਘਿਆੜ ਦੇ ਪੰਜੇ 'ਚ ਆ ਗਈ ਸੀ।

ਉਹ ਦੇਹਰਾਦੂਨ ਪਹੁੰਚ ਗਏ। ਰਾਤ ਹੋਣ ਵਾਲੀ ਸੀ। ਸ਼ੀਤਲ ਨੂੰ ਹੋਸਟਲ 'ਚ ਛੱਡ ਕੇ ਜਸਵੰਤ ਰਿਸ਼ਤੇਦਾਰਾਂ ਦੀ ਕੋਠੀ 'ਚ ਚਲਾ ਗਿਆ। ਠੰਢੀ ਹਵਾ ਬੁਲ੍ਹ ਠਾਰ ਰਹੀ ਸੀ, ਜਸਵੰਤ ਨੇ ਕੁਛ ਪੈਗ ਪੀਤੇ ਪਰ ਉਸ ਨੂੰ ਨਸ਼ਾ ਨਹੀਂ ਚੜ੍ਹ ਰਿਹਾ ਸੀ। ਉਸ ਨੂੰ ਹੋਰ ਹੀ ਕੋਈ ਵਿਹੁ ਚੜ੍ਹ ਰਹੀ ਸੀ। ਜਿਵੇਂ ਉਸ ਦੀ ਆਕੜੀ ਗਰਦਨ

ਨੂੰ ਕਿਸੇ ਅਹਿਮਕ ਨੇ ਝਟਕਾ ਦਿੱਤਾ ਸੀ। ਰਾਤ ਭਰ ਉਹ ਬੁਰੀ ਤਰ੍ਹਾਂ ਬੇਚੈਨ ਰਿਹਾ।

ਸਵੇਰੇ ਉਹ ਕਾਲਜ ਦੀ ਪ੍ਰਿੰਸੀਪਲ ਨੂੰ ਮਿਲਿਆ।

"ਆਪ ਸ਼ੀਤਲ ਕੇ ਭਾਈ ਹੈਂ ਜਸਵੰਤ ਸਿੰਘ?"

"ਜੀ ਹਾਂ।"

"ਆਪ ਪਹਿਲੇ ਕਭੀ ਨਹੀਂ ਆਏ।" ਪ੍ਰਿੰਸੀਪਲ ਸ਼ੱਕੀ ਸੁਭਾ ਦੀ ਸੀ।

"ਇਸ ਦਫਾ ਪਿਤਾ ਜੀ ਕੀ ਤਬੀਅਤ ਠੀਕ ਨਹੀਂ ਸੀ- ਇਸ ਲੀਏ।"

"ਠੀਕ ਹੈ-ਔਰ ਕੋਈ ਤਕਲੀਫ਼ ਹੋ?"

"ਜੀ ਹੈ।"

"ਬੋਲੀਏ।"

"ਜੋ ਭੀ ਸ਼ੀਤਲ ਕੋ ਚਿੱਠੀ ਆਏ ਵੋਹ ਹਮਾਰੇ ਪਾਸ ਘਰ ਭੇਜ ਦੇਂ।"

"ਆਈ ਸੀ........।"

"ਜੀ ਹਾਂ-ਕੋਈ ਖਾਸ ਵਜ੍ਹਾ ਹੈ।"

"ਲੇਕਨ ਹਮਾਰੇ ਕਾਲਜ ਮੇਂ ਤੋ ਕੋਈ ਗੜਬੜ ਨਹੀਂ ਹੋ ਸਕਤੀ।"

"ਐਸੀ ਕੋਈ ਬਾਤ ਨਹੀਂ- ਬਾਤ ਦਰਅਸਲ ਯੇਹ ਹੈ-"

"ਮੈਂ ਸਮਝ ਗਈ। ਸ਼ੀਤਲ ਕੋ ਪਤਾ ਭੀ ਨਹੀਂ ਲਗੇਗਾ ਕਿ ਉਸ ਕੀ ਚਿੱਠੀ ਵਾਪਿਸ ਹੋ ਰਹੀ ਹੈ- ਮੈਂ ਅਬੀ ਇੰਚਾਰਜ ਕੋ ਬੁਲਾਤੀ ਹੂੰ।"

"ਬਹੁਤ ਸ਼ੁਕਰੀਆ ਮੈਡਮ। ਅੱਛਾ ਨਮਸਤੇ।"

ਜਸਵੰਤ ਬਾਹਰ ਆ ਗਿਆ। ਵਿਰਲੀਆਂ ਵਿਰਲੀਆਂ ਕੁੜੀਆਂ ਟਹਿਲ ਰਹੀਆਂ ਸਨ। ਕੁਛ ਅਧ-ਸੁੱਤੀਆਂ ਤੇ ਕੁਛ ਸਜੀਆਂ ਸੰਵਰੀਆਂ।

ਪਰ ਜਸਵੰਤ ਦੇ ਅੰਦਰ ਕੋਈ ਕੁੜੱਤਣ ਠਾਠਾਂ ਮਾਰ ਰਹੀ ਸੀ। ਉਸ ਨੇ ਸ਼ੀਤਲ ਨੂੰ ਬਾਹਰ ਬੁਲਾਇਆ। ਸ਼ੀਤਲ ਸਹਿਮੀ ਕਿਸੇ ਅੰਦਰ ਦੀ ਪੀੜਾ ਦੀ ਝੰਬੀ ਹੋਈ ਭਾਈ ਸਾਹਮਣੇ ਦੋਸ਼ੀਆਂ ਵਾਂਗ ਸਿਰ ਝੁਕਾਈ ਖੜ੍ਹ ਗਈ।

"ਅੱਛਾ ਸ਼ੀਤਲ ਮੈਂ ਚਲਦੇ-ਛੁੱਟੀਆਂ ਤੋਂ ਪਹਿਲਾਂ ਖ਼ਤ ਲਿਖੀਂ ਤੇ ਜਦ ਤੱਕ ਅਸੀਂ ਲੈਣ ਨਾ ਆਈਏ-ਤੂੰ ਹੋਸਟਲ ਚੋਂ ਬਾਹਰ ਨਹੀਂ ਨਿਕਲਣਾ।"

ਜਸਵੰਤ ਬਾਹਰ ਨਿਕਲ ਆਇਆ।

ਸ਼ੀਤਲ ਸੁੰਨ ਹੋਈ ਥਾਂ ਤੇ ਹੀ ਬੈਠੀ ਰਹੀ। ਸਖਤ ਸਰਦੀ ਹੱਡ ਕੜਕਾ ਰਹੀ ਸੀ।

ਸ਼ੀਤਲ ਨੇ ਮੂੰਹ ਧੋਤਾ ਸੀ ਨਾ ਚਾਹ ਪੀਤੀ ਸੀ। ਇਕ ਸਾਤੇ ਨੇ ਉਸ ਨੂੰ ਕਸ਼ਟ ਦੀ ਘਾਣੀ 'ਚੋਂ ਪੀੜ ਸੁਟਿਆ ਸੀ। ਉਸ ਦੇ ਚਿਹਰੇ ਦੀ ਰੌਣਕ ਉਡ ਗਈ ਸੀ। ਜਿਵੇਂ ਉਹ ਵਰ੍ਹਿਆਂ ਤੋਂ ਡਿੱਕ ਤਾਪ ਦੀ ਮਰੀਜ਼ ਸੀ। ਆਤਮਾ ਦੇ ਕਿਸੇ ਸੰਤਾਪ ਨੇ ਉਸ ਨੂੰ ਝੰਬ ਸੁਟਿਆ ਸੀ।

"ਕਿਆ ਬਾਤ ਹੈ ਸ਼ੀਤਲ ਤੁਮ ਐਸਾ?" ਜੋਸ਼ੀ ਉਸ ਦੀ ਕਲਾਸ ਫੈਲੋ ਸੀ। ਉਹ ਸ਼ੀਤਲ ਨੂੰ ਚਿਹਰੇ ਤੋਂ ਪੜ੍ਹ ਰਹੀ ਸੀ।

ਸ਼ੀਤਲ ਚੁਪ ਕਰਕੇ ਜੋਸ਼ੀ ਦੀਆਂ ਹਮਦਰਦ ਅੱਖਾਂ 'ਚ ਝਾਕਦੀ ਰਹੀ। ਉਸਦਾ

ਦਿਲ ਕਰਦਾ ਸੀ ਉਹ ਜੋਸ਼ੀ ਦੇ ਗੱਲ ਲਗ ਕੇ ਰੋ ਪਵੇ। ਫੋੜੇ ਵਾਂਗ ਅੰਬ ਚੁੱਕੇ ਮਨ ਦਾ ਸਾਰਾ ਗੁਬਾਰ ਹੰਝੂਆਂ ਰਾਹੀਂ ਵਹਾ ਸੁੱਟੇ- ਕਾਸ਼! ਇਹ ਮੋਢਾ ਰਣਜੀਤ ਦਾ ਹੁੰਦਾ-ਉਹ ਪੁੱਛਦੀ ਕੁਛ ਘੰਟਿਆਂ ਦੇ ਸੁੱਖ ਦੀ ਸਜ਼ਾ ਇਤਨੀ ਲੰਬੀ? ਹਾਣੀਆਂ ਖ਼ਬਰ ਵੀ ਨਹੀਂ ਲਈ, ਉੱਕਾ ਹੀ ਨਹੀਂ ਵਾਚਿਆ ਤੇਰੀ ਸ਼ੀਤਲ 'ਤੇ ਕੀ ਹੋਣੀ ਬੀਤ ਰਹੀ ਹੈ। ਸ਼ੀਤਲ ਇਤਨੀ ਵੱਡੀ ਗੁਨਾਹਗਾਰ ਬਣ ਗਈ ਕਿ ਉਸ ਦੇ ਸਾਹਾਂ 'ਤੇ ਵੀ ਪਹਿਰਾ ਖੜ੍ਹ ਗਿਆ।

"ਵਾਈ ਯੂ ਵੀਪ ਲਾਈਕ ਏ ਚਾਈਲਡ" ਜੋਸ਼ੀ ਬੜੀ ਨਿਡਰ ਕੁੜੀ ਸੀ। ਉਸ ਨੇ ਮਰਦ ਟੋਨ 'ਚ ਹੌਸਲਾ ਦਿੱਤਾ ਸੀ, "ਅਰੇ ਇਸ਼ਕ ਮੇਂ ਤੋ ਬੜਾ ਬੜਾ ਕੁਛ ਦੇਖਨਾ ਪੜਤਾ ਹੈ ਤੂ ਸ਼ੁਰੂ ਮੇਂ ਹੀ ਰੋਣੇ ਲਗੀ ਹੈ।"

ਸ਼ੀਤਲ ਨੂੰ ਜਿਵੇਂ ਅਚਾਨਕ ਝਟਕਾ ਵੱਜਿਆ। ਉਸ ਦੀਆਂ ਅੱਖਾਂ ਦਾ ਜਲ ਮੁਕ ਗਿਆ। ਦਿਲ ਕਰੜਾ ਹੋ ਗਿਆ ਤੇ ਉਹ ਬਲਵਾਨ ਜਿਹੀ ਬਣ ਗਈ।

"ਸ਼ੀਤਲ ਆਪ ਕੋ ਮੈਡਮ ਬੁਲਾ ਰਹੇ ਹੈਂ।" ਕਿਸੇ ਮਾਈ ਨੇ ਕਿਹਾ। ਸ਼ੀਤਲ ਸਮਝ ਗਈ ਸੀ। ਉਸ ਨੇ ਮਨ ਕਰੜਾ ਕਰ ਲਿਆ ਸੀ। ਕਿਸ ਤਰ੍ਹਾਂ ਦੇ ਜਵਾਬ ਦੇਵੇਗੀ-ਸੋਚਦੀ ਤੁਰ ਗਈ ਸੀ।

"ਜਸਵੰਤ ਸਿੰਘ ਤੇਰੇ ਭਾਈ ਹੈਂ?"

"ਜੀ ਮੈਡਮ।"

"ਕੋਈ ਗਲਤੀ ਕੀ ਹੈ?"

"ਜੀ ਨਹੀਂ।"

"ਬੜੋਂ ਕੇ ਸਾਹਮਣੇ ਐਕਟਿੰਗ ਨਹੀਂ ਕਰਤੇ।"

"ਐਕਟਿੰਗ ਕੀ ਜ਼ਰੂਰਤ ਹੀ ਕਿਆ ਹੈ।"

"ਅਛਾ ਮੇਰੇ ਪਾਸ ਸੁਬ੍ਹਾ ਸ਼ਾਮ ਆਣਾ ਹੋਗਾ," ਮੈਡਮ ਨੇ ਕੁਰਸੀ ਦੂਜੇ ਪਾਸੇ ਘੁਮਾਂਦਿਆਂ ਕਿਹਾ।

ਸ਼ੀਤਲ ਪਰਤ ਆਈ। ਹੋਸਟਲ ਦੀ ਚਾਰ ਦੀਵਾਰੀ ਕੈਦ ਦੀ ਚਾਰ ਦੀਵਾਰੀ ਵਾਂਗ ਖਾਣ ਲੱਗ ਪਈ। ਕਿਸੇ ਵਕਤ ਉਹ ਇੰਨੀ ਪਾਗਲ ਹੋ ਜਾਂਦੀ ਸੀ ਕਿ ਉਸ ਦਾ ਜ਼ੋਰ ਨਾਲ ਦੀਵਾਰ ਨਾਲ ਟਕਰਾਣ ਨੂੰ ਜੀ ਕਰਦਾ ਸੀ, ਪਰ ਅਚਾਨਕ ਰਣਜੀਤ ਦਾ ਹੱਥ ਉਸ ਦੇ ਮੋਢੇ 'ਤੇ ਟਿਕ ਜਾਂਦਾ ਸੀ ਤੇ ਉਹ ਕਿਸੇ ਦਿਲਾਸੇ ਨਾਲ ਸਬਰ ਕਰਕੇ ਬਹਿ ਜਾਂਦੀ ਸੀ। ਮਨ ਕਰੜਾ ਕਰਦੀ ਸੀ। ਅੱਖਾਂ ਦੇ ਹੰਝੂ ਪੂੰਝ ਸੁਟਦੀ ਸੀ, ਕਿਸੇ ਨਿਸਚੇ ਨੂੰ ਪੱਕਾ ਸਕਦੀ ਸੀ।

ਸ਼ੀਤਲ ਜਿਵੇਂ ਪਹਿਲੀ ਸ਼ੀਤਲ ਨਹੀਂ ਸੀ ਚੁਲਬੁਲੀ, ਸ਼ਰਾਰਤਨ, ਹਰ ਸਮੇਂ ਟਪੂੰ ਟਪੂੰ ਕਰਨ ਵਾਲੀ ਸ਼ੀਤਲ, ਦਸਾਂ ਦੇ ਚੂੰਢੀਆਂ ਭਰਦੀ ਸੀ ਤੇ ਦਸਾਂ ਤੋਂ ਭਰਾਂਦੀ ਸੀ। ਸ਼ੀਤਲ ਆਪਣੇ ਹੀ ਕਮਰੇ 'ਚ ਰਹਿਣ ਲੱਗ ਪਈ ਜਿਵੇਂ ਉਹ ਕਮਰੇ 'ਚੋਂ ਬਾਹਰ ਆਉਣ ਦਾ ਸਾਹਸ ਇਕੱਠਾ ਕਰਦੀ ਸੀ, ਗਿਆਨ ਇਹੱਠਾ ਕਰਦੀ ਸੀ।

# 3.

ਆਪਣੇ ਤੂੰ ਦਿਨ ਭੁੱਲ ਗਈ,
ਸੱਸੇ ਮੈਨੂੰ ਕਰੇਂ ਤਕੜਾਈਆਂ।

ਰਣਜੀਤ ਨੂੰ ਹਫ਼ਤਾ ਭਰ ਸ਼ੀਤਲ ਦੇ ਅੰਗਾਂ ਦਾ ਸਾਥ ਨਸ਼ਾ ਦੇਂਦਾ ਰਿਹਾ, ਜਿਵੇਂ ਸੰਗਮਰਮਰ ਦਾ ਤਰਾਸ਼ਿਆ ਸਰੀਰ ਉਸ ਦੀ ਬੁਕਲ 'ਚ ਧੜਕ ਰਿਹਾ ਸੀ।

ਇਹ ਅਹਿਸਾਸ ਉਸ ਨੂੰ ਉਦਾਸੀ ਦੇ ਸਾਗਰਾਂ 'ਚੋਂ ਕੱਢ ਕੇ ਜ਼ਿੰਦਗੀ ਦੇ ਗੁਲਜ਼ਾਰ 'ਚ ਲਿਆ ਖੜ੍ਹਾ ਕਰਦਾ ਸੀ, ਪਰ ਉਦਾਸੀ ਦਾ ਇਕ ਪ੍ਰਛਾਵਾਂ ਉਸ ਨੂੰ ਘੰਟਿਆਂ ਬੱਧੀ ਉਦਾਸ ਕਰੀ ਰਖਦਾ ਸੀ।

ਇਕੱਲਾ ਸੀ। ਹੁਸਨ ਦੇ ਸਾਗਰ 'ਚ ਇਕੱਲਾ ਰਹਿੰਦਾ ਸੀ। ਕਾਲਜ ਦੀਆਂ ਕੁਛ ਬਹੁਤੀਆਂ ਜਵਾਨ ਪ੍ਰੋਫੈਸਰ ਤਾਂ ਉਸ ਤੋਂ ਬੇਹੱਦ ਮਾਯੂਸ ਸਨ; ਸਗੋਂ ਸਾੜੇ ਮਾਰੀਆਂ ਨੇ ਕਈ ਮਾਰੂ ਵਾਰ ਵੀ ਕੀਤੇ। ਪ੍ਰਿੰਸੀਪਲ ਨੇ ਖੁਫੀਆ ਪੜਤਾਲ ਕੀਤੀ। ਕੁਛ ਬੰਦੇ ਤਾੜਨ ਲਈ ਪਿਛੇ ਛੱਡੇ, ਪਰ ਰਣਜੀਤ ਇਤਨਾ ਬੱਬਰ ਸੀ ਕਿ ਸ਼ੀਤਲ ਦਾ ਧਿਆਨ ਭਗਤੀ 'ਚੋਂ ਮਨ ਉਖੜਨ ਹੀ ਨਹੀਂ ਦੇਂਦਾ ਸੀ। ਉਸ ਨੂੰ ਕਿਸੇ ਦੀ ਤਾਰੀਫ਼ ਦੀ ਪ੍ਰਵਾਹ ਸੀ ਨਾ ਨਿੰਦਿਆ ਦੀ। ਮਸਤ ਕਾਰਵਾਂ ਚਲ ਰਿਹਾ ਸੀ।

ਕੁਛ ਚੁਗਲੀਆਂ ਇਤਨੀਆਂ ਭੈੜੀਆਂ ਸਨ ਕਿ ਪ੍ਰਿੰਸੀਪਲ ਉਸ ਨੂੰ ਤੁਰੰਤ ਕੱਢਣ ਲਈ ਮਜਬੂਰ ਹੁੰਦੀ ਪਰ ਉਹ ਇਤਨਾ ਕਾਬਲ ਪ੍ਰੋਫੈਸਰ ਸੀ ਕਿ ਪ੍ਰਿੰਸੀਪਲ ਛੇਤੀ ਕੀਤੇ ਉਸ ਨੂੰ ਛੱਡਣਾ ਨਹੀਂ ਚਾਹੁੰਦੀ ਸੀ। ਕਮਜ਼ੋਰ ਲੜਕੀਆਂ ਦੀਆਂ ਕਲਾਸਾਂ ਨੂੰ ਉਸ ਨੇ ਏ ਕਲਾਸ ਦੀਆਂ ਲੜਕੀਆਂ ਦੀ ਟੱਕਰ ਲਈ ਤਿਆਰ ਕਰ ਦਿੱਤਾ ਸੀ। ਉਸ ਦਾ ਪੜ੍ਹਾਣ ਦਾ ਤਰੀਕਾ ਹੀ ਐਸਾ ਸੀ, ਬੱਚੇ ਪੜ੍ਹ ਵੀ ਜਾਂਦੇ ਸਨ ਤੇ ਖੱਪ ਵੀ ਪਾ ਜਾਂਦੇ ਸਨ।

ਫਰਵਰੀ ਮਹੀਨੇ ਉਸ ਦੀਆਂ ਕਲਾਸਾਂ ਦੇ ਪਰਚੇ ਪ੍ਰਿੰਸੀਪਲ ਨੇ ਬਾਹਰੋਂ ਮਾਰਕ ਕਰਾਏ ਸਨ ਕਿ ਉਹ ਖ਼ੁਸ਼ ਹੋ ਉਠੀ ਸੀ।

"ਬੱਡੇ ਭੈਣ ਜੀ ਬੁਲਾ ਰਹੇ ਹਨ।" ਕਿਸੇ ਮਾਈ ਨੇ ਕਿਹਾ।

ਉਸ ਦੀ ਸੋਚ-ਤੰਦ ਟੁੱਟ ਗਈ।

ਪ੍ਰਿੰਸੀਪਲ ਦਾ ਦਫ਼ਤਰ ਨਾਲ ਹੀ ਸੀ। ਸ਼ਾਇਦ ਅਜ ਉਸਨੇ ਪ੍ਰਿੰਸੀਪਲ ਦੇ ਮੁੱਖ 'ਤੇ ਵਖਰੀ ਖ਼ੁਸ਼ੀ ਤੱਕੀ ਸੀ।

"ਭੈਣ ਜੀ ਮੈਨੂੰ ਯਾਦ ਕੀਤਾ?"

"ਹਾਂ-ਵਧਾਈ ਦੇਣੀ ਚਾਹੀ ਸੀ।"

"ਜੀ!"

"ਹਾਂ-ਰਣਜੀਤ-ਮੈਂ ਬੇਹੱਦ ਖ਼ੁਸ਼ ਹਾਂ ਮੈਨੂੰ ਆਪਣੀ ਚੋਣ ਤੇ ਮਾਣ ਹੈ।"

"ਮੈਂ ਕੁਛ ਸਮਝਿਆ ਨਹੀਂ-ਮੈਂ-ਮੈਂ-।"

"ਤੈਨੂੰ ਕੁਛ ਪਤਾ ਨਹੀਂ-ਤੇਰੇ 'ਤੇ ਕੀ ਕੀ ਤੁਹਮਤਾਂ ਲਾਈਆਂ ਗਈਆਂ।"

"ਜੀ......।"

"ਚੰਦ 'ਤੇ ਥੁੱਕਣ ਵਾਲਿਆਂ ਦੇ ਆਪਣੇ ਹੀ ਮੂੰਹ ਗੰਦੇ ਹੋਏ।"

"ਮੇਰਾ ਵੀ ਕੋਈ ਦੋਖੀ ਹੈ?"

"ਇਕ ਨਹੀਂ ਦਰਜਨਾਂ-ਪਰ ਸੰਤਾਂ ਦਾ ਰੱਬ ਹੀ ਰਾਖਾ ਹੈ।"

"ਗੱਲ ਪ੍ਰਧਾਨ ਤੱਕ ਵੀ ਪਹੁੰਚੀ ਸੀ-ਉਹ ਬਹੁਤ ਖ਼ੁਸ਼ ਹੈ।"

ਰਣਜੀਤ ਉਦਾਸੀ ਦੇ ਸਾਗਰ 'ਚ ਲੱਥ ਗਿਆ।

"ਪ੍ਰਧਾਨ ਸਾਹਿਬ ਅਗਲੇ ਸਾਲ ਤੁਹਾਨੂੰ ਸਪੈਸ਼ਲ ਇਨਕਰੀਮੈਂਟ ਦੇਣਗੇ; ਕੀ ਸੋਚ ਰਹੇ ਹੋ।"

"ਜੀ ਕੁਛ ਨਹੀਂ। ਸੋਚਦਾ ਹਾਂ ਅਗਲਾ ਸਾਲ ਆਵੇਗਾ ਵੀ।"

"ਕੀ ਕਹਿ ਰਹੇ ਹੋ?"

"ਠੀਕ ਕਹਿ ਰਿਹਾ ਹਾਂ। ਮੈਡਮ ਕੁਛ ਪਤਾ ਨਹੀਂ, ਮੈਂ ਕੱਲ੍ਹ ਹਾਂ ਜਾਂ ਨਹੀਂ।"

ਰਣਜੀਤ ਬਾਹਰ ਆ ਗਿਆ।

ਚਾਹ ਨੂੰ ਦਿਲ ਕਰ ਰਿਹਾ ਸੀ।

"ਕਦੇ ਹੋਰ ਕਿਸੇ ਨੂੰ ਵੀ ਸੁਲਾਹ ਮਾਰ ਲਿਆ ਕਰੋ।" ਇਕ ਪ੍ਰੋਫੈਸਰ ਸੀ। ਰਣਜੀਤ ਤੇ ਉਸ ਦੀ ਅੱਖ ਨਸ਼ਿਆਈ ਰਹਿੰਦੀ ਸੀ।

ਦੋਵੇਂ ਚਾਹ ਪੀਂਦੇ ਹੱਸਦੇ ਰਹੇ।

"ਹੱਸ ਤਾਂ ਰਹੇ ਹਾਂ, ਜੇਕਰ ਕੋਈ ਤੂਫ਼ਾਨ ਖੜ੍ਹਾ ਹੋ ਗਿਆ?"

"ਮੈਨੂੰ ਤਾਂ ਪ੍ਰਵਾਹ ਨਹੀਂ-ਆਪਣੀ ਗੱਲ ਕਰ।" ਮੈਡਮ ਰਣਜੀਤ ਦੀਆਂ ਅੱਖਾਂ 'ਚ ਝਾਕ ਰਹੀ ਸੀ।

"ਮੈਡਮ ਮੈਂ ਤੁਹਾਡੀ ਭਾਵਨਾ ਦੀ ਕਦਰ ਕਰਦਾ ਹਾਂ, ਪਰ ਮੈਂ ਬਹੁਤ ਦੁਖੀ ਹਾਂ।"

"ਸਾਰੇ ਦੁੱਖ ਮੈਨੂੰ ਦੇ ਦਿਉ।" ਕੁੜੀ ਮੰਨਤ ਕਰ ਰਹੀ ਸੀ।

"ਮੈਡਮ ਐਸੇ ਦੁੱਖ ਹਨ ਜਿਹੜੇ ਲਏ ਦਿੱਤੇ ਨਹੀਂ ਜਾ ਸਕਦੇ। ਬੁਰਾ ਨਹੀਂ ਮੰਨਣਾ।"

ਰਣਜੀਤ ਨੇ ਤੁਰਦਿਆਂ ਕਿਹਾ।

ਮੈਡਮ ਨੂੰ ਗ਼ੁੱਸਾ ਨਹੀਂ ਆਇਆ ਸਗੋਂ ਉਸ ਦੇ ਅੰਦਰ ਤਰਸ ਹੋਰ ਭਰ ਗਿਆ। ਪਤਾ ਨਹੀਂ ਕੀ ਆਦਮੀ ਸੀ ਰਣਜੀਤ-ਵਿਛੜੀ ਰੂਹ-ਜਿਸ ਦੀਆਂ ਅੱਖਾਂ ਕਿਸੇ ਖੋਹੀ ਚੀਜ਼ ਨੂੰ ਭਾਲਦੀਆਂ ਰਹਿੰਦੀਆਂ ਸਨ।

ਰਣਜੀਤ ਪਾਰਟ ਦੋ ਦੀ ਹਾਜ਼ਰੀ ਲਾ ਰਿਹਾ ਸੀ। ਇਕ ਰੋਲ ਨੰਬਰ ਕਿੰਨੇ ਹੀ ਦਿਨਾਂ ਤੋਂ ਗ਼ੈਰ-ਹਾਜ਼ਰ ਸੀ। ਉਹ ਰੁਕ ਗਿਆ।

"ਕਿਸ ਦਾ ਰੋਲ ਨੰਬਰ ਹੈ ਇਹ?"

"ਸਾਰੀਆਂ ਲੜਕੀਆਂ ਚੁੱਪ ਸਨ।"

"ਕਿਸੇ ਨੂੰ ਵੀ ਨਹੀਂ ਪਤਾ?"

"ਜੀ ਕੰਵਲ ਦਾ।" ਕੋਈ ਆਵਾਜ਼ ਆਈ।

"ਘਰ ਗਈ ਹੈ?"

"ਜੀ ਨਹੀਂ।"

"ਫਿਰ ਕਲਾਸ ਅਟੈਂਡ ਕਿਉਂ ਨਹੀਂ ਕਰਦੀ?"

"ਉਸ ਨੂੰ ਪੁੱਛ ਲਉ।"

"ਬੁਲਾ ਕੇ ਲਿਆਉ।"

ਕੰਵਲ ਆ ਗਈ। ਉਸ ਦਾ ਮੁੱਖ ਤੱਕ ਕੇ ਰਣਜੀਤ ਡਰ ਜਿਹਾ ਗਿਆ। "ਬੈਠੋ" ਹੋਰ ਰਣਜੀਤ ਕੁਛ ਵੀ ਨਹੀਂ ਕਹਿ ਸਕਿਆ।

ਕਲਾਸ ਖਤਮ ਹੋ ਗਈ। ਰਣਜੀਤ ਧੁਪ 'ਚ ਕੁਰਸੀ 'ਤੇ ਬੈਠ ਗਿਆ। ਕੰਵਲ ਦਰਸ਼ਨ ਦੇ ਨਾਲ ਆਈ।

"ਸਰ, ਇਹ ਕੋਈ ਗੱਲ ਕਰਨਾ ਚਾਹੁੰਦੀ ਹੈ।" ਦਰਸ਼ਨ ਸ਼ਰਾਰਤਨ ਸੀ। ਕੰਵਲ ਮੁਰਝਾਈ ਖੜ੍ਹੀ ਸੀ।

ਰਣਜੀਤ ਨੇ ਕੰਵਲ ਨੂੰ ਗਹੁ ਨਾਲ ਤੱਕਿਆ। ਥੋੜਾ ਹੱਸ ਪਿਆ।

"ਬੈਠ ਜਾਉ-ਹਾਂ ਕਹੋ।"

ਕੰਵਲ ਉਸੀ ਤਰ੍ਹਾਂ ਚੁੱਪ ਸੀ। ਰਣਜੀਤ ਥੋੜ੍ਹਾ ਡਰ ਵੀ ਗਿਆ ਸੀ। ਉਸ ਦਾ ਅੰਦਰ ਡਰ ਗਿਆ ਸੀ ਕਿਤੇ ਕੁੜੀ ਕੋਈ ਮੁਸ਼ਕਲ ਨਾ ਬਣ ਜਾਏ।

"ਬੋਲ ਨਹੀਂ ਰਹੀਆਂ। ਬੋਲ ਕੰਵਲ।"

"ਸਰ ਇਹ ਪੁੱਛਦੀ ਹੈ ਤੁਸੀਂ ਇਤਨੇ ਉਦਾਸ ਕਿਉਂ ਰਹਿੰਦੇ ਹੋ।"

ਰਣਜੀਤ ਜ਼ੋਰ ਨਾਲ ਖਿੜ ਖਿੜ ਕਰਕੇ ਹੱਸ ਪਿਆ। ਕਿੰਨਾ ਹੀ ਚਿਰ ਹੱਸਦਾ ਰਿਹਾ। ਦੋਵੇਂ ਕੁੜੀਆਂ ਚੁੱਪ ਚੁੱਪ ਤਕਦੀਆਂ ਰਹੀਆਂ।

"ਤੁਹਾਨੂੰ ਕਿਸ ਨੇ ਕਿਹਾ?"

"ਸਰ, ਇਹ ਕਹਿਣ ਦੀ ਭਲਾ ਕੀ ਗੱਲ ਹੈ।" ਕੰਵਲ ਚੁਪਕੇ ਬੋਲੀ।

ਰਣਜੀਤ ਨੇ ਗਹੁ ਨਾਲ ਤੱਕਿਆ ਤੇ ਕਿੰਨਾ ਹੀ ਚਿਰ ਤੱਕਦਾ ਰਿਹਾ। ਕੁੜੀਆਂ ਦੇ ਮੁੱਖਾਂ 'ਤੇ ਸੁੱਚੀ ਹਮਦਰਦੀ ਲਿਖੀ ਪਈ ਸੀ। ਉਹ ਫਰਿਸ਼ਤੇ ਜਾਪਦੀਆਂ ਸਨ ਜਿਹੜੇ ਧਰਤੀ 'ਤੇ ਉਤਰ ਆਏ ਸਨ।

"ਸਰ, ਦੱਸੋ ਨਾ।" ਕੁੜੀ ਨੇ ਰਿਹਾੜ ਕੀਤੀ।

"ਕੰਵਲ, ਕੁਛ ਭਾਵ ਐਸੇ ਹੁੰਦੇ ਨੇ ਜਿਹੜੇ ਸ਼ਬਦਾਂ ਦਾ ਰੂਪ ਨਹੀਂ ਲੈਂਦੇ। ਕੁਛ ਗੱਲਾਂ ਐਸੀਆਂ ਹੁੰਦੀਆਂ, ਜਿਹੜੀਆਂ ਦੱਸੀਆਂ ਸੁਣੀਆਂ ਨਹੀਂ ਜਾਦੀਆਂ।"

"ਤਾਂ ਸਾਡਾ ਤੁਹਾਡੇ 'ਤੇ ਕੋਈ ਹੱਕ ਨਹੀਂ?"

"ਬਹੁਤ ਹੈ।"

"ਫਿਰ ਦਸਦੇ ਕਿਉਂ ਨਹੀਂ?"

"ਕੁਛ ਗੱਲਾਂ ਨਾ ਹੀ ਸੁਣੀਆਂ ਜਾਣ ਤਾਂ ਚੰਗਾ ਹੈ।"

"ਅਸੀਂ ਤਾਂ ਸੁਣ ਕੇ ਹਟਾਂਗੀਆਂ।"

"ਕੀ ਫਾਇਦਾ?"

"ਜਾਂ ਕਹੋ ਸਾਡਾ ਤੁਹਾਡਾ ਕੋਈ ਸੰਬੰਧ ਨਹੀਂ।"

"ਅੱਛਾ ਇਕ ਵਾਇਦਾ ਕਰੋ।"

"ਦੱਸੋ।" ਕੁੜੀਆਂ ਬੜੀਆਂ ਖ਼ੁਸ਼ ਸਨ।

"ਕਦੇ ਉਦਾਸ ਨਹੀਂ ਰਹੋਗੀਆਂ-ਮੇਰੀ ਮਜਬੂਰੀ 'ਤੇ ਸ਼ਿਕਵਾ ਨਹੀਂ ਕਰੋਗੀਆਂ।"

"ਪੱਕਾ ਵਾਅਦਾ।"

"ਕਦੇ ਕਲਾਸ ਨਹੀਂ ਮਿਸ ਕਰੋਗੀਆਂ। ਪੜ੍ਹਾਈ ਦਿਲ ਲਾ ਕੇ ਕਰੋਗੀਆਂ।"

"ਇਕ ਦਮ ਪੱਕਾ ਵਾਦਾ।"

"ਅੱਛਾ ਵਾਅਦਾ ਰਿਹਾ-ਕਦੇ ਕਹਾਣੀ ਜ਼ਰੂਰ ਦੱਸਾਂਗਾ।"

"ਨਹੀਂ ਇਸੀ ਵਕਤ।"

"ਦੇਖੋ ਘੰਟੀ ਵਜ ਗਈ-ਕਲਾਸ ਦਾ ਸਮਾਂ।"

"ਚੰਦਰੀ ਘੰਟੀ।"

ਕੁੜੀਆਂ ਨੇ ਲਾਡਲਾ ਰੋਣਹਾਕਾ ਮੂੰਹ ਬਣਾ ਲਿਆ।

ਕਲਾਸ ਮਗਰੋਂ ਸਟਾਫ਼ ਮੀਟਿੰਗ ਸੀ।

ਮੀਟਿੰਗ ਵਿਚ ਸਾਲਾਨਾ ਵਰਾਇਟੀ ਸ਼ੋ ਪ੍ਰੋਗਰਾਮ 'ਤੇ ਵਿਚਾਰ ਕਰਨਾ ਸੀ। ਰਣਜੀਤ ਚੌਂਕਿਆ ਜਦ ਉਸ ਨੂੰ ਇਸ ਪ੍ਰੋਗਰਾਮ ਦਾ ਇੰਚਾਰਜ ਬਣਾ ਦਿੱਤਾ। ਦੋ ਡਰਾਮੇ, ਭੰਗੜਾ, ਗਿੱਧਾ ਤਿਆਰ ਕਰਵਾਉਣਾ ਸੀ।

"ਮੈਡਮ, ਮੈਂ ਕਿਸ ਤਰ੍ਹਾਂ?"

"ਜੀ ਹਾਂ-ਤੁਹਾਨੂੰ ਹੀ ਕਰਾਣਾ ਪਵੇਗਾ।"

ਕਾਲਜ ਦੀ ਹਿਸਟਰੀ 'ਚ ਪਹਿਲੀ ਵਾਰ ਕੋਈ ਮਰਦ ਇਸ ਪ੍ਰੋਗਰਾਮ ਦਾ ਇੰਚਾਰਜ ਸੀ। ਰਣਜੀਤ ਸੋਚ ਕੇ ਕੰਬ ਗਿਆ।

"ਡਰੋ ਨਾ ਤੁਹਾਡੀ ਮਦਦ ਲਈ ਇਕ ਪ੍ਰੋਫੈਸਰ ਕੰਮ ਕਰੇਗੀ।"

"ਲੇਕਿਨ ਰੀਹਰਸਲ ਕਰਦਿਆਂ।"

"ਤੁਸੀਂ ਕਿਸੇ ਗੱਲ ਦੀ ਚਿੰਤਾ ਨਾ ਕਰੋ।"

"ਬਹੁਤ ਵੱਡੀ ਜ਼ਿਮੇਦਾਰੀ ਹੈ ਇਨਸਾਨ...."

"ਇਨਸਾਨ ਹੀ ਹਰ ਇਮਤਿਹਾਨ 'ਚੋਂ ਪਾਸ ਹੁੰਦੈ।"

ਮੈਡਮ ਉਠ ਕੇ ਤੁਰ ਗਈ ਸੀ।

ਰਣਜੀਤ ਬੜਾ ਹੀ ਚਿਰ ਥਾਂ 'ਤੇ ਬੈਠਾ ਰਿਹਾ। ਉਸ ਨੂੰ ਕਿਸੇ ਬਹੁਤ ਵੱਡੀ ਜ਼ਿਮੇਦਾਰੀ ਦੇ ਅਹਿਸਾਸ ਨੇ ਦੱਬ ਲਿਆ ਸੀ।

ਕੁੜੀਆਂ 'ਚ ਇਸ ਗੱਲ ਦੀ ਬੜੀ ਚਰਚਾ ਸੀ। ਕਈ ਪ੍ਰੋਫੈਸਰਾਂ ਅੰਦਰੋ ਅੰਦਰ ਇਸ ਫੈਸਲੇ ਦੀ ਨਿੰਦਿਆ ਕਰ ਰਹੀਆਂ ਸਨ।

ਰਣਜੀਤ ਅਡੋਲ ਹੀ ਸਾਰਾ ਕੁਛ ਸੁਣਦਾ ਰਹਿੰਦਾ ਸੀ।

ਅਗਲੇ ਦਿਨ ਡਰਾਮੇ, ਗਿੱਧੇ ਲਈ ਕੁੜੀਆਂ ਚੁਣੀਆਂ ਗਈਆਂ। ਉਸ ਦੀ ਸਹਾਇਕ ਪ੍ਰੋਫੈਸਰ ਉਸ ਦੀ ਆਸ਼ਕ ਸੀ।

"ਕੁਦਰਤ ਕੰਮ ਲਈ ਤਾਂ ਇਕੱਠਾ ਕਰਦੀ ਹੈ ਪਰ ਵੈਸੇ ਕਿਉਂ ਮਿਹਰਬਾਨ ਨਹੀਂ ਹੁੰਦੀ?"

"ਉਸ ਦੀ ਮਰਜ਼ੀ ਹੈ।"

ਦੋਵੇਂ ਜ਼ੋਰ ਨਾਲ ਹੱਸ ਪਏ।

"ਮੈਨੂੰ ਮੈਡਮ ਦੀ ਮਰਜ਼ੀ ਦੀ ਸਮਝ ਨਹੀਂ ਪਈ ਕਿ ਕੁੜੀਆਂ ਨੂੰ ਗਿੱਧਾ ਪਾਣ ਸਿਖਾਣ ਲਈ ਮਰਦ- ਚੁਣ ਲਿਆ।"

"ਨਹੀਂ ਛੱਲੀਆਂ ਦਾ ਰਾਖੀ ਗਿੱਦੜ ਬਹਾ ਦਿੱਤਾ।"

ਦੋਵੇਂ ਫੇਰ ਹੱਸ ਪਏ।

"ਦੇਖੀਏ ਗਿੱਦੜ ਦਾ ਸਬਰ ਕਿੰਨਾ ਕੁ ਹੈ- ਛੱਲੀਆਂ ਰੰਗ ਬਰੰਗੀਆਂ ਹੇਠ ਉਤੇ ਹਨ।"

"ਜਦ ਤੱਕ ਕੋਈ ਛੱਲੀ ਟੁੱਟ ਕੇ ਮੂੰਹ 'ਚ ਨਹੀਂ ਆ ਪੈਂਦੀ ਤਦ ਤਕ ਤਾਂ ਗਿੱਦੜ ਦਾ ਸਬਰ ਟੁੱਟਣ ਨਹੀਂ ਲੱਗਿਆ।"

"ਛੱਲੀ ਤਾਂ ਪੈ ਰਹੀ ਹੈ-ਗਿੱਦੜ 'ਚ ਸਾਹ ਸਤ ਨਹੀਂ।"

ਦੋਵੇਂ ਬਹੁਤ ਜ਼ੋਰ ਨਾਲ ਹੱਸੇ।

"ਅੱਛਾ ਮੈਡਮ, ਪ੍ਰੋਗਰਾਮ ਐਸੇ ਤਿਆਰ ਹੋਣੇ ਚਾਹੀਦੇ ਹਨ ਕਿ ਕਾਲਜ ਵਿਚ ਰਿਕਾਰਡ ਕਾਇਮ ਹੋ ਜਾਵੇ।"

"ਰਿਕਾਰਡ ਤਾਂ ਸਹਿਜੇ ਹੀ ਕਾਇਮ ਹੋ ਸਕਦੈ, ਗਿੱਦੜ ਹੀ ਕੰਨਾਂ ਨਹੀਂ ਲਾਂਦਾ।"

ਦੋਵੇਂ ਸੰਜੀਦਾ ਜਿਹਾ ਹੱਸ ਕੇ ਚੁੱਪ ਕਰ ਗਏ।

ਸ਼ਾਮ ਸਮੇਂ ਰੀਹਰਸਲ ਹੋਈ। ਇਕ ਪੰਜਾਬੀ ਡਰਾਮਾ ਸ਼ੈਕਸਪੀਅਰ ਦੇ ਡਰਾਮੇ ਉਥੈਲੋ ਦੇ ਮਰਡਰ ਸੀਨ ਦੀ ਰੀਹਰਸਲ 'ਤੇ ਗਿੱਧੇ ਦੇ ਕੁਛ ਕੁ ਐਕਸ਼ਨ। ਕੰਵਲ ਡੈਸਡੀਮੋਨਾ ਦਾ ਰੋਲ ਕਰ ਰਹੀ ਸੀ। ਉਪਿੰਦਰ ਉਥੈਲੋ ਦਾ, ਜਿਹੜੀਆਂ ਹਮਰਾਜ਼ ਵੀ ਸਨ-ਪੱਕੀਆਂ ਸਹੇਲੀਆਂ।

ਕੁਛ ਦਿਨਾਂ ਦੀ ਰੀਹਰਸਲ ਮਗਰੋਂ ਹੀ ਪਤਾ ਲੱਗ ਗਿਆ ਸੀ ਕਿ ਆਈਟਿਮਜ਼ ਬਹੁਤ ਵਧੀਆ ਹੋਣਗੀਆਂ, ਪੰਜਾਬੀ ਡਰਾਮਾ ਆਪਣੇ ਹੀ ਰੰਗ ਦਾ ਸੀ, ਜਿਸ ਵਿਚ ਹਾਸਾ ਮਜ਼ਾਕ ਬਹੁਤ ਸੀ, ਜਿਹੜਾ ਸਟੇਜੀ ਗੁਣਾਂ ਨਾਲ ਭਰਪੂਰ ਸੀ।

"ਮੈਂ ਮੈਡਮ ਦੀ ਬਹੁਤ ਸ਼ੁਕਰ ਗੁਜ਼ਾਰ ਹਾਂ।"

"ਉਹ ਕਿਸ ਲਈ?" ਰਣਜੀਤ ਮੈਡਮ ਦੀ ਟੋਨ ਤੋਂ ਨਾਵਾਕਿਫ਼ ਸੀ।

"ਉਸ ਨੇ ਮੋਸਟ ਰੋਮਾਂਟਿਕ ਹੀਰੋ ਨਾਲ ਕੁਛ ਘੰਟੇ ਬਿਤਾਨ ਦਾ ਮੌਕਾ ਦਿੱਤਾ।"

ਦੋਵੇਂ ਹੱਸ ਪਏ।

"ਰੋਮਾਂਟਿਕ ਹੀਰੋ-ਜਨਾਬ ਦਾ ਇਹੀ ਨਾਂ ਸਟਾਫ਼ 'ਚ ਮਸ਼ਹੂਰ ਹੈ।"

"ਇਹ ਸਟਾਫ਼ ਕੀ ਚੀਜ਼ ਹੈ?"

"ਖੰਭਾਂ ਦੀਆਂ ਡਾਰਾਂ ਬਨਾਣ ਵਾਲੀ।"

"ਹੁਣ ਬਣ ਰਹੀਆਂ ਹਨ ਡਾਰਾਂ।"

"ਨਾ ਬਣਨਗੀਆਂ ਤਾਂ ਮੈਂ ਬਣਾਵਾਂਗੀ।"

"ਕੀ ਮਤਲਬ?"

"ਵੈਸੇ ਤਾਂ ਨਸੀਬ 'ਚ ਨਹੀਂ ਸਾਥ-ਗੱਲਾਂ ਤਾਂ ਉਡ ਲੈਣ।"

"ਕਿਤੇ ਇਹ ਗੱਲਾਂ ਭਾਰੀ ਨਾ ਪੈਣ?"

"ਅਜਿਹੀ ਪ੍ਵਾਹ ਨਹੀਂ ਕਦੇ ਕੀਤੀ।" ਉਹ ਬੜੀ ਹੌਸਲੇ ਵਾਲੀ ਸੀ।

ਕੁੜੀਆਂ ਰੀਹਰਸਲ ਕਰਦੀਆਂ ਰਹਿੰਦੀਆਂ ਸਨ ਤੇ ਉਹ ਆਪਣੇ ਡਰਾਮੇ 'ਚ ਮਸਤ ਰਹਿੰਦੇ ਸਨ।

ਦਿਨ ਤੇਜ਼ੀ ਨਾਲ ਗੁਜ਼ਰ ਰਹੇ ਸਨ। ਰੁਝੇਵਾਂ ਇਸ ਤਰ੍ਹਾਂ ਦਾ ਰਹਿੰਦਾ ਸੀ ਕਿ ਦਿਨ ਚੜ੍ਹਦੇ ਦਾ ਨਾ ਛੁਪਦੇ ਦਾ ਕਦੇ ਪਤਾ ਰਹਿੰਦਾ ਸੀ।

## 4.

**ਗਲ ਲੱਗ ਕੇ ਯਾਰ ਦੇ ਰੋਈ,**
**ਮਾਪਿਆਂ ਨੇ ਝਿੜਕ ਦਿੱਤੀ।**

ਕੰਮ ਦੇ ਰੁਝੇਵੇਂ ਨੇ ਸ਼ੀਤਲ ਦਾ ਖ਼ਿਆਲ ਰਣਜੀਤ ਦੇ ਦਿਮਾਗ 'ਚੋਂ ਘਟਾ ਰੱਖਿਆ। ਰਾਤ ਸਮੇਂ ਸੌਂਦਾ, ਉਹ ਸ਼ੀਤਲ ਨੂੰ ਛਾਤੀ 'ਤੇ ਸੁਲਾ ਕੇ ਸੌਂਦਾ ਸੀ। ਰਾਤ ਭਰ ਉਸ ਨਾਲ ਦੇਹਰਾਦੂਨ ਦੀਆਂ ਅਮੁਕ ਲੰਮੀਆਂ ਸੜਕਾਂ 'ਤੇ ਸੈਰ ਕਰਦਾ ਸੀ।

"ਸਰ ਤੁਹਾਡੀ ਚਿੱਠੀ।" ਕੰਵਲ ਕਹਿ ਰਹੀ ਸੀ।

ਰਣਜੀਤ ਨੇ ਚਿੱਠੀ ਵੱਲ ਤੇ ਫੇਰ ਕੰਵਲ ਵੱਲ ਤੱਕਿਆ। ਕੰਵਲ ਦੇ ਹੋਂਠਾਂ 'ਤੇ ਮੁਸਕਾਨ ਸੀ ਤੇ ਉਹ ਉਸੀ ਤਰ੍ਹਾਂ ਮੁਸਕਾਂਦੀ ਤੁਰ ਗਈ। ਰਣਜੀਤ ਥੋੜ੍ਹਾ ਚਿਰ ਕੰਵਲ ਬਾਰੇ ਸੋਚਦਾ ਰਿਹਾ ਸੀ।

ਰਣਜੀਤ ਨੇ ਤਕ ਲਿਆ ਸੀ ਕਿ ਸ਼ੀਤਲ ਦੀ ਚਿੱਠੀ ਸੀ। ਉਸ ਨੇ ਹਾਬੜਿਆਂ ਵਾਂਗ ਚਿੱਠੀ ਖੋਲ੍ਹੀ।

"ਪਿਆਰੇ ਰਣਜੀਤ,

ਸ਼ਾਇਦ ਮੈਂ ਜ਼ਿੰਦਾ ਨਾ ਰਹਿ ਸਕਾਂ, ਇਸ ਕਰਕੇ ਤੁਰੰਤ ਹੀ ਮਿਲਣ ਆ ਜਾਉ। ਜਦ ਤਕ ਪਹੁੰਚਦੇ ਨਹੀਂ ਮੈਂ ਹੋਸਟਲ ਦੇ ਗੇਟ ਵਲ ਹੀ ਤਕਦੀ ਰਹਾਂਗੀ।

ਤੁਹਾਡੀ
ਸ਼ੀਤਲ

ਦੋ ਬਾਰ, ਤਿੰਨ ਬਾਰ ਪੜ੍ਹ ਕੇ ਵੀ ਰਣਜੀਤ ਨੂੰ ਸੱਚ ਨਾ ਆਇਆ ਕਿ ਉਹ ਚਿੱਠੀ ਸ਼ੀਤਲ ਨੇ ਹੀ ਲਿਖੀ ਸੀ। ਉਹ ਹਾਰ ਕੇ ਬੈਠ ਗਿਆ। ਉਸ ਦੇ ਦਿਲ ਦਿਮਾਗ 'ਤੇ ਇਸ ਤਰ੍ਹਾਂ ਦਾ ਬੋਝ ਪਿਆ ਜਿਸ ਨੇ ਉਸ 'ਚੋਂ ਸੱਤਿਆ ਜਿਹੀ ਖਿਚ ਲਈ। ਕੁਛ ਪਲ ਉਹ ਕੁਰਸੀ ਤੋਂ ਨਾ ਉਠ ਸਕਿਆ।

"ਮੈਡਮ! ਮੈਨੂੰ ਚਾਰ ਦਿਨ ਦੀ ਛੁੱਟੀ ਚਾਹੀਦੀ ਹੈ।"

"ਇਸ ਸਮੇਂ-ਨਹੀਂ ਨਹੀਂ ਰਣਜੀਤ ਜੀ-ਇਹ ਕੋਈ ਛੁੱਟੀ ਮੰਗਣ ਦਾ ਸਮਾਂ ਨਹੀਂ।"

"ਪਰ ਮੇਰਾ ਜਾਣਾ ਬਹੁਤ ਜ਼ਰੂਰੀ ਹੈ।"

"ਪ੍ਰੋਗਰਾਮ ਨਾਲੋਂ ਕੁਛ ਵੀ ਬਹੁਤਾ ਜ਼ਰੂਰੀ ਨਹੀਂ ਹੋ ਸਕਦਾ।"

"ਪ੍ਰੋਗਰਾਮ ਦੀ ਤਿਆਰੀ ਹੁੰਦੀ ਰਹੇਗੀ-ਚਿੰਤਾ ਨਾ ਕਰੋ।"

"ਕਿੰਨੇ ਦਿਨਾਂ ਦੀ ਛੁੱਟੀ?"

"ਚਾਰ ਦਿਨਾਂ ਦੀ।"

"ਬਹੁਤ ਮੁਸ਼ਕਿਲ ਹੈ-ਜ਼ਿਦ ਨਾ ਕਰੋ।"

"ਮੈਡਮ! ਕਿਸੇ ਦੀ ਜ਼ਿੰਦਗੀ ਦਾ ਸਵਾਲ ਹੈ।"

"ਮੈਂ ਚਾਹੁੰਦੀ ਨਹੀਂ-ਪਰ ਰੋਕ ਵੀ ਨਹੀਂ ਸਕਦੀ।"

ਰਣਜੀਤ ਰਾਤ ਦੀ ਗੱਡੀ ਬੈਠ ਸਹਾਰਨਪੁਰ ਸਵੇਰੇ ਸਵੇਰੇ ਪੁੱਜਿਆ। ਅੱਧ ਸੁੱਤਾ ਉਹ ਕਿੰਨੀ ਹੀ ਵਾਰੀ ਦੇਹਰਾਦੂਨ ਜਾ ਆਇਆ ਸੀ। ਜਾਗ ਖੁਲ੍ਹਦੀ ਸੀ ਤਾਂ ਮੁੱਠੀਆਂ ਮੀਚ ਕੇ ਰਹਿ ਜਾਂਦਾ ਸੀ।

ਸਹਾਰਨਪੁਰ ਤੋਂ ਟੈਕਸੀ 'ਤੇ ਬੈਠ ਉਹ ਪੂਰੇ ਅੱਠ ਵਜੇ ਹੋਸਟਲ ਪਹੁੰਚ ਗਿਆ। ਹੋਸਟਲ ਪਹੁੰਚ ਕੇ ਉਸ ਨੂੰ ਸਮੱਸਿਆ ਦਾ ਚੇਤਾ ਆਇਆ ਕਿ ਉਹ ਕਿਸੇ ਰਿਸ਼ਤੇਦਾਰੀ ਦੇ ਬਹਾਨੇ ਮਿਲੇ। ਕਿਸੇ ਜ਼ਿੰਮੇਂਦਾਰੀ ਦੇ ਅਹਿਸਾਸ ਨੇ ਇਕ ਪਲ ਲਈ ਉਸ ਨੂੰ ਰੋਕ ਲਿਆ।

ਸਾਹਮਣੇ ਦੇਖਿਆ ਸ਼ੀਤਲ ਆ ਰਹੀ ਸੀ।

"ਹੈਂ-ਸ਼ੀਤਲ!" ਰਣਜੀਤ ਲਈ ਸ਼ੀਤਲ ਬੇਸਿਆਣ ਹੋ ਗਈ ਸੀ। ਕੇਵਲ ਪੰਦਰਾਂ ਦਿਨ ਹੀ ਤਾਂ ਮਸਾਂ ਗੁਜ਼ਰੇ ਸਨ।

"ਮੈਨੂੰ ਯਕੀਨ ਸੀ ਸੁਬ੍ਹਾ ਹੀ ਪਹੁੰਚ ਜਾਉਗੇ।"

"ਅੱਛਾ।"

"ਮੈਂ ਘੰਟੇ ਤੋਂ ਗੇਟ ਵੱਲ ਤੱਕ ਰਹੀ ਸੀ।"

ਉਹ ਮੀਟਿੰਗ ਹਾਲ 'ਚ ਪਹੁੰਚ ਗਏ। ਸ਼ੀਤਲ ਦੇ ਚਿਹਰੇ 'ਤੇ ਰੌਣਕ ਨੇ ਜਨਮ ਲਿਆ ਸੀ। ਉਹ ਚਾਹ ਦਾ ਪ੍ਰਬੰਧ ਕੀਤਾ। ਪਰ ਰਣਜੀਤ ਚਾਹੁੰਦਾ ਸੀ। ਉਹ ਕਦ ਉਸ ਪਾਸ ਬੈਠੇ ਤੇ ਉਹ ਹਾਲ ਚਾਲ ਪੁੱਛੇ।

"ਅਹਿਜੀ ਚਿੱਠੀ ਕਿਉਂ ਲਿਖੀ?"

"ਵਰਨਾ ਕਿਸ ਮਿਲਣ ਆਉਣਾ ਸੀ।"

"ਦੱਤ-ਤੇਰੇ ਦੀ।"

ਇਕ ਭਾਰ ਰਣਜੀਤ ਦੇ ਦਿਲ ਤੋਂ ਲੱਥ ਗਿਆ।

ਉਸ ਸੁਖਾਲਾ ਹੋ ਕੇ ਨਾਸ਼ਤਾ ਕੀਤਾ। ਸ਼ੀਤਲ ਵੀ ਉਸ ਦੇ ਨਾਲ ਨਾਸ਼ਤਾ ਕਰ ਰਹੀ ਸੀ। ਮਿਸ ਸ਼ਰਮਾ ਰਣਜੀਤ ਨੂੰ ਮਿਲ ਗਈ ਹੋਰ ਵੀ ਕੁੜੀਆਂ ਝਾਤੀ ਮਾਰ ਕੇ ਮੁੜ ਰਹੀਆਂ ਸਨ।

"ਸੱਚ ਹੀ ਸੁੱਖ ਹੈ ਨਾ?"

"ਨਹੀਂ।" ਸ਼ੀਤਲ ਨੇ ਕਿਹਾ। "ਪਰ ਚਿੰਤਾ ਵਾਲੀ ਕੋਈ ਗੱਲ ਨਹੀਂ।"

"ਮੈਂ ਬਹੁਤ ਬਿਜ਼ੀ ਸਾਂ।"

"ਮੇਰੇ ਨਾਲੋਂ ਕੰਮ ਚੰਗਾ ਹੈ?"

"ਠੀਕ ਹੈ ਪਰ।"

"ਕਦੇ ਖ਼ਤ ਤਾਂ ਲਿਖ ਛੱਡਦੇ।"

"ਸੋਚਿਆ ਤੇਰੀ ਡਾਕ ਸੈਂਸਰ ਨਾ ਹੁੰਦੀ ਹੋਵੇ।"

"ਦੇਖੀ ਜਾਂਦੀ-ਕੁਛ ਦਿਲਾਸਾ ਤਾਂ ਹੁੰਦਾ-ਤੁਹਾਨੂੰ ਕੀ ਪਤਾ ਕਿਸ ਤਰ੍ਹਾਂ ਇਹ ਦਿਨ ਲੰਘਦੇ ਨੇ।"

"ਕੋਈ ਗੜਬੜ ਜ਼ਰੂਰ ਹੋਈ ਹੈ।"

"ਹਾਂ।" ਤੇ ਸ਼ੀਤਲ ਨੇ ਘਰ ਵਾਲੀ ਸਾਰੀ ਘਟਨਾ ਦੱਸ ਦਿੱਤੀ।

ਕਹਾਣੀ ਦੱਸਣ ਮਗਰੋਂ ਦੋਵੇਂ ਕਿੰਨਾ ਹੀ ਚਿਰ ਚੁੱਪ ਰਹੇ।

"ਸ਼ੀਤਲ ਮਾਂ ਬਾਪ ਨੂੰ ਨਾਰਾਜ਼ ਕਰਨਾ ਸਮਝਦਾਰੀ ਨਹੀਂ।"

"ਪਿਆਰ ਕਰਨਾ ਕਿਹੜਾ ਸਮਝਦਾਰੀ ਹੈ।"

"ਹਾਂ।"

"ਪਰ ਸਮਝਦਾਰੀ ਨਾਲ ਮੇਰਾ ਕੋਈ ਵਾਸਤਾ ਨਹੀਂ!"

ਰਣਜੀਤ ਦੇ ਅੰਦਰ ਇਕ ਕਸ਼ਮਕਸ਼ ਉਭਰ ਪਈ, ਉਸ ਦੀ ਜ਼ਿੰਦਗੀ ਪਹਿਲਾਂ ਹੀ ਬਹੁਤ ਉਲਝੀ ਹੋਈ ਸੀ। ਦੂਸਰੀ ਉਲਝਣ ਛੇਤੀ ਲੈਣੀ ਬੜੀ ਭੈੜੀ ਸੀ, ਪਰ ਉਸ ਦੇ ਵੱਸ 'ਚ ਕੁਛ ਵੀ ਨਹੀਂ ਸੀ। ਜ਼ਨਾਨੀ ਦੀ ਛੁਹ ਦੀ ਭੁੱਖ, ਉਸਦੇ ਸਾਥ ਦਾ ਅਹਿਸਾਸ ਉਸਦੀ ਕਮਜ਼ੋਰੀ ਬਣ ਗਈ ਸੀ, ਪਰ ਤਦ ਵੀ ਉਹ ਸਮਾਜਕ ਜ਼ਿੰਮੇਦਾਰੀ ਤੋਂ ਪੂਰੀ ਤਰ੍ਹਾਂ ਖ਼ਬਰਦਾਰ ਸੀ। ਸ਼ੀਤਲ ਅੱਲੜ੍ਹ ਮੁਟਿਆਰ ਸੀ। ਜਜ਼ਬਾਤੀ ਸੀ, ਬੇਸਮਝ ਸੀ, ਜਿਸ ਨੂੰ ਕਿਸੇ ਜ਼ਿੰਮੇਦਾਰੀ ਦਾ ਕੋਈ ਅਹਿਸਾਸ ਨਹੀਂ ਸੀ। ਦੁਨੀਆ ਰਣਜੀਤ ਨੂੰ ਕੋਸੇਗੀ- ਰਣਜੀਤ ਨੇ ਜਾਣ ਬੁਝ ਕੇ ਕੁਛ ਨਹੀਂ ਕੀਤਾ- ਪਰ ਤਦ ਵੀ ਉਸਨੂੰ ਸੰਭਲਣਾ ਚਾਹੀਦਾ ਹੈ। ਸੰਭਲਣਾ ਮਤਲਬ ਸ਼ੀਤਲ ਦਾ ਦਿਲ ਤੋੜਨਾ ਹੈ। ਕੀ ਸ਼ੀਤਲ ਜ਼ਿੰਦਾ ਰਹਿ ਸਕੇਗੀ? ਰਣਜੀਤ ਦੀ ਰੂਹ ਕੰਬੀ- ਤੁਰੰਤ ਲੱਗੇ ਫੱਟ ਨਾਲ ਸ਼ੀਤਲ ਮਰ ਜਾਏਗੀ, ਪਰ ਹੌਲੀ-ਹੌਲੀ ਸ਼ੀਤਲ ਨੂੰ ਸਮਝਾਇਆ ਜਾ ਸਕਦਾ ਹੈ-ਰਣਜੀਤ ਦਾ ਦਿਲ ਬੋਲ ਰਿਹਾ ਸੀ।

"ਕੀ ਸੋਚ ਰਹੇ ਹੋ?"

"ਕੁਛ ਨਹੀਂ। ਐਵੇਂ।"

"ਰਣਜੀਤ ਮੈਂ ਤੁਹਾਡੇ ਬਿਨਾਂ ਮਰ ਜਾਵਾਂਗੀ।" ਸ਼ੀਤਲ ਬੱਚਿਆਂ ਵਾਂਗ ਕਰ ਰਹੀ ਸੀ।

ਰਣਜੀਤ ਨੇ ਆਲੇ ਦੁਆਲੇ ਤੱਕ ਕੇ ਉਸਨੂੰ ਚੁੱਪ ਕਰਾਇਆ। ਸ਼ੀਤਲ ਨੇ ਕਲਾਸਾਂ 'ਚ ਜਾਣ ਤੋਂ ਛੁੱਟੀ ਕੀਤੀ। ਹੋਸਟਲ ਤੋਂ ਬਾਹਰ ਜਾਣ ਦੀ ਛੁੱਟੀ ਪ੍ਰਾਪਤ ਕੀਤੀ-ਸ਼ੀਤਲ ਦੇ ਮਾਮੇ ਤੇ ਲੜਕੇ ਦਾ ਵਿਜ਼ਟਰਜ਼ ਦੀ ਲਿਸਟ ਵਿਚ ਨਾਂ ਸੀ। ਸ਼ੀਤਲ ਨੇ ਉਹ ਨਾਂ ਵਰਤਿਆ।

ਟਾਂਗੇ 'ਤੇ ਚੜ੍ਹ ਕੇ ਉਹ ਪਲਟਨ ਬਾਜ਼ਾਰ ਆ ਗਏ। ਉਹ ਬੇਮਤਲਬ ਹੀ ਬਾਜ਼ਾਰ 'ਚ ਘੁੰਮ ਰਹੇ ਸਨ। ਸ਼ੀਤਲ ਦੀਆਂ ਵਾਕਿਫ਼ ਲੜਕੀਆਂ ਸ਼ਰਾਰਤੀ "ਹੈਲੋ"

ਕਰਕੇ ਲੰਘ ਜਾਂਦੀਆਂ ਸਨ। ਅੰਤ ਉਹ ਇਕ ਪਾਰਕ ਵਿਚ ਆ ਕੇ ਬੈਠ ਗਏ।

"ਕੀ ਸੋਚਿਆ ਹੈ?"

"ਤੁਸਾਂ ਕੀ ਸੋਚਿਆ ਹੈ।" ਸ਼ੀਤਲ ਬੜੀ ਤੁਰਸ਼ ਸੀ।

"ਸ਼ੀਤਲ ਪਿਆਰ ਦੇ ਬਹੁਤ ਰੂਪ ਹਨ।"

"ਫਿਰ ਲੈਕਚਰ ਸ਼ੁਰੂ ਹੋ ਗਿਆ?"

"ਅੱਛਾ ਤੂੰ ਜਿਵੇਂ ਕਹੇਂਗੀ ਉਸੀ ਤਰ੍ਹਾਂ ਕਰਾਂਗੇ ਪਰ ਮੇਰੀ ਗੱਲ ਸੁਣ।"

"ਸੁਣਾਉ।" ਸ਼ੀਤਲ ਨੇ ਉਸ ਦੀ ਹਿੱਕ 'ਤੇ ਸਿਰ ਧਰ ਕੇ ਸ਼ਰਾਰਤੀ ਨਜ਼ਰਾਂ ਨਾਲ ਤੱਕਦਿਆਂ ਕਿਹਾ।

ਮਿਲਾਪ ਦੀ ਖ਼ੁਸ਼ੀ 'ਚ ਸ਼ੀਤਲ ਨੂੰ ਪਿਛਲਾ ਸਾਰਾ ਸੰਤਾਪ ਭੁੱਲ ਗਿਆ ਸੀ। ਕਬੂਤਰੀ ਵਾਂਗ ਗੁਟਕਣ ਲੱਗ ਪਈ ਸੀ।

"ਕਈ ਵਾਰ ਕੁਰਬਾਨੀ ਦੇਣ ਮਗਰੋਂ ਸੋਚੀਦੈ ਪ੍ਰਾਪਤੀ ਬੇ-ਸੁਆਦੀ ਹੈ- ਜਾਣਦੀ ਹੈਂ ਕਿਉਂ?"

"ਕਿਉਂ?"

"ਅਸੀਂ ਸਮਾਜਕ ਰਿਸ਼ਤਿਆਂ ਨਾਲ ਇਸ ਤਰ੍ਹਾਂ ਜੁੜੇ ਹੋਏ ਹਾਂ ਕਿ ਅਸੀਂ ਉਨ੍ਹਾਂ ਨੂੰ ਕਦੇ ਭੁੱਲ ਨਹੀਂ ਸਕਦੇ-ਉਨ੍ਹਾਂ ਨੂੰ ਤੋੜ ਕੇ ਖ਼ੁਸ਼ੀ ਨਾਲ ਜੀਅ ਨਹੀਂ ਸਕਦੇ।" ਸ਼ੀਤਲ ਸੰਜੀਦਗੀ ਨਾਲ ਗੱਲ ਸੁਣ ਰਹੀ ਸੀ।

"ਇਸ ਵਾਸਤੇ ਸਾਨੂੰ ਜਤਨ ਕਰਨਾ ਚਾਹੀਦਾ ਹੈ-"

"ਕੀ?"

"ਕਿ ਮਾਂ ਬਾਪ ਦੀ ਕਿਸੇ ਨਾ ਕਿਸੇ ਤਰ੍ਹਾਂ ਮਰਜ਼ੀ ਪ੍ਰਾਪਤ ਕਰ ਲਈਏ।"

"ਜੇਕਰ ਉਹ ਨਾ ਮੰਨਣ?"

"ਤਾਂ।"

"ਮੈਂ ਰਣਜੀਤ ਹਾਰਨਾ ਨਹੀਂ ਚਾਹੁੰਦੀ। ਜੇਕਰ ਉਨ੍ਹਾਂ ਨੂੰ ਸਾਡੇ ਜਜ਼ਬਾਤਾਂ ਦੀ ਕਦਰ ਨਹੀਂ ਤਾਂ ਸਾਨੂੰ ਉਨ੍ਹਾਂ ਦੀ ਪ੍ਰਵਾਹ ਕਿਉਂ ਹੋਵੇ?"

"ਕਿਉਂ ਉਹ ਸਾਡੇ ਮਾਂ ਬਾਪ ਹਨ।"

"ਸਿਰਫ ਇਸ ਲਈ?"

"ਉਨ੍ਹਾਂ ਸਾਨੂੰ ਜਨਮ ਦਿੱਤਾ-ਪੜ੍ਹਾਇਆ ਤੇ ਇਸ ਕਾਬਲ ਬਣਾਇਆ ਕਿ ਅਸੀਂ ਆਪਾ ਪਛਾਣਨ ਲੱਗ ਪਏ।"

"ਮੈਂ ਅਜਿਹੀ ਸਿਆਣਪ ਨਹੀਂ ਸਿੱਖਣੀ।"

ਸ਼ੀਤਲ ਗ਼ੁੱਸੇ ਨਾਲ ਤਪਦੀ ਖੜ੍ਹੀ ਹੋ ਗਈ। ਰਣਜੀਤ ਹੱਸ ਪਿਆ।

"ਚਲ ਕੁਛ ਠੰਢਾ ਪਿਲਾਵਾਂ।"

"ਨਹੀਂ ਮੈਂ ਗਰਮ ਪੀਆਂਗੀ।"

"ਅੱਛਾ ਗਰਮ ਸਹੀ।"

ਉਹ ਇਕ ਹੋਟਲ 'ਚ ਚਲੇ ਗਏ।

"ਕੀ ਪੀਣੈ?"

"ਵਿਸਕੀ।"

ਰਣਜੀਤ ਹੱਸ ਪਿਆ। ਉਹ ਜਾਣਦਾ ਸੀ ਸ਼ੀਤਲ ਨੂੰ ਚਿਹ ਚੜ੍ਹੀ ਹੋਈ ਸੀ। ਸ਼ੀਤਲ ਵਿਸਕੀ ਦਾ ਪੈਗ ਪੀ ਗਈ "ਘਰਦਿਆਂ ਦੀ ਐਸੀ ਤੈਸੀ।" ਸ਼ੀਤਲ ਨੇ ਦਲੇਰਾਂ ਵਾਂਗ ਬਾਂਹ ਹਲਾਈ "ਤੁਸੀਂ ਪੀਉ।"

"ਇਕ ਸ਼ਰਤ ਤੇ।"

"ਕੀ ?"

"ਹੋਰ ਪੈਗ ਨਹੀਂ ਪੀਏਂਗੀ।"

"ਠੀਕ ਹੈ।"

ਸ਼ੀਤਲ ਸ਼ਰਾਬੀ ਹੋ ਗਈ ਸੀ। ਅੱਖਾਂ 'ਚ ਨਸ਼ਾ ਝਲਕ ਪਿਆ ਸੀ। "ਕਿਸੇ ਕਮਰੇ 'ਚ ਚਲੋ।"

ਰਣਜੀਤ ਅੰਦਰੋਂ ਡਰਿਆ ਤੇ ਘਬਰਾਇਆ ਸੀ। ਉਸ ਰਤਨ ਹੋਟਲ 'ਚ ਕਮਰਾ ਲੈ ਲਿਆ। ਹੋਟਲ ਤੱਕ ਪਹੁੰਚਦਿਆਂ, ਹਵਾ ਲਗਣ ਕਰਕੇ ਸ਼ੀਤਲ ਇਕ ਦਮ ਸ਼ਰਾਬੀ ਸੀ।

ਚਿਹਰੇ 'ਤੇ ਮਾਸੂਮੀਅਤ ਸ਼ੀਤਲ ਬਿਸਤਰੇ ਉਪਰ ਪਾਗਲ ਬਣ ਲੇਟ ਗਈ। ਉਸ ਦਾ ਸਰੀਰ ਤੇ ਉਸ ਦੀਆਂ ਅੱਖਾਂ ਉਸ ਦੇ ਮਨ ਦਾ ਸ਼ੀਸ਼ਾ ਸਨ। ਰਣਜੀਤ ਜ਼ਿੰਮੇਦਾਰੀ ਸਹਿਮ ਦੀ ਛੁਰੀ ਨਾਲ ਕੁਠਿਆ ਬਨਾਵਟੀ ਮੁਸਕਰਾਨ ਦਾ ਜਤਨ ਕਰ ਰਿਹਾ ਸੀ।

ਸ਼ੀਤਲ ਬੇਬਸ ਸੀ। ਉਸਨੂੰ ਆਪੇ ਤੇ ਕੋਈ ਕਾਬੂ ਨਹੀਂ ਸੀ। ਚਿਹ ਹੁਣ ਕਾਮਕ ਇੰਤਹਾ ਦੀ ਅਵਸਥਾ 'ਚ ਬਦਲ ਗਈ ਸੀ। ਨਸ਼ੇ-ਸੁਆਦ ਦੇ ਸਮੁੰਦਰ 'ਚ ਵਹਿਣ ਲਗਦੇ ਰਣਜੀਤ ਨੂੰ ਜ਼ਿੰਮੇਦਾਰੀ ਤੇ ਅਹਿਸਾਸ ਦੇ ਥੱਪੜ ਨਾਲ ਹੋਸ਼ ਆਈ ਸੀ। ਸ਼ੀਤਲ ਆਪਣਾ ਭਵਿੱਖ ਭੁੱਲ ਗਈ ਪਰ ਰਣਜੀਤ ਨੂੰ ਪੂਰਾ ਅਹਿਸਾਸ ਸੀ ਕਿ ਉਹ ਚਿੱਟੀ ਦੁੱਧ ਚਾਦਰ ਸੀ। ਰਣਜੀਤ ਪੂਰੀ ਤਰ੍ਹਾਂ ਸੰਭਲ ਰਿਹਾ ਸੀ ਕਿ ਚਿੱਟੀ-ਦੁੱਧ ਚਾਦਰ ਨੂੰ ਦਾਗ ਨਾ ਲੱਗੇ।

ਰਣਜੀਤ ਦਾ ਦਿਲ ਇਕ ਨਾਸੂਰ ਸੀ ਜਿਹੜਾ ਰਸਦਾ ਸੀ, ਜਿਸ ਤੋਂ ਗਹਿਰੀ ਚੀਸ ਉਠਦੀ ਸੀ। ਸ਼ੀਤਲ ਦਾ ਸਾਥ ਐਸਾ ਸੀ ਜਿਵੇਂ ਰਸਦੇ ਤਪਦੇ ਨਾਸੂਰ ਨੂੰ ਕੋਈ ਠੰਢੀ ਦਵਾਈ ਮਿਲ ਜਾਂਦੀ ਸੀ ਪਰ ਤਦ ਵੀ ਉਹ ਬਰਾਬਰ ਦੁਬਿਧਾ ਦਾ ਸ਼ਿਕਾਰ ਸੀ। ਉਹ ਨਹੀਂ ਚਾਹੁੰਦਾ ਸੀ ਸ਼ੀਤਲ ਕਲੀ ਉਸ ਦੇ ਨਹਿਸ਼ ਪ੍ਰਛਾਵੇਂ ਹੇਠ ਸੁਕ ਕਮਲਾ ਜਾਏ।

ਨਸ਼ੇ ਦੀ ਲਹਿਰ 'ਚ ਸੁੱਤੀ ਸ਼ੀਤਲ ਨੂੰ ਤੱਕਦਾ ਰਣਜੀਤ ਕੁਰਸੀ 'ਤੇ ਬੈਠਾ ਸੋਚਦਾ ਰਿਹਾ। ਸ਼ੀਤਲ ਉਸ ਦੀ ਰੂਹ ਬਣ ਗਈ ਸੀ। ਉਸ ਨੂੰ ਲੱਗ ਰਿਹਾ ਸੀ ਸ਼ੀਤਲ ਦੇ ਸਾਥ 'ਚ ਉਹ ਜੀਵਨ ਦਾ ਹਰ ਦੁੱਖ ਝੱਲ ਸਕਦਾ ਸੀ।

ਸ਼ੀਤਲ ਦੀ ਜਾਗ ਖੁੱਲ੍ਹੀ ਤੇ ਉਹ ਆਪਣੀ ਹਾਲਤ 'ਤੇ ਥੋੜ੍ਹਾ ਤ੍ਰਬਕੀ ਉਸ ਨੇ ਰਣਜੀਤ ਦੀਆਂ ਅੱਖਾਂ ਚੋਂ ਕੁਛ ਪੜ੍ਹਿਆ।

"ਤੁਸੀਂ ਨਾਰਾਜ਼ ਹੋ ?"

"ਬਹੁਤ। ਦੇਖ ਸ਼ੀਤਲ ਇਸ ਤਰ੍ਹਾਂ ਦੀਆਂ ਗਲਤੀਆਂ ਕਰਕੇ ਚਿਹ ਚੜ੍ਹਾ ਕੇ ਸਾਡੀ ਜ਼ਿੰਦਗੀ ਦੇ ਝਗੜੇ ਸੁਲਝਣ ਵਾਲੇ ਨਹੀਂ। ਇਸ ਤਰ੍ਹਾਂ ਦੀਆਂ ਹਰਕਤਾਂ ਪਾਪ ਹਨ।" ਰਣਜੀਤ ਬਹੁਤ ਗੰਭੀਰ ਸੀ।

ਸ਼ੀਤਲ ਚੁੱਪ ਸੀ।

"ਤੈਨੂੰ ਪਤੈ ਤੇਰੇ ਅਰ ਮੇਰੇ 'ਚ ਕਿੰਨਾ ਫਰਕ ਹੈ? ਤੂੰ ਜਾਗੀਰਦਾਰਾਂ ਦੀ ਲਾਡਲੀ ਧੀ ਅਰ ਮੈਂ ਅਨਾਥ—ਜਿਸ ਦਾ ਹਰ ਪਲ ਮੌਤ ਦੇ ਸਾਏ 'ਚ ਪਲ ਰਿਹਾ ਹੈ।"

"ਬਕਵਾਸ-ਮੈਂ ਜਾਗੀਰਦਾਰਾਂ ਦੀ ਹਾਂ ਤਾਂ ਕੀ ਖ਼ੁਦਾ ਹਾਂ।" ਸ਼ੀਤਲ ਇਕ ਦਮ ਕੜਕ ਪਈ। "ਦਿਲ ਦੀ ਦੌਲਤ ਨਾਲੋਂ ਕੋਈ ਦੌਲਤ ਵੱਡੀ ਨਹੀਂ ਰਣਜੀਤ, ਮੈਂ ਭੁੱਖੀ ਰਹਿ ਸਕਦੀ ਹਾਂ-ਕੰਗਾਲੀ ਦਾ ਜੀਵਨ ਬਿਤਾ ਸਕਦੀ ਹਾਂ ਪਰ ਤੇਰਾ ਸਾਥ ਨਹੀਂ ਛੱਡ ਸਕਦੀ। ਮੈਂ ਵਰ੍ਹੇ ਤੋਂ ਤੈਨੂੰ ਸਾਹ ਸਾਹ ਨਾਲ ਚਿਤਵਿਆ ਹੈ।"

ਸ਼ੀਤਲ ਭਾਵਕ ਸੀ।

"ਲੇਕਿਨ ਥੋੜ੍ਹਾ ਸਬਰ ਤਾਂ ਕਰ।"

"ਸਬਰ 'ਚੋਂ ਕੀ ਮਿਲੇਗਾ।"

"ਠੀਕ ਹੱਲ ਮਿਲੇਗਾ।"

"ਭਰੋਸਾ ਨਹੀਂ।"

"ਤੇਰੀ ਅੰਗਰੇਜ਼ੀ ਕਹਿੰਦੀ ਹੈ, ਟਾਈਮ ਇਜ਼ ਦੀ ਬੈਸਟ ਹੀਲਰ।"

"ਸ਼ੀਤਲ ਸੋਚਣ ਲੱਗ ਪਈ।"

ਵਿਸਕੀ ਦਾ ਨਸ਼ਾ ਘਟ ਗਿਆ ਸੀ ਪਰ ਪੂਰੀ ਤਰ੍ਹਾਂ ਨਹੀਂ ਲੱਥਾ ਸੀ। ਸ਼ੀਤਲ ਨੂੰ ਬਾਰ ਬਾਰ ਝਟਕਾ ਲੱਗਦਾ। ਰਣਜੀਤ ਨੂੰ ਕੋਈ ਨਸ਼ਾ ਨਹੀਂ ਚੜ੍ਹ ਸਕਿਆ ਸੀ।

ਉਨ੍ਹਾਂ ਮੂੰਹ ਧੋਤੇ। ਚਾਹ ਪੀਤੀ ਤੇ ਬਾਹਰ ਆ ਗਏ। ਸੂਰਜ ਡੁਬਣ ਦੇ ਆਹਰ 'ਚ ਸੀ, ਦਰਖਤਾਂ ਦੇ ਨਵੇਂ ਪੱਤਰਾਂ ਤੇ ਮੁਸਕਾਨ ਨੱਚ ਰਹੀ ਸੀ।

"ਵਾਪਿਸ ਕਦੋਂ ਜਾਣਾ ਹੈ?"

"ਮੈਂ ਤਾਂ ਜਾਣਾ ਨਹੀਂ।"

"ਲੇਕਿਨ–"

"ਡਰਦੇ ਹੋ ਤਾਂ ਚਲੀ ਜਾਂਦੀ ਹਾਂ।"

"ਹਾਂ ਡਰਦਾ ਹਾਂ।"

"ਪਰ ਡਰਿਆਂ ਗੁਜ਼ਾਰਾ ਕਿਵੇਂ ਹੋਊ?"

"ਹੋ ਜਾਏਗਾ।"

"ਦੇਖ ਰਣਜੀਤ-ਮੈਂ ਬਾਲਿਗ ਹਾਂ-ਚੱਲ, ਚੱਲ ਕੇ ਕਚਹਿਰੀ 'ਚ ਵਿਆਹ ਕਰ ਲਈਏ। ਵਰਨਾ ਜਾਗੀਰਦਾਰਾਂ ਨੇ ਸਾਨੂੰ ਇਕੱਠੇ ਜੀਣ ਦਾ ਮੌਕਾ ਨਹੀਂ ਦੇਣਾ।"

"ਚੋਰਾਂ ਵਾਂਗ ਕੁਛ ਵੀ ਕਰਨਾ ਕਾਇਰਾਂ ਦਾ ਕੰਮ ਹੈ, ਆਪਾਂ ਕੁਛ ਵੀ ਕਰਾਂਗੇ ਸਭ ਦੀ ਮਰਜ਼ੀ ਨਾਲ ਹੋਵੇਗੀ।"

ਉਹ ਹੋਸਟਲ ਪਾਸ ਪਹੁੰਚ ਗਏ ਸਨ।

ਹਨੇਰਾ ਹੋਣ ਹੀ ਵਾਲਾ ਸੀ। ਚਿੱਟੀਆਂ ਕਬੂਤਰੀਆਂ ਜਿਹੀਆਂ ਕੁੜੀਆਂ ਹੋਸਟਲ ਦੇ ਲਾਅਨ 'ਚ ਟਹਿਲ ਰਹੀਆਂ ਸਨ।

"ਤੁਸੀਂ ਵੀ ਹੋਸਟਲ 'ਚ ਸੌਂ ਜਾਉ।"

"ਨਹੀਂ ਮੈਂ ਬਾਹਰ ਸਵਾਂਗਾ।"

"ਕਿਥੇ।"

"ਕਿਸੇ ਹੋਟਲ 'ਚ।"

"ਸੁਬ੍ਹਾ ਕਿੰਨੇ ਵਜੇ ਆਉਗੇ?"

"ਸੁਬ੍ਹਾ ਨਹੀਂ, ਮਹੀਨੇ ਬਾਅਦ ਆਵਾਂਗਾ।"

"ਕਿਉਂ?"

"ਤੈਨੂੰ ਪਤੈ ਕਾਲਜ ਵਿਚ ਬਹੁਤ ਰੁਝੇਵਾਂ ਹੈ।"

"ਪਰ ਆਪਾਂ ਕੋਈ ਫੈਸਲਾ ਤਾਂ ਕੀਤਾ ਹੀ ਨਹੀਂ।"

"ਕਰ ਲਵਾਂਗੇ, ਜੇਕਰ ਨੂੰ ਇਸ ਤਰ੍ਹਾਂ ਜਜ਼ਬਾਤੀ ਗੱਲਾਂ ਕਰਨ ਲੱਗੀ ਤਾਂ ਮੈਂ ਨਾਰਾਜ਼ ਹੋਵਾਂਗਾ।"

"ਜੇਕਰ ਮੈਨੂੰ ਕਿਸੇ ਨੇ ਕੁਛ ਕਿਹਾ ਤਾਂ ਮੈਂ ਸਿੱਧੀ ਤੁਹਾਡੇ ਪਾਸ ਚਲੀ ਆਵਾਂਗੀ।"

"ਨਹੀਂ, ਮੈਨੂੰ ਤਾਰ ਦੇ ਕੇ ਬੁਲਾ ਲਵੀਂ।"

"ਠੀਕ ਹੈ।"

"ਆਗਿਆ ਹੈ?"

"ਦਿਲ ਨਹੀਂ ਕਰਦਾ।"

"ਮੇਰਾ ਤਾਂ ਕਰਦਾ ਹੈ।"

"ਦੋਵੇਂ ਖਿੜ ਖਿੜਾ ਕੇ ਹੱਸ ਪਏ।"

ਦੋਵੇਂ ਵਿਛੜ ਗਏ-ਦੂਰ ਤੱਕ ਹੱਥ ਹਿਲਦੇ ਰਹੇ।

ਸ਼ੀਤਲ ਮਿੱਠੇ ਜਿਹੇ ਸੁਪਨੇ ਦੀ ਬੁਕਲ 'ਚ ਅਧ-ਸੁੱਤੀ ਪਈ ਹੀ ਸੀ ਕਿ ਮਾਈ ਨੇ ਆ ਕੇ ਸੰਦੇਸ਼ ਦਿੱਤਾ। "ਤੇਰਾ ਗੈਸਟ।"

ਸ਼ੀਤਲ ਇਕ ਦਮ ਬਿਸਤਰੇ 'ਚੋਂ ਉਠੀ ਤੇ ਹਰਨੀ ਵਾਂਗ ਚੁੰਗੀਆਂ ਭਰਦੀ ਪੌੜੀਆਂ ਉਤਰ ਗਈ। "ਤਾਂ ਰਣਜੀਤ ਵਾਪਿਸ ਨਹੀਂ ਗਿਆ" ਉਹ ਸੋਚਦੀ ਜਾ ਰਹੀ ਸੀ।

ਸ਼ੀਤਲ ਦੇ ਖਿੜੇ ਮੁੱਖ 'ਤੇ ਥੋੜ੍ਹੀ ਉਦਾਸੀ ਦਾ ਪ੍ਰਛਾਵਾਂ ਛਾ ਗਿਆ। ਸਾਹਮਣੇ ਜਸਵੰਤ ਬੈਠਾ ਸੀ। ਉਸ ਦੇ ਗਲ ਮਾਊਜ਼ਰ ਲਟਕ ਰਿਹਾ ਸੀ, ਉਸ ਨੇ ਉਠ ਕੇ ਸ਼ੀਤਲ ਦਾ ਮੋਢਾ ਪਲੂਸਿਆ।

"ਕਦੇ ਚਿੱਠੀ ਹੀ ਨਹੀਂ ਲਿਖੀ?"

"-ਬਸ।"

"ਪਰ ਤਦ ਵੀ ਲਿਖਣੀ ਚਾਹੀਦੀ ਸੀ-ਬੇਜੀ ਚਿੰਤਾ ਕਰਦੇ ਸਨ।"

ਸ਼ੀਤਲ ਦੀਆਂ ਅੱਖਾਂ 'ਚ 'ਬੇਜੀ' ਦੇ ਨਾਂ 'ਤੇ ਹੰਝੂ ਟਪਕ ਆਏ। ਉਹ ਚਾਹ

ਕਹਿਣ ਦਾ ਬਹਾਨਾ ਲਾ ਕੇ ਪਾਸੇ ਹੋ ਗਈ।

ਘਰ ਦੀਆਂ ਗੱਲਾਂ ਹੋਈਆਂ, ਪੜ੍ਹਾਈ ਦੀਆਂ ਗੱਲਾਂ ਹੋਈਆਂ। ਚਾਰ ਸੌ ਸੌ ਦੇ ਨੋਟ ਦੇ ਕੇ ਜਸਵੰਤ ਤੁਰ ਪਿਆ।

ਜਸਵੰਤ ਪ੍ਰਿੰਸੀਪਲ ਦੇ ਕਮਰੇ 'ਚੋਂ ਵੜ ਕੇ ਬਾਹਰ ਨਿਕਲਿਆ ਤਾਂ ਉਸ ਦੇ ਚਿਹਰੇ 'ਤੇ ਗ਼ੁਸਾ 'ਤੇ ਪ੍ਰੇਸ਼ਾਨੀ ਸੀ, "ਉਸ ਦੇ ਮਾਮੇ ਦਾ ਲੜਕਾ ਕੱਲ੍ਹ ਤੱਕ ਉਸ ਦੇ ਨਾਲ ਸੀ, ਉਹ ਕੱਲ੍ਹ ਕਿਵੇਂ ਮਿਲਣ ਆ ਸਕਦੈ?" ਉਸ ਯਾਦ ਕੀਤਾ। ਸਹਿਜੇ ਹੀ ਮਸਤ ਊਠ ਵਾਂਗ ਉਸ ਦੇ ਦੰਦ ਕਿਰਚੇ ਗਏ। ਦੋ ਕਦਮ ਉਹ ਹੋਸਟਲ ਵੱਲ ਤੁਰਿਆ ਤੇ ਉਸ ਦਾ ਹੱਥ ਮਾਊਜ਼ਰ 'ਤੇ ਟਿਕ ਗਿਆ। ਪਰ ਪਤਾ ਨਹੀਂ ਕਿਸ ਤਰ੍ਹਾਂ ਉਸ ਦੇ ਕਦਮ ਰੁਕ ਗਏ।

ਫਿਰ ਉਹ ਲੰਮੀਆਂ ਪੁਲਾਂਘਾਂ ਭਰਦਾ ਕਾਲਜ 'ਚੋਂ ਬਾਹਰ ਨਿਕਲ ਗਿਆ। ਉਹ ਪਾਗਲਾਂ ਵਾਂਗ ਤੁਰ ਰਿਹਾ ਸੀ।

## 5.

**ਕਿਹੜੇ ਦਰਦੀ ਨੂੰ ਹਾਲ ਸੁਣਾਵਾਂ,**
**ਦੁੱਖਾਂ ਵਿਚ ਪੈ ਗਈ ਜਿੰਦੜੀ।**

ਰਣਜੀਤ ਸਵੇਰੇ ਸੱਤ ਵਜੇ ਘਰ ਪਹੁੰਚ ਗਿਆ। ਥਕਾਵਟ ਦੀ ਥਾਂ ਪ੍ਰੇਸ਼ਾਨੀ ਸੀ। ਨੀਂਦਰ ਦੀ ਥਾਂ ਮਨ ਨੂੰ ਚਿੜ ਚੜ੍ਹੀ ਹੋਈ ਸੀ। ਉਹ ਰਜ਼ਾਈ ਘੁੱਟ ਕੇ ਸੌਂ ਗਿਆ। ਕਾਲਜ ਜਾਣ ਦਾ ਮਨ ਨਹੀਂ ਸੀ। ਅਜੇ ਉਹ ਛੁੱਟੀ 'ਤੇ ਸੀ।

ਉਸ ਦੇ ਸਾਹਮਣੇ ਰਹਿੰਦਾ ਲੜਕਾ ਕੰਮ 'ਤੇ ਤੁਰ ਗਿਆ ਸੀ। ਉਹ ਤਾੜ ਲੈਂਦਾ ਸੀ ਰਣਜੀਤ ਦਾ ਮਨ ਹੱਸਣ ਦਾ ਹੁੰਦਾ ਸੀ ਜਾਂ ਨਹੀਂ। ਬੜਾ ਸਿੱਧਾ ਲੜਕਾ।

ਰਣਜੀਤ ਸ਼ਾਮ ਨੂੰ ਜਾਗਿਆ। ਪ੍ਰਛਾਵੇਂ ਢਲ ਗਏ ਸਨ। ਖਾਧਾ ਪੀਤਾ ਕੁਛ ਨਹੀਂ ਸੀ। ਭੁਖ ਮਹਿਸੂਸ ਹੋਈ। ਨਜ਼ਦੀਕ ਦੀ ਦੁਕਾਨ ਤੋਂ ਉਸ ਨੇ ਕੁਛ ਮੰਗਵਾਇਆ।

ਦੇਹਰਾਦੂਨ ਜਾ ਕੇ ਆ ਗਿਆ ਸੀ। ਇਸ ਤਰ੍ਹਾਂ ਨਹੀਂ ਕਿ ਉਹ ਮਾਸ਼ੂਕ ਨੂੰ ਮਿਲ ਕੇ ਆਇਆ ਸੀ। ਸਗੋਂ ਉਹ ਆਪਣੀ ਮੌਤ ਨਾਲ ਗੱਲਾਂ ਕਰ ਆਇਆ ਸੀ। ਸ਼ੀਤਲ ਨਾਲ ਉਸ ਨੂੰ ਬੇਹੱਦ ਪਿਆਰ ਸੀ, ਪਰ ਉਹ ਜ਼ਾਹਿਰ ਨਹੀਂ ਕਰਨਾ ਚਾਹੁੰਦਾ ਸੀ, ਉਸ ਦੇ ਕੁਆਰ ਨੂੰ ਭੰਗ ਨਹੀਂ ਕਰਨਾ ਚਾਹੁੰਦਾ ਸੀ, ਪਰ ਸ਼ੀਤਲ ਅਜੀਬ ਜ਼ਿੱਦੀ ਲੜਕੀ ਸੀ ਕਿ ਘਰਦਿਆਂ ਨਾਲ ਨਾਰਾਜ਼ਗੀ ਦੇ ਕਾਰਨ ਉਸ ਨੂੰ ਪਾਪਾਂ ਦਾ ਅਧਿਕਾਰੀ ਬਣਾਨ ਦਾ ਜਤਨ ਕਰ ਰਹੀ ਸੀ।

ਰਾਤ ਹੋ ਗਈ। ਸਾਹਮਣੇ ਵਾਲਾ ਲੜਕਾ ਆ ਗਿਆ। "ਪ੍ਰੋਫੈਸਰ ਸਾਹਿਬ ਕਿਹੜੀ ਨੂੰ ਰਜ਼ਾਈ 'ਚ ਘੁੱਟੀ ਪਏ ਹੋ?"

ਰਣਜੀਤ ਹੱਸ ਪਿਆ। ਉਹ ਉਸ ਦੀਆਂ ਬੇਤੁਕੀਆਂ ਗੱਲਾਂ 'ਤੇ ਬੱਸ ਹੱਸ ਹੀ ਛੱਡਦਾ ਸੀ।

"ਬਾਹਰ ਗਏ ਸੋ ?"

"ਹਾਂ।"

"ਕਿਥੇ ?"

"ਦੇਹਰਾਦੂਨ।"

"ਕਿਹੜੀ ਨੂੰ ਮਿਲਣ ਗਏ ਸੀ ?"

"ਕਿਹੜੇ ਨੂੰ ਮਿਲਣ ਨਹੀਂ ਜਾ ਸਕਦਾ ?"

"ਕਿਹੜੇ ਨੂੰ ਮਿਲਣ ਦੇਹਰਾਦੂਨ ਧੱਕੇ ਖਾਣ ਜਾਣੈ-ਕੜਾਕੇ ਦੀ ਸਰਦੀ ਤਾਂ ਕਿਹੜੀ ਹੀ ਠੀਕ ਹੈ।"

"ਤਾਂ ਫਿਰ ਘਰ ਦੀ ਰਜਾਈ ਹੀ ਚੰਗੀ ਹੈ।"

"ਰਜਾਈ ਨਾਲ ਕਿਥੇ ਸਰਦੈ-ਲਉ ਚਾਹ ਪੀਉ।"

ਉਸ ਦੇ ਹੱਥ 'ਚ ਚਾਹ ਭਾਫਾਂ ਛੱਡ ਰਹੀ ਸੀ।

ਇਸ ਤਰ੍ਹਾਂ ਦਾ ਬੇਤੁਕਾ ਮਜ਼ਾਕ ਚਲਦਾ ਰਿਹਾ। ਰਾਤ ਦਾ ਖਾਣਾ ਲੜਕਾ ਹੀ ਲੈ ਆਇਆ।

"ਹੋਸਟਲ ਚੋਂ ਨਹੀਂ ਖਾਉਗੇ ?"

"ਨਹੀਂ।"

"ਜਾ ਆਉ, ਨਾਲੇ ਕਬੂਤਰੀਆਂ ਦੇ ਦਰਸ਼ਨ ਕਰ ਆਉਗੇ।"

"ਦਰਸ਼ਨਾਂ ਤੋਂ ਮਨ ਅੱਕ ਗਿਆ।"

"ਚੰਗਾ ਸਾਨੂੰ ਚਿੱਟ ਕਰ ਦਿਉ-ਨਾਲੇ ਖਾਣਾ ਲੈ ਆਉ। ਤੇ ਨਾਲੇ ਤੇ ਨਾਲੇ ਨਾਲੇ।" ਦੋਵੇਂ ਜ਼ੋਰਦਾਰ ਹੱਸੇ।

ਉਹ ਹੋਟਲ ਤੋਂ ਖਾਣਾ ਲੈ ਆਇਆ।

"ਘੁੱਟ ਮਾਰ ਲੌ।" ਉਸ ਪਾਸ ਬੋਤਲ ਸੀ। ਮਿੱਠਾ ਜਿਹਾ ਰੰਗ ਸ਼ੀਤਲ ਦੇ ਹੋਠਾਂ ਦੀ ਯਾਦ ਕਰਾ ਗਿਆ। ਰਣਜੀਤ ਨੇ ਗਲਾਸ 'ਚ ਪਾ ਕੇ ਅੰਦਰ ਸੁੱਟ ਲਈ।

ਰਣਜੀਤ ਹਾਲਾਤ ਦੇ ਹੱਥਾਂ 'ਚ ਕੱਠਪੁਤਲੀ ਬਣ ਗਿਆ ਸੀ। ਕਦੇ ਸ਼ਰਾਬ ਨੂੰ ਹੱਥ ਨਾ ਲਾਣ ਵਾਲਾ ਕਿਸੇ ਹੜ੍ਹ 'ਚ ਵਹਿ ਚੱਲਿਆ ਸੀ।

ਨਸ਼ੇ ਨੇ ਸਰੂਰ ਦਿੱਤਾ। ਸ਼ੀਤਲ ਉਸ ਦੀ ਬੁਕਲ 'ਚ ਆ ਕੇ ਬਹਿ ਗਈ। ਕਦੇ ਰਣਜੀਤ ਨੂੰ ਲੱਗਦਾ ਸ਼ੀਤਲ ਦੇ ਮੁੱਖ 'ਚ ਉਸ ਦੀ ਮੌਤ ਹੱਸ ਰਹੀ ਸੀ।

ਰਾਤ ਵੱਡੀ ਹੋ ਗਈ। ਉਹ ਖਾਣਾ ਖਾ ਚੁੱਕੇ ਸਨ। ਲੜਕਾ ਚਲਾ ਗਿਆ ਸੀ। ਆਸੇ ਪਾਸੇ ਦਾ ਖੜਾਕ ਬੰਦ ਹੁੰਦਾ ਜਾ ਰਿਹਾ ਸੀ।

ਰਣਜੀਤ ਕਮਰੇ 'ਚੋਂ ਬਾਹਰ ਨਿਕਲ ਕੇ ਖੜ੍ਹ ਗਿਆ। ਠੰਢੀ ਹਵਾ ਦੇ ਬੁਲ੍ਹੇ ਵਗ ਰਹੇ ਸਨ। ਕਮਰੇ ਦੇ ਸਾਹਮਣੇ ਚਾਰ ਦੀਵਾਰੀ 'ਚ ਬੋਹੜ ਸੀ। ਕੋਈ ਕੋਈ ਪੱਤਾ ਹਵਾ 'ਚ ਹਿਲਦਾ ਸੀ। ਬਹੁਤੇ ਪੱਤੇ ਝੜ ਗਏ ਸਨ। ਤਾਰੇ ਜਗਦੇ ਸਨ। ਬੱਦਲ ਕੋਈ ਨਹੀਂ ਸੀ। ਚੰਦ ਨਹੀਂ ਸੀ। ਹਨੇਰੀ ਚਾਰ ਦੀਵਾਰੀ 'ਚ ਖੜ੍ਹਾ ਉਹ ਪਤਾ ਨਹੀਂ ਕੀ ਸੋਚਦਾ ਰਿਹਾ-ਫਿਰ ਉਹ ਚਾਰ ਦੀਵਾਰੀ ਦੇ ਦਰਵਾਜ਼ੇ ਤੋਂ ਬਾਹਰ ਝਾਕਿਆ। ਗਲੀਆਂ ਸੁੰਨੀਆਂ ਸਨ। ਇਸ ਦਰਵਾਜ਼ੇ ਨੂੰ ਤਖਤੇ ਨਹੀਂ ਸਨ। ਰਣਜੀਤ

ਆਪਣੇ ਘਰ ਨੂੰ 'ਸੰਤਾਂ ਦਾ ਡੇਰਾ' ਕਹਿੰਦਾ ਸੀ। ਉਹ ਆਪਣੇ ਕਮਰੇ ਨੂੰ ਤਾਲੀ ਵੀ ਘੱਟ ਵਧ ਹੀ ਲਾਂਦਾ ਸੀ।

ਠੰਢੀ ਹਵਾ 'ਚ ਉਹ ਠਰ ਗਿਆ ਸੀ। ਰਜਾਈ ਦਾ ਨਿੱਘ ਬੜਾ ਚੰਗਾ ਲੱਗਿਆ-ਦਿਮਾਗ ਖਾਲੀ ਜਿਹਾ ਸੀ-ਇਸ ਤਰ੍ਹਾਂ ਦੀ ਹਾਲਤ ਸੀ ਕਿ ਕੋਈ ਉਤਸ਼ਾਹ ਰਿਹਾ ਸੀ ਨਾ ਕੋਈ ਚਾਅ-ਸ਼ੀਤਲ ਦੇ ਪਿਆਰ ਦਾ ਅਹਿਸਾਸ ਬੜਾ ਹੀ ਗਹਿਰਾ ਸੀ, ਪਰ ਪਤਾ ਨਹੀਂ ਉਸ ਦੇ ਮਨ 'ਤੇ ਕਿਸ ਤਰ੍ਹਾਂ ਦਾ ਪ੍ਰਭਾਵ ਸੀ। ਪਿਆਰ ਦੇ ਨਾਲ ਨਾਲ ਜਿਵੇਂ ਕੋਈ ਖਤਰਾ ਹਨੇਰੇ ਵਾਂਗ ਵਧਦਾ ਆ ਰਿਹਾ ਸੀ।

ਰਜ਼ਾਈ ਦੇ ਨਿੱਘ 'ਚ ਉਸ ਦੀ ਅੱਖ ਲੱਗ ਗਈ। ਥੋੜ੍ਹੀ ਦੇਰ ਮਗਰੋਂ ਉਸ ਨੂੰ ਮਹਿਸੂਸ ਹੋਇਆ ਜਿਵੇਂ ਕੋਈ ਉਸ ਦਾ ਦਰਵਾਜ਼ਾ ਖੜਕਾ ਰਿਹਾ ਸੀ-ਸੱਚ ਹੀ ਦਰਵਾਜ਼ਾ ਖੜਕ ਰਿਹਾ ਸੀ।

ਉਸ ਨੇ ਉਠ ਕੇ ਬੱਤੀ ਜਗਾਈ, ਦਰਵਾਜ਼ਾ ਖੋਲ੍ਹਿਆ। ਬਾਹਰ ਕਾਲਜ ਦਾ ਬਜ਼ੁਰਗ ਕਲਰਕ ਖੜ੍ਹਾ ਸੀ। ਉਹ ਇਕਦਮ ਦਰਵਾਜ਼ੇ ਅੰਦਰ ਆਇਆ। ਕੁਛ ਤਲਾਸ਼ ਕਰਦੀਆਂ ਨਜ਼ਰਾਂ ਸਾਰੇ ਕਮਰੇ 'ਚ ਘੁਮਾਈਆਂ। ਰਜ਼ਾਈ ਨੂੰ ਇਸ ਤਰ੍ਹਾਂ ਹਲਾਇਆ ਜਿਵੇਂ ਕਿਸੇ ਲੁਕੀ ਚੀਜ਼ ਨੂੰ ਨੰਗਾ ਕਰਨਾ ਚਾਹਿਆ ਹੋਵੇ।

ਰਣਜੀਤ ਉਸ ਵੱਲ ਬੜੇ ਗਹੁ ਨਾਲ ਤੱਕ ਰਿਹਾ ਸੀ।

"ਬੜੇ ਬੇਵਕਤ ਆਏ?"

"ਹਾਂ-ਹਾਂ-ਮੈਂ-ਮੈਂ।"

"ਬੈਠ ਜਾਉ-ਸਰਦੀ ਹੈ, ਰਜ਼ਾਈ 'ਚ ਬੈਠੋ।" ਰਣਜੀਤ ਨੇ ਉਸ ਵੱਲ ਰਜ਼ਾਈ ਵਧਾਈ।

"ਹੁਕਮ?"

"ਕੋਈ ਨਹੀਂ।"

"ਸੇਵਾ ਕੀ ਕਰਾਂ-ਇਸ ਸਮੇਂ ਤਾਂ ਚਾਹ ਦਾ ਪ੍ਰਬੰਧ ਵੀ ਨਹੀਂ ਹੋ ਸਕਦਾ।"

"ਚਾਹ ਦੀ ਜ਼ਰੂਰਤ ਨਹੀਂ-ਅੱਛਾ ਮੈਂ ਚਲਦਾਂ।" ਕਲਰਕ ਉਠ ਕੇ ਤੁਰ ਪਿਆ।

"ਗੱਲ ਤਾਂ ਸੁਣੋ-ਤਦ ਵੀ ਇਸ ਸਮੇਂ ਆਣ ਦਾ ਕੋਈ ਕਾਰਨ?"

ਕਲਰਕ ਰਣਜੀਤ ਦਾ ਬੇਲੀ ਸੀ। ਵਿਹਲੇ ਵਕਤ ਉਹ ਦੁਖ-ਸੁਖ ਸਾਂਝਾ ਕਰਦੇ ਰਹਿੰਦੇ ਸਨ।

"ਮੈਂ ਬੜਾ ਡਰਦਾ ਡਰਦਾ ਆਇਆ ਸਾਂ। ਪਰ ਮੈਨੂੰ ਬੜੀ ਖ਼ੁਸ਼ੀ ਹੋਈ।"

"ਪਰ ਮੈਨੂੰ ਵੀ ਤਾਂ ਪਤਾ ਲੱਗੇ ਕਿਸ ਗੱਲ ਦੀ ਖ਼ੁਸ਼ੀ ਹੋਈ?"

"ਕਹਿਣਾ ਨਹੀਂ-ਬੁਰਾ ਵੀ ਨਹੀਂ ਮੰਨਣਾ। ਮੇਰੀ ਚਿੱਟੀ ਦਾਹੜੀ ਦੀ ਲਾਜ ਰੱਖਣੀ।" ਕਲਰਕ ਨੇ ਦਾਹੜੀ ਨੂੰ ਹੱਥ ਲਾਇਆ।

"ਤੁਸੀਂ ਮੈਨੂੰ ਤੰਗ ਕਰ ਰਹੇ ਹੋ। ਛੇਤੀ ਦੱਸੋ ਕੁਛ।"

"ਕਿਸੇ ਨੇ ਸ਼ਿਕਾਇਤ ਕੀਤੀ ਸੀ ਕਿ ਤੁਸੀਂ ਛੁੱਟੀ ਲੈ ਕੇ ਕਿਤੇ ਨਹੀਂ ਜਾਣਾ ਸੀ।"

"ਫੇਰ?"

"ਤੁਹਾਡੇ ਪਾਸ ਕਾਲਜ ਦੀ ਕੁੜੀ ਹੈ-ਤੁਸੀਂ ਸ਼ਰਾਬ ਪੀ ਰਹੇ ਹੋ ਤੇ।"

"ਕੋਈ ਕੁੜੀ ਹੈ ਤਾਂ ਨਹੀਂ ਨਾ?"

"ਬੜੀ ਖ਼ੁਸ਼ੀ ਹੋਈ।"

"ਪਰ ਕਾਲਜ ਦੀ ਕੁੜੀ ਹੋਸਟਲ 'ਚੋਂ ਮਿਸ ਹੋਵੇ, ਪਤਾ ਨਹੀਂ ਲੱਗ ਜਾਂਦਾ।"

"ਲੜਕੀਆਂ ਦੀ ਹਾਜ਼ਰੀ ਹੋਈ, ਕੁਛ ਕੁੜੀਆਂ ਘਰ ਗਈਆਂ ਹਨ। ਸੋਚਿਆ ਸ਼ਾਇਦ।"

"ਬਹੁਤ ਅਫ਼ਸੋਸ ਦੀ ਗੱਲ ਹੈ। ਇਕ ਸਟਾਫ਼ ਮੈਂਬਰ ਨੂੰ ਇਸ ਤਰ੍ਹਾਂ ਸ਼ੱਕ ਦੀ ਨਜ਼ਰ ਨਾਲ ਦੇਖਿਆ ਜਾਂਦਾ ਹੈ। ਮੈਨੂੰ ਕਾਲਜ ਨੇ ਰੱਖ ਕਿਉਂ ਛੱਡਿਆ ਹੈ?"

"ਤੁਹਾਡੀ ਕਾਬਲੀਅਤ।"

"ਮੈਨੂੰ ਨਾਲਾਇਕ ਬਣਨ ਲਈ ਮਜਬੂਰ ਕੀਤਾ ਜਾ ਰਿਹਾ ਹੈ।"

"ਰਣਜੀਤ ਜੀ, ਪਿਛਲੇ ਛੇ ਮਹੀਨਿਆਂ ਤੋਂ ਮੈਂ ਤੁਹਾਡੇ ਮਗਰ ਮਗਰ ਪ੍ਰਛਾਵੇਂ ਵਾਂਗ ਲੱਗਿਆ ਰਿਹਾ ਹਾਂ।"

"ਕੀ ਲੱਭਿਆ?"

"ਸਚਾਈ-ਮੈਂ ਮੈਡਮ ਨੂੰ ਕਿਹਾ ਰਣਜੀਤ ਜੀ 'ਤੇ ਸ਼ੱਕ ਕਰਨਾ ਸੱਚ ਨੂੰ ਝੂਠਾ ਕਹਿਣ ਬਰਾਬਰ ਹੈ।"

ਕਲਰਕ ਤੁਰ ਗਿਆ ਸੀ।

ਰਣਜੀਤ ਪ੍ਰੇਸ਼ਾਨੀ 'ਚ ਰੁੜ੍ਹ ਗਿਆ। ਜ਼ਿੰਦਗੀ ਸ਼ੱਕ ਦੇ ਪਹਿਰਿਆਂ 'ਚ ਪਲ ਰਹੀ ਸੀ। ਉਸ ਦੀ ਕਾਬਲੀਅਤ ਸਦਕਾ ਵੱਸ ਨਹੀਂ ਚਲਦਾ ਸੀ, ਨਹੀਂ ਤਾਂ ਕਿਸੇ ਵੀ ਝੂਠੇ ਦੀ ਤੁਹਮਤ 'ਤੇ ਉਸ ਨੂੰ ਜ਼ਲੀਲ ਕਰਕੇ ਕੱਢਿਆ ਜਾ ਸਕਦਾ ਸੀ-ਰਣਜੀਤ ਦਾ ਸਾਹ ਘੁਟਣ ਲੱਗ ਪਿਆ ਸੀ। ਲਾਹਨਤ ਹੈ ਐਸੇ ਜੀਵਨ ਦੇ, ਐਸੀ ਨੌਕਰੀ ਦੇ। ਉਸ ਨੂੰ ਰਾਤ ਭਰ ਨੀਂਦਰ ਨਾ ਪਈ। ਬੇਚੈਨੀ ਨਾਲ ਉਸ ਦਾ ਸਿਰ ਘੁੰਮਣ ਲੱਗ ਪਿਆ ਸੀ। ਬੜੀ ਮੁਸ਼ਕਲ ਨਾਲ ਕਾਲਜ ਦਾ ਸਮਾਂ ਹੋਇਆ।

ਉਹ ਸਿੱਧਾ ਪ੍ਰਿੰਸੀਪਲ ਦੇ ਦਫ਼ਤਰ ਗਿਆ। ਪ੍ਰਿੰਸੀਪਲ ਦੋ ਘੰਟੇ ਛੁੱਟੀ 'ਤੇ ਸੀ। ਰਣਜੀਤ ਦੀ ਸਜ਼ਾ ਹੋਰ ਵੱਧ ਗਈ।

"ਸਰ, ਕਲਾਸ ਲਉ ਨਾ।" ਕੁਛ ਲੜਕੀਆਂ ਕਹਿ ਰਹੀਆਂ ਸਨ।

"ਨੋ, ਆਈ ਐਮ ਨੌਟ ਇਨ ਮੂਡ।"

"ਸਰ, ਬੜੇ ਖਿਝੇ ਖਿਝੇ ਹੋ। ਕਲਾਸ ਲਉ ਮੂਡ ਠੀਕ ਹੋ ਜਾਵੇਗਾ।" ਲੜਕੀਆਂ ਹੱਸਦੀਆਂ ਕਹਿ ਰਹੀਆਂ ਸਨ।

"ਮੈਂ ਅੱਜ ਛੁੱਟੀ 'ਤੇ ਹਾਂ।"

"ਪਰ ਅਸੀਂ ਤਾਂ ਛੁੱਟੀ 'ਤੇ ਨਹੀਂ।"

ਲੜਕੀਆਂ ਅਜੀਬ ਹੱਕ ਤੇ ਹਿੱਤ ਜਤਾ ਰਹੀਆਂ ਸਨ।

ਰਣਜੀਤ ਨੇ ਉਨ੍ਹਾਂ ਵੱਲ ਤੱਕਿਆ। ਸੱਚ ਹੀ ਉਸ ਦੇ ਮੱਥੇ ਦੀ ਤਿਊੜੀ ਮਿਟ ਗਈ। ਫੁੱਲਾਂ ਵਰਗੇ ਚਿਹਰਿਆਂ ਵਾਲੀਆਂ ਤਰ੍ਹਾਂ ਤਰ੍ਹਾਂ ਦੇ ਫੈਸ਼ਨ ਵਿਚ ਮੁਸਕਾ ਰਹੀਆਂ ਸਨ।

"ਹੈਲੋ-ਰਣਜੀਤ ਤੁਸੀਂ ਤਾਂ ਅੱਜ ਛੁੱਟੀ 'ਤੇ ਸੀ।" ਪ੍ਰੋਫੈਸਰ ਆ ਗਈ।

"ਅੱਛਾ ਆ ਕੇ ਲੈਂਦਾ ਹਾਂ।" ਰਣਜੀਤ ਨੇ ਕੁੜੀਆਂ ਨੂੰ ਤੋਰਿਆ। ਕੁੜੀਆਂ ਬਹੁਤ ਹੱਸੀਆਂ। ਰਣਜੀਤ ਨੂੰ ਮਹਿਸੂਸ ਹੋਇਆ, ਵਾਕ ਦੇ ਉਲਟ ਮਾਅਨੇ ਕੱਢ ਕੇ ਕੁੜੀਆਂ ਹੱਸ ਰਹੀਆਂ ਸਨ।

"ਬੜੇ ਸਜ ਰਹੇ ਹੋ", ਰਣਜੀਤ ਪ੍ਰੋਫੈਸਰ ਦੀ ਤਾਰੀਫ਼ ਕਰਨੋ ਨਾ ਰਹਿ ਸਕਿਆ। ਉਹ ਅੱਜ ਗਾਜਰੀ ਸਾੜ੍ਹੀ ਤੇ ਬਲਾਊਜ਼ 'ਚ ਸੱਚ ਹੀ ਮਿੱਠੀ ਲੱਗ ਰਹੀ ਸੀ।

"ਸ਼ੁਕਰੀਆ।" ਕਹਿੰਦੀ ਉਹ ਰਣਜੀਤ ਦੀਆਂ ਨਜ਼ਰਾਂ 'ਚ ਖੋਹ ਗਈ।

"ਕਾਸ਼! ਰਣਜੀਤ-"

"ਮੈਂ ਬਹੁਤ ਦੁਖੀ ਹਾਂ ਮੈਡਮ, ਇਸ ਤਰ੍ਹਾਂ ਦੀਆਂ ਗੱਲਾਂ ਨਾ ਕਰੋ।"

"ਮੈਨੂੰ ਪਤੈ।"

"ਤੁਹਾਨੂੰ ਕੁਛ ਨਹੀਂ ਪਤਾ-ਮੇਰੀ ਪਰਸਨਲ ਲਾਈਫ ਤਾਂ ਵੈਸੇ ਹੀ ਨਰਕ ਹੈ, ਦੂਸਰਾ ਇਸ ਕਾਲਜ ਦੀ ਮੈਨਜਮੈਂਟ ਨੇ ਦੁਖੀ ਕਰ ਲਿਆ ਹੈ।

ਮੈਡਮ ਕਹਿਕਾ ਮਾਰ ਕੇ ਹੱਸ ਪਈ।

"ਤੁਸੀਂ ਹੱਸ ਰਹੇ ਹੋ।"

"ਤੁਹਾਨੂੰ ਨਹੀਂ ਪਤਾ ਰਣਜੀਤ, ਤੁਹਾਡੇ ਬਾਰੇ ਕਿਸ ਤਰ੍ਹਾਂ ਗੱਲਾਂ ਉਡਦੀਆਂ ਰਹਿੰਦੀਆਂ ਹਨ। ਇਹ ਸਾਰਾ ਕੁਛ ਸਾਡੀ ਕਾਢ ਹੈ-ਜਦ ਵੱਸ ਨਹੀਂ ਚਲਦਾ ਤਾਂ ਅਸੀਂ ਇਸ ਤਰ੍ਹਾਂ ਕਰਦੀਆਂ ਹਾਂ।"

ਰਣਜੀਤ ਨੂੰ ਮੈਡਮ ਪਾਕ ਮੁਹੱਬਤ ਜਾਪੀ। ਦਿਲ 'ਚ ਹਿੱਤ ਜਿਹਾ ਜਾਪਿਆ।

"ਮੈਨੂੰ ਰਾਤ ਵਾਲੀ ਘਟਨਾ ਦਾ ਵੀ ਪਤਾ ਹੈ।"

"ਇਸ ਕਰਕੇ ਹੀ ਮੈਂ ਅੱਜ ਅਸਤੀਫ਼ਾ ਦੇ ਰਿਹਾ ਹਾਂ।"

"ਇਹ ਨਾ ਕਰਨਾ ਰਣਜੀਤ।" ਮੈਡਮ ਦੀਆਂ ਅੱਖਾਂ 'ਚ ਹੰਝੂ ਛਲਕੇ।

"ਕਮ ਅਜ਼ ਕਮ ਅੱਖਾਂ ਸਾਹਮਣੇ ਤਾਂ ਰਹਿ।" ਉਸ ਨੇ ਗਲਾ ਸਾਫ ਕੀਤਾ।

"ਜ਼ਨਾਨੇ ਕਾਲਜ ਵਿਚ ਮਰਦ ਦੀ ਬਦਕਿਸਮਤੀ ਹੈ, ਕਿਸ ਕਿਸ ਨੂੰ ਕੋਈ ਰਸਪੌਂਸ ਦੇਵੇਗਾ। ਅਸੀਂ ਜਿੰਨੀਆਂ ਪ੍ਰੋਫੈਸਰ ਹਾਂ ਸਭ ਤੁਹਾਡੇ 'ਤੇ ਮਰਦੀਆਂ-ਤੁਸੀਂ ਨਾ ਹੋਵੋਂ ਕੋਈ ਕੋਝਾ ਮਰਦ ਹੋਵੇ ਤਦ ਵੀ ਇਸੀ ਤਰ੍ਹਾਂ ਹੋਵੇ-ਕਿਉਂਕਿ ਇਸ ਚਾਰ ਦੀਵਾਰੀ 'ਚ ਮਰਦ ਲਈ ਇਤਨੀ ਭੁੱਖ ਵਧਦੀ ਹੈ ਕਿ ਸਭ ਕੁਛ ਹੀ ਨਿਹਮਤ ਬਣ ਜਾਂਦੈ। ਸਾਰੀਆਂ ਪ੍ਰੋਫੈਸਰ ਕਿਚਨ ਦੇ ਨੌਕਰਾਂ ਨੂੰ ਵੇਲੇ ਕੁਵੇਲੇ ਕਮਰਿਆਂ 'ਚ ਬੁਲਾਂਦੀਐਂ। ਜੇਬ 'ਚੋਂ ਪੈਸੇ ਦੇਂਦੀਐਂ। ਦੂਜੇ ਮਹੀਨੇ ਨੌਕਰ ਕਿਚਨ ਛੱਡ ਕੇ ਕਿਉਂ ਭੱਜ ਜਾਂਦੇ ਨੇ? ਟਰੈਕਟਰ ਦੇ ਡਰਾਈਵਰ ਕਿਉਂ ਨਹੀਂ ਟਿਕਦੇ। ਅਮੀਰ ਘਰਾਂ ਦੀਆਂ ਦੋ ਦੋ ਤਿੰਨ ਤਿੰਨ ਸੌ ਰੁਪੈ ਦਿੰਦੀਆਂ ਹਨ। ਪਰ ਗਰੀਬ ਨੌਕਰ ਕਿੰਨੀਆਂ ਕੁ ਤੋਂ ਲਈ ਜਾਣਗੇ। ਅੰਤ ਉਹ ਦੌੜ ਜਾਂਦੇ ਹਨ। ਰਣਜੀਤ! ਇਹ ਰੋਜ਼ ਦੇ ਕਿੱਸੇ ਹਨ-ਰੋਜ਼ ਅੰਦਰ ਕਮਰਿਆਂ 'ਚ ਲੜਕੀਆਂ ਦੇ ਕੇਸ ਹੁੰਦੇ ਹਨ। ਕੁੜੀਆਂ ਮਰਦ-ਔਰਤ ਬਣੀਆਂ ਫੜੀਆਂ ਜਾਂਦੀਆਂ ਹਨ। ਮਾਪੇ ਸਮਝਦੇ ਹਨ ਉਨ੍ਹਾਂ ਦੀਆਂ ਲੜਕੀਆਂ ਵੋਮਨ ਕਾਲਜ ਵਿਚ ਸੇਫ ਹਨ। ਮੈਂ ਕਹਿੰਦੀ ਹਾਂ ਕੁੜੀਆਂ ਕੁੜੀਆਂ

ਪਾਸੋਂ ਕੋਕ ਸ਼ਾਸਤਰ ਸਿਖਦੀਆਂ ਹਨ। ਜਦ ਉਹ ਹਰ ਪਾਸੇ ਕੁੜੀਆਂ ਹੀ ਕੁੜੀਆਂ ਤੱਕਦੀਆਂ ਹਨ ਉਨ੍ਹਾਂ ਅੰਦਰ ਮਰਦ ਤੱਕਣ ਦੀ ਭੁੱਖ ਤੂਫਾਨ ਬਣਦੀ ਹੈ-ਫੇਰ ਉਹ ਹਰ ਸਮੇਂ ਗੱਲਾਂ ਵੀ ਤਾਂ ਇਸ ਤਰ੍ਹਾਂ ਦੀਆਂ ਹੀ ਕਰਦੀਆਂ ਹਨ-ਇਸ ਨੂੰ ਕੋਈ ਰੋਕ ਨਹੀਂ ਸਕਦਾ। ਜਿਹੜੀ ਵੱਡੀ ਦੇਵੀ ਤੁਹਾਡੇ 'ਤੇ ਹਰ ਸਮੇਂ ਸ਼ੱਕ ਕਰਦੀ ਹੈ ਉਹ ਖੁਦ ਕੀ ਹੈ। ਇਸੇ ਕਾਲਜ ਦੀ ਸਟੂਡੈਂਟ ਹੈ। ਪਹਿਲਾਂ ਉਹ ਕਾਲਜ ਦੇ ਚਪੜਾਸੀ ਨਾਲ ਫੜੀ ਗਈ, ਕਿਚਨ ਦੇ ਨੌਕਰ ਨਾਲ ਗੱਲਾਂ ਉਡੀਆਂ, ਬਾਹਰ ਦੇ ਲੜਕਿਆਂ ਨਾਲ ਕਿੱਸੇ ਬਣੇ। ਅੱਜ ਬੁੱਢੀ ਹੈ, ਪ੍ਰਿੰਸੀਪਲ ਹੈ। ਪਤੈ ਕਿਸ ਤਰ੍ਹਾਂ ਪ੍ਰਿੰਸੀਪਲ ਬਣੀ? ਕਾਲਜ ਦੀ ਪ੍ਰਧਾਨ ਨਾਲ ਯਾਰੀ ਲਾ ਕੇ ਹਰ ਹਫ਼ਤੇ ਉਸ ਦੀ ਕੋਠੀ ਸੌਂਦੀ ਹੈ ਉਤੋਂ ਵੀਰ ਜੀ, ਵੀਰ ਜੀ ਕਰਦੀ ਹੈ।

ਰਣਜੀਤ ਹੱਕਾ ਬੱਕਾ ਹੋ ਕੇ ਗੱਲਾਂ ਸੁਣ ਰਿਹਾ ਸੀ। ਉਸ ਨੂੰ ਲੱਗਦਾ ਸੀ ਜਿਵੇਂ ਉਹ ਕਿਸੇ ਪਾਪ ਦੀ ਨਗਰੀ 'ਚ ਵਿਚਰ ਰਿਹਾ ਸੀ। ਮੈਡਮ ਦਾ ਚਿਹਰਾ ਉਸ ਦੀਆਂ ਨਜ਼ਰਾਂ 'ਚ ਹੋਰ ਨਿਖਰ ਆਇਆ ਸੀ। ਉਹ ਇਤਨੀ ਸੰਜੀਦਾ ਸੀ। ਉਹ ਇਹ ਦੇਖ ਦੇਖ ਹੱਕਾ ਬੱਕਾ ਸੀ।

"ਰਾਤ ਜਦ ਉਸ ਨੇ ਕਲਰਕ ਭੇਜਿਆ ਸੀ ਮੈਂ ਉਸ ਪਾਸ ਸਾਂ- ਹਾਂ-ਮੈਂ ਕਿਹਾ ਇਤਨੀ ਜਾਂਚ ਪੜਤਾਲ ਕਰਨ 'ਤੇ ਕੁਛ ਨਹੀਂ ਲੱਭਿਆ-ਕਿਉਂ ਖਾਹਮਖਾਹ ਪੜਤਾਲ ਕੀਤੀ ਜਾ ਰਹੀ ਹੈ-ਅਸਲ 'ਚ ਤੁਸੀਂ ਚਾਰ ਛੁੱਟੀਆਂ ਲਈਆਂ ਦੇਹਰਾਦੂਨ ਜਾਣ ਲਈ ਤੇ ਆ ਗਏ ਪਹਿਲਾਂ-ਇਸ ਕਰਕੇ-ਫੇਰ ਕੁਛ ਗੜਬੜ ਵਾਲੀਆਂ ਲੜਕੀਆਂ ਵੀ ਉਸ ਦਿਨ ਛੁੱਟੀ ਲੈ ਕੇ ਘਰ ਗਈਆਂ ਸਨ-ਮੈਂ ਕਿਹਾ ਸੀ ਤੁਸੀਂ ਖ਼ੁਦ ਉਲਝੇ ਆਦਮੀ ਹੋ- ਤੁਹਾਡਾ ਇਸ ਪਾਸੇ ਉਕਾ ਹੀ ਧਿਆਨ ਨਹੀਂ-ਮੈਂ ਆਪਣੀ ਕਹਾਣੀ ਦੱਸੀ।"

"ਕੀ।"

"ਕਿ ਮੈਨੂੰ ਰਣਜੀਤ ਤੋਂ ਰਸਪਾਂਸ ਨਹੀਂ ਮਿਲਿਆ।"

"ਤੁਸੀਂ ਕਹਿ ਦਿੱਤਾ?"

"ਇਸ 'ਚ ਹਰਜ਼ ਹੀ ਕੀ ਹੈ। ਦੇਖ ਰਣਜੀਤ ਮੈਨੂੰ ਤੇਰੀ ਉਲਝੀ ਕਹਾਣੀ ਦਾ ਪਤਾ ਹੈ-ਮੈਨੂੰ ਤੇਰੇ ਨਾਲ ਹਮਦਰਦੀ ਹੈ-ਮੈਨੂੰ ਤੂੰ ਇਤਨੀ ਕੁ ਹਮਦਰਦੀ ਦੇ- ਬਸ ਹੱਸ ਕੇ ਬੋਲਦਾ ਰਹਿ-ਮੈਨੂੰ ਤੇਰੇ ਤੇ ਨਾ ਆਪਣੀ ਕਿਸਮਤ 'ਤੇ ਸ਼ਿਕਵਾ ਰਹੇਗਾ।" ਸ਼ਾਇਦ ਉਹ ਸਾਰਾ ਕੁਛ ਕਹਿ ਚੁੱਕੀ ਸੀ।

ਘੰਟੀ ਖੜਕ ਗਈ ਸੀ। ਬਰਾਮਦੇ 'ਚ ਚਹਿਲ ਪਹਿਲ ਸੀ। ਰਣਜੀਤ ਬਾਹਰ ਆਇਆ।

"ਸਰ, ਫਿਰ ਆਏ ਨਹੀਂ?" ਕੁੜੀਆਂ ਮੁਸਕੜੀਏਂ ਹਸਦੀਆਂ ਪੁੱਛ ਰਹੀਆਂ ਸਨ। ਰਣਜੀਤ ਘੁਟਾਂਬਾਟੀ ਝਾਕਦਾ, ਜ਼ਰਾ ਕੁ ਹੱਸਦਾ ਤੁਰ ਗਿਆ।

ਪ੍ਰਿੰਸੀਪਲ ਅਜੇ ਵੀ ਨਹੀਂ ਆਈ ਸੀ।

ਅਗਲੀ ਕਲਾਸ ਦੀਆਂ ਕੁੜੀਆਂ ਉਸ ਨੂੰ ਧੱਕ ਕੇ ਕਲਾਸ 'ਚ ਲੈ ਗਈਆਂ। ਉਸ ਦੀਆਂ ਕਲਾਸਾਂ ਦਾ ਇਹ ਹਾਲ ਸੀ ਕਿ ਇਧਰ ਉਧਰ ਦੀਆਂ ਕਲਾਸਾਂ

ਦੀਆਂ ਕੁੜੀਆਂ ਵੀ ਆ ਬੈਠਦੀਆਂ ਸਨ। ਉਹ ਮਰਦ ਸੀ, ਕਾਬਲ ਸੀ ਤੇ ਬੜਾ ਲਤੀਫੇਬਾਜ਼ ਸੀ।

"ਹਾਂ ਕੀ ਪੜ੍ਹਨੈ ?"

"ਕੁਛ ਨਹੀਂ।" ਬਲਜੀਤ ਕਲਾਸ ਦੀ ਸੁਹਣੀ ਕੁੜੀ ਸੀ।

"ਤੁਹਾਡਾ ਹਾਲ ਚਾਲ ਪੁੱਛਣੈ ?"

"ਸਰ, ਕੋਈ ਪਿਆਰੀ ਜਿਹੀ ਗੱਲ ਸੁਣਾਉ।"

"ਆਪਣੇ ਵਰਗੀ।"

"ਅੱਜ ਅਸੀਂ ਹੈਪੀ ਮੂਡ 'ਚ ਹਾਂ।"

"ਪਰ ਸਰ, ਮੂਡ 'ਚ ਨਹੀਂ ਹਨ।"

"ਅਸੀਂ ਮੂਡ 'ਚ ਲਿਆ ਕੇ ਹਟਾਂਗੀਆਂ।"

"ਰੌਲਾ ਬੰਦ ਕਰੋ।" ਰਣਜੀਤ ਨੇ ਕਿਹਾ।

"ਹਾਂ ਕਰ ਦਿੱਤਾ ਤੁਸੀਂ ਸ਼ੁਰੂ ਕਰੋ।" ਬਲਜੀਤ ਨੇ ਕਿਹਾ। ਕਲਾਸ ਦੀ ਸਿਰਕੱਢ ਕੁੜੀ ਸੀ। ਬੜੀ ਚੁਸਤ ਜ਼ਬਾਨ। "ਸਰ, ਇਸ ਤਰ੍ਹਾਂ ਪਿੱਛਾ ਨਹੀਂ ਛੁੱਟਣਾ। ਪਹਿਲਾਂ ਇਹ ਦੱਸੋ ਤੁਹਾਡੇ ਮੁੱਖ ਦੀ ਕਿਤਾਬ 'ਤੇ ਕੀ ਲਿਖਿਆ ਹੈ ?"

"ਕੀ ਲਿਖਿਆ ਹੈ ?"

"ਪ੍ਰੇਸ਼ਾਨੀ-ਖਿਝ ਕੀ ਕੋਈ ਹੀਰ ਰੁੱਸ ਗਈ ਹੈ ?"

"ਹੀਰ ਦਾ ਨਾਂ ਪੁੱਛਣਾ ਹੈ।"

"ਉਹ ਕਿਥੇ ਰਹਿੰਦੀ ਹੈ।"

"ਉਹ ਸਾਡੀ ਮੈਡਮ ਹੈ।"

ਸਾਰਾ ਕਲਾਸ 'ਚ ਹਾਸਾ ਮਚ ਗਿਆ।

"ਅੱਜ ਤੰਗ ਕਰਨ ਦਾ ਖਾਸ ਹੀ ਮੂਡ ਬਣਾਇਆ ਹੈ।" ਰਣਜੀਤ ਨੇ ਪੁੱਛਿਆ।

"ਜੀ ਹਾਂ।" ਬਲਜੀਤ ਨੇ ਕਿਹਾ। "ਇਹ ਦੱਸੋ ਪੂਰੇ ਨੌਂ ਮਹੀਨਿਆਂ ਮਗਰੋਂ ਚਾਰ ਦਿਨ ਦੀ ਛੁੱਟੀ ਲਈ ਤੇ ਇਕ ਦਿਨ ਪਹਿਲਾਂ ਹੀ ਮੁੜ ਆਏ ?

"ਸਾਡੀ ਮੈਡਮ ਦਾ ਖ਼ਿਆਲ ਖਿੱਚ ਕੇ ਲੈ ਆਇਆ।"

"ਸਰ-ਜਾਣ ਨਹੀਂ ਦਿਆਂਗੀਆਂ। ਸਾਡਾ ਪੀਰੀਅਡ ਹੈ।" ਕੁਛ ਕੁੜੀਆਂ ਦਰਵਾਜ਼ੇ 'ਚ ਖੜ੍ਹੀਆਂ ਹੋ ਗਈਆਂ। ਰਣਜੀਤ ਮਜਬੂਰ ਜਿਹਾ ਹੋ ਕੇ ਮੁੜ ਡਾਇਸ 'ਤੇ ਆ ਗਿਆ।

ਕੁੜੀਆਂ ਨੇ ਦਰਵਾਜ਼ਾ ਬੰਦ ਕਰ ਲਿਆ ਤੇ ਕੁਛ ਦਰਵਾਜ਼ੇ ਨਾਲ ਪਹਿਰੇਦਾਰਾਂ ਵਾਂਗ ਪਿੱਠ ਜੋੜ ਕੇ ਖੜ੍ਹ ਗਈਆਂ।

"ਸਰ-ਸਾਡੀ ਭਾਬੀ ਕਦੋਂ ਲਿਆਣੀ ਹੈ ?"

ਰਣਜੀਤ ਬੌਂਦਲਿਆ ਖੜ੍ਹਾ ਸੀ।

ਬਾਹਰੋਂ ਦਰਵਾਜ਼ਾ ਖੜਕਿਆ।

"ਤੁਹਾਨੂੰ ਸਟਾਫ਼ ਰੂਮ 'ਚ ਬੁਲਾਇਐ ਜੀ।" ਮਾਈ ਕਹਿ ਰਹੀ ਸੀ।

"ਸਰ, ਕਲਾਸ ਛੱਡ ਕੇ ਨਹੀਂ ਜਾ ਸਕਦੇ।" ਬਲਜੀਤ ਕਹਿ ਰਹੀ ਸੀ ਪਰ ਰਣਜੀਤ ਛਾਲ ਮਾਰ ਕੇ ਬਾਹਰ ਨਿਕਲ ਗਿਆ ਸੀ।

ਸਟਾਫ਼ ਰੂਮ 'ਚ ਮੈਡਮ ਬੈਠੀ ਇੰਤਜ਼ਾਰ ਕਰ ਰਹੀ ਸੀ। ਉਸ ਦੇ ਚਿਹਰੇ 'ਤੇ ਸੰਜੀਦਗੀ ਘੁਲ ਰਹੀ ਸੀ।

"ਅੱਜ ਆਫਟਰ ਲੰਚ ਕੀ ਪ੍ਰੋਗਰਾਮ ਹੈ?"

"ਅੱਜ ਪ੍ਰਿੰਸੀਪਲ ਨੂੰ ਉਡੀਕਣ ਤੋਂ ਸਿਵਾਏ ਕੁਛ ਪ੍ਰੋਗਰਾਮ ਨਹੀਂ।"

"ਗਲਤੀ ਨਹੀਂ ਕਰਦੇ-ਹੋਰ ਕਿਤੇ ਚਲੇ ਗਏ ਫੇਰ ਕਿਹੜਾ ਦੁਸ਼ਮਣਾਂ ਤੋਂ ਬਚ ਜਾਉਗੇ।"

"ਪਰ ਮੈਡਮ ਮੈਂ ਕਰਾਂ ਕੀ-ਮੈਂ ਅਜਿਹਾ ਮੈਂਟਲ ਟਾਰਚਰ ਨਹੀਂ ਸਹਿ ਸਕਦਾ।"

"ਮੈਨੂੰ ਹੱਕ ਦਿਉ ਕਿ ਮੈਂ ਤੁਹਾਡੀ ਸਮੱਸਿਆ ਨੂੰ ਸ਼ੇਅਰ ਕਰ ਸਕਾਂ।"

"ਮੈਂ ਤੁਹਾਡਾ ਬੜਾ ਰਿਣੀ ਹਾਂ।"

"ਦੋਸਤਾਂ ਲਈ ਰਿਣੀ ਨਹੀਂ ਹੁੰਦੇ-ਅਜੇ ਆਪਾਂ ਰੀਹਰਸਲਜ਼ ਅਟੈਂਡ ਕਰਨੀਆਂ ਸਨ।

"ਸਰ, ਚਾਹ ਪੀਉਂਗੇ?" ਦੋ ਕੁੜੀਆਂ ਦੋ ਕੱਪਾਂ 'ਚ ਚਾਹ ਲੈ ਕੇ ਆਈਆਂ ਸਨ।

ਇਹ ਰੋਜ਼ ਦਾ ਕੰਮ ਸੀ। ਇਸ ਸਮੇਂ ਉਹ ਕੁੜੀਆਂ ਜ਼ਰੂਰ ਚਾਹ ਦੇਣ ਆਂਦੀਆਂ ਸਨ ਭਾਵੇਂ ਰਣਜੀਤ ਕਿਸੇ ਕੰਮ 'ਚ ਜਾਂ ਕਿਸੇ ਕੋਨੇ 'ਚ ਬੈਠਾ ਹੁੰਦਾ ਸੀ।

"ਲੜਕੀਆਂ ਦੇ ਕਾਲਜ ਵਿਚ ਕੰਮ ਕਰਨਾ ਬੜਾ ਮਨੋਰੰਜਕ ਹੈ ਪਰ ਨਾਲ ਨਾਲ ਇਸ ਮਨੋਰੰਜਨ ਦੀ ਕੀਮਤ ਦੇਣੀ ਪੈਂਦੀ ਹੈ-ਅਥਵਾ ਕਿ ਇਕ ਡਰ ਦੀ ਛੁਰੀ ਹਰ ਸਮੇਂ ਗਰਦਨ 'ਤੇ ਲਟਕਦੀ ਰਹਿੰਦੀ ਹੈ।

ਮੈਡਮ ਚਾਹ ਪੀਂਦੀ ਹੱਸ ਪਈ।

"ਯਾਨੀ ਬਕਰੇ ਨੂੰ ਛੋਲੇ ਤਾਂ ਪਾਏ ਜਾਂਦੇ ਨੇ ਪਰ ਬਰਾਬਰ ਨੰਗੀ ਤਲਵਾਰ ਵੀ ਲਟਕਾਈ ਜਾਂਦੀ ਹੈ।"

ਦੋਵੇਂ ਖੁਲ੍ਹ ਕੇ ਹੱਸੇ।

"ਮੈਡਮ, ਮੈਂ ਹੁਣ ਇਸ ਤਲਵਾਰ ਹੇਠੋਂ ਗਰਦਨ ਕੱਢ ਕੇ ਲੈਜਾਂਗਾ- ਮੈਨੂੰ ਮੁਆਫ ਕਰ ਦੇਣਾ।"

"ਕਿਥੇ ਜਾਉਗੇ?"

"ਕਿਤੇ ਵੀ-ਪਰ ਬਹੁਤ ਦੂਰ-ਤੈਨੂੰ ਪਤੈ ਮੇਰਾ ਕੋਈ ਨਹੀਂ। ਮਾਂ, ਬਾਪ, ਭੈਣ, ਨਾ ਭਾਈ।"

ਮੈਡਮ ਦੀਆਂ ਅੱਖਾਂ ਛਲਕ ਪਈਆਂ ਸਨ।

"ਫਿਰ ਮੈਂ ਕਿਤੇ ਵੀ ਰਹਿ ਸਕਦਾ ਹਾਂ-ਮੇਰੇ ਰਿਸ਼ਤੇਦਾਰ ਹਨ ਉਹ ਮੇਰੀ ਜਾਨ ਦੇ ਦੁਸ਼ਮਣ ਹਨ-ਉਹ ਕਿਸੇ ਸਮੇਂ ਵੀ ਹਮਲਾ ਕਰ ਸਕਦੇ ਹਨ।"

"ਮੈਨੂੰ ਪਤਾ ਹੈ।"

"ਜੀ?"

"ਹਾਂ ਰਣਜੀਤ-ਪਰ ਪਤਾ ਨਹੀਂ ਤੁਹਾਡੀ ਸ਼ਖਸੀਅਤ ਵਿਚ ਉਹ ਕਿਹੜੀ ਸ਼ਕਤੀ ਹੈ ਜਿਹੜੀ ਮੈਨੂੰ ਖਿੱਚਦੀ ਹੈ। ਕਿਹੜਾ ਸੁਹੱਪਣ ਹੈ ਜਿਹੜਾ ਮੈਨੂੰ ਬਾਂਵਰੀ ਬਣਾਈ ਰੱਖਦਾ ਹੈ।

"ਪਰ ਮੇਰੀ ਇਸ ਤੋਂ ਬਿਨਾਂ ਵੀ ਮਜਬੂਰੀ ਹੈ।"

"ਮੈਂ ਸ਼ੀਤਲ ਨੂੰ ਚੰਗੀ ਤਰ੍ਹਾਂ ਜਾਣਦੀ ਹਾਂ-ਉਹ ਮੇਰੀ ਸਟੂਡੈਂਟ ਹੈ।

ਰਣਜੀਤ ਹੱਕਾ ਬੱਕਾ ਤੱਕ ਰਿਹਾ ਸੀ।

"ਤੁਸੀਂ ਮੇਰੇ ਹਮਰਾਜ਼ ਹੋ।"

"ਪਰ ਇਹ ਹਮਰਾਜ ਕਦੇ ਵੀ ਸੈਲਫਿਸ਼ ਨਹੀਂ ਬਣੇਗਾ।"

ਘੰਟੀ ਖੜਕ ਗਈ ਸੀ। ਕੁਛ ਕਲਾਸਾਂ ਪਹਿਲਾਂ ਵੀ ਛੁੱਟ ਗਈਆਂ ਸਨ। ਕੁਛ ਹੋਰ ਪ੍ਰੋਫੈਸਰਾਂ ਵੀ ਸਟਾਫ ਰੂਮ ਪੁੱਜ ਗਈਆਂ ਸਨ। ਉਨ੍ਹਾਂ ਦੇ ਖਾਲੀ ਚਾਹ ਦੇ ਕੱਪਾਂ ਵੱਲ ਘੁਟਾਂਬਾਟੀ ਝਾਕ ਰਹੀਆਂ ਸਨ, ਕੁਛ ਕੁ ਅੱਖਾਂ ਅੱਖਾਂ ਰਾਹੀਂ ਗੱਲਾਂ ਕਰ ਰਹੀਆਂ ਸਨ। ਹਿੰਦੀ ਦੀ ਪ੍ਰੋਫੈਸਰ ਤਾਂ ਬਹੁਤ ਅਵੈੜੀ ਝਾਕਦੀ ਸੀ। ਉਹ 'ਕਾਲੀ ਭੇਡ' ਨਾਂ 'ਤੇ ਮਸ਼ਹੂਰ ਸੀ, ਖੰਭ ਤੋਂ ਡਾਰ ਬਣਾਉਣੀ ਉਸ ਲਈ ਚੁਟਕੀ ਦੇ ਬਰਾਬਰ ਸੀ। ਸਭ ਉਸਨੂੰ ਨਫ਼ਰਤ ਕਰਦੀਆਂ ਸਨ-ਪਰ ਡਰਦੀਆਂ ਉਸ ਨਾਲ ਮੂੰਹ ਨਾਲ ਮੂੰਹ ਜੋੜ ਕੇ ਗੱਲਾਂ ਵੀ ਕਰਦੀਆਂ ਸਨ। ਉਸ ਦਾ ਚਿਹਰਾ ਸੀ ਜਿਸ ਨੂੰ ਤਕਦਿਆਂ ਮੱਥੇ 'ਤੇ ਵੱਟ ਪੈਂਦੇ ਸਨ। ਮੋਮੋ-ਠਗਾਨੀ-ਸਤਅਸਮਾਨ ਟਾਕੀ ਲਾਹ ਕੇ ਫੋਰ ਕੇ ਲਿਆਉਣ ਵਾਲੀ ਸ਼ਕਲ ਸੀ। ਉਸ ਦੀ ਹੈਡ ਕੱਕ ਬੁੱਢੇ ਨਾਲ ਵਰ੍ਹਿਆਂ ਤੋਂ ਯਾਰੀ ਸੀ। ਚਾਲੀ ਸਾਲਾਂ ਤੋਂ ਟੱਪ ਗਈ ਸੀ, ਪਰ ਅਜੇ ਵਿਆਹ ਨਹੀਂ ਕਰਾਇਆ ਸੀ। ਛਾਤੀ ਚਾਰ ਬੱਚਿਆਂ ਦੀ ਮਾਂ ਵਾਂਗ ਭਾਰੀ ਤੇ ਥੱਲ-ਥੱਲ ਕਰਦੀ ਜਿਸ ਨੂੰ ਕਰੜੇ ਰੱਸਿਆਂ ਦੇ ਮੂੰਹਾਂ ਮਾਰ ਕੇ ਕੱਸ ਕੇ ਰਖਦੀ ਸੀ।

ਰਣਜੀਤ ਬਾਹਰ ਨਿਕਲ ਗਿਆ। ਲੜਕੀਆਂ ਵਧ-ਚੜ੍ਹ ਕੇ ਸਮਾਈਲ ਦੇ ਰਹੀਆਂ ਸਨ। ਦੁਖੀ ਮਨ ਰਸਮੀ ਜਵਾਬ ਦੇ ਰਿਹਾ ਸੀ।

ਪ੍ਰਿੰਸੀਪਲ ਆ ਗਈ ਸੀ।

ਰਣਜੀਤ ਅੰਦਰ ਚਲਾ ਗਿਆ।

"ਤੁਸੀਂ ਅਜੇ ਕੱਲ੍ਹ ਆਉਣਾ ਸੀ?"

"ਮੈਂ ਤਾਂ ਕਿਤੇ ਗਿਆ ਹੀ ਨਹੀਂ ਸਾਂ।"

"ਅੱਛਾ-ਚਲੋ ਚੰਗਾ ਕੀਤਾ।" ਪ੍ਰਿੰਸੀਪਲ, ਜਾਣ ਬੁੱਝ ਕੇ ਬੇ-ਧਿਆਨੀ ਹੋ ਰਹੀ ਸੀ।

"ਹੋਰ ਸੁਣਾਉ ਤਬੀਅਤ ਤਾਂ ਠੀਕ ਹੈ?"

ਰਣਜੀਤ ਨੇ ਜਵਾਬ 'ਚ ਮੇਜ਼ 'ਤੇ ਇਕ ਕਾਗਜ਼ ਰੱਖ ਦਿੱਤਾ। ਉਸ ਤੇਜ਼ੀ ਨਾਲ ਪੜ੍ਹਿਆ "ਅਸਤੀਫਾ?"

"ਜੀ।"

"ਮਗਰ ਕਿਉਂ?"

"ਜਵਾਬ ਦੀ ਤਾਂ ਕੋਈ ਜ਼ਰੂਰਤ ਨਹੀਂ।"

"ਮਗਰ ਮੈਂ ਛੱਡਣ ਲਈ ਤਿਆਰ ਨਹੀਂ।"

"ਮੈਂ ਰਹਿਣ ਲਈ ਤਿਆਰ ਨਹੀਂ।"

"ਤਕਲੀਫ਼ ?"

"ਕੋਈ ਨਹੀਂ-ਬਸ ਮੂਡ ਆ ਗਿਆ।"

"ਸਰਵਿਸ ਵਿਚ ਮੂਡ ਨਹੀਂ ਚਲਦੇ।"

"ਸਰਵਿਸ ਵਿਚ ਜ਼ਮੀਰ ਵੀ ਨਹੀਂ ਮਰਦੀ।"

"ਤੁਹਾਡਾ ਮਤਲਬ ?"

"ਕੁਛ ਨਹੀਂ-ਫਰਵਰੀ ਦਾ ਅੰਤ ਹੈ-ਅਗਲੇ ਹਫਤੇ ਸਟੂਡੈਂਟਸ ਫਰੀ ਹੋ ਜਾਣਗੇ। ਕਾਲਜ ਦਾ ਕੋਈ ਹਰਜ਼ ਨਹੀਂ। ਇਹ ਤਾਂ ਮੇਰਾ ਨੁਕਸਾਨ ਹੈ ਕਿ ਮੈਂ ਸਮਰ ਦੀ ਤਨਖਾਹ ਦਾ ਨੁਕਸਾਨ ਕਰ ਰਿਹਾ ਹਾਂ," ਰਣਜੀਤ ਬਰਾਬਰ ਉਸ ਦੇ ਚਿਹਰੇ 'ਚੋਂ ਕੁਛ ਪੜ੍ਹ ਰਿਹਾ ਸੀ। ਉਹ ਪੜ੍ਹ ਰਿਹਾ ਸੀ ਉਹ ਕਿਤਨੀ ਮਕਾਰ ਔਰਤ ਸੀ।

"ਰਣਜੀਤ ਜੀ, ਆਖਰ ਵਜਾਹ ਕੀ ਹੈ ?" ਪ੍ਰਿੰਸੀਪਲ ਹਾਰ ਗਈ ਸੀ।

"ਕੁਛ ਨਹੀਂ ਮੈਡਮ-ਮੇਰਾ ਮਨ ਠੀਕ ਨਹੀਂ।"

"ਪਰ ਪਤਾ ਵੀ ਤਾਂ ਲੱਗੇ।"

"ਬਿਹਤਰ ਹੈ ਤੁਸੀਂ ਵਜਾਹ ਆਪਣੇ ਆਪ ਤੋਂ ਪੁੱਛੋ।"

"ਆਈ ਐਮ ਸੌਰੀ ਰਣਜੀਤ ਜੀ-ਆਖ਼ਰ ਮੈਂ ਇੰਚਾਰਜ ਹਾਂ-ਮੈਨੂੰ ਹਰ ਗੱਲ ਦੀ ਪੜਤਾਲ ਕਰਨੀ ਪੈਂਦੀ ਹੈ।"

"ਲੇਕਨ ਮੈਡਮ ਕਿਸੇ ਪੜਤਾਲ ਦੀ ਹੱਦ ਹੁੰਦੀ ਹੈ। ਬੁਰੇ ਦੇ ਘਰ ਤੱਕ ਪਹੁੰਚਣਾ ਕਿਥੋਂ ਦੀ ਸਿਆਣਪ ਹੈ ?"

"ਆਈ ਐਮ ਸੌਰੀ ਰਣਜੀਤ ਜੀ ਮੈਨੂੰ ਸਿਆਣਪ ਨਾ ਸਿਖਾਓ।"

"ਠੀਕ ਹੈ-ਮੈਨੂੰ ਮੁਆਫ ਕਰਨਾ।" ਰਣਜੀਤ ਉਠ ਕੇ ਤੁਰ ਪਿਆ।

"ਇਹ ਤੁਹਾਡਾ ਆਖਰੀ ਫੈਸਲਾ ਹੈ ?"

"ਮੇਰਾ ਤਾਂ ਹੈ।"

"ਫਿਰ ਸੋਚ ਲਉ-ਕਾਲਜ ਨੂੰ ਪੜ੍ਹਿਆਂ ਲਿਖਿਆਂ ਦੀ ਕਮੀ ਨਹੀਂ। ਇਕ ਮੰਗੇ ਹਜ਼ਾਰ ਪੁੱਜਦੇ ਨੇ।"

"ਮੈਨੂੰ ਦੱਸਣ ਦੀ ਕੀ ਲੋੜ ਹੈ-ਇਹ ਜ਼ਰੂਰ ਕਹਿਕੇ ਜਾਵਾਂਗਾ। ਮੇਰੇ ਵਰਗੇ ਕਿਸੇ ਮੰਦ-ਭਾਗੇ ਨੂੰ ਰੋਜ਼ੀ ਦੇਣੀ ਤਾਂ ਇਸ ਤਰ੍ਹਾਂ ਜ਼ਲੀਲ ਨਾ ਕਰਨਾ-ਰੋਜ਼ੀ ਦੀ ਮਜਬੂਰੀ ਤਾਂ ਤੁਹਾਨੂੰ ਵੀ ਹੈ ਪਰ ਜ਼ਮੀਰ ਕਿਸੇ ਨੇ ਵੀ ਵੇਚੀ ਨਹੀਂ ਹੁੰਦੀ। ਮੈਨੂੰ ਦੁੱਖ ਹੈ ਮੈਂ ਇਤਨਾ ਬੇ ਖ਼ਬਰ ਰਿਹਾ- ਪੜਤਾਲੀਏ ਦਿਆਨਤਦਾਰ ਸਨ। ਮੇਰੇ ਨਾਲ ਜ਼ਰਾ ਵੀ ਅੱਖ ਮੈਲੀ ਹੁੰਦੀ ਤਾਂ ਮੇਰਾ ਹਸ਼ਰ ਜੋ ਹੁੰਦਾ-ਸੋਚ ਕੇ ਰੂਹ ਕੰਬ ਜਾਂਦੀ ਹੈ- ਮੈਡਮ, ਮੈਂ ਤੁਹਾਨੂੰ ਆਪਣੀ ਮਾਂ ਸਮਝਦਾ ਰਿਹਾ-ਮੈਨੂੰ ਇਤਨਾ ਗਿਆ-ਗੁਜ਼ਰਿਆ ਸਮਝਿਆ ਕਿਸੇ ਦੀ ਵੀ ਤੁਹਮਤ 'ਤੇ ਮੇਰੇ ਮਗਰ ਪੜਤਾਲੀਏ ਛੱਡੇ ਗਏ-ਚੰਗਾ ਹੁੰਦਾ ਸਿੱਧੇ ਤੌਰ 'ਤੇ ਮੈਨੂੰ ਬੁਲਾ ਕੇ ਗੱਲ ਸਪੱਸ਼ਟ ਕੀਤੀ ਹੁੰਦੀ-ਪਰ ਇਹ ਗੱਲਾਂ ਕਰਨ ਦਾ ਕੀ ਲਾਭ-ਮੈਨੂੰ ਜ਼ਰੂਰ ਮੁਆਫ਼ ਕਰਨਾ ਮੈਡਮ-ਨਮਸਕਾਰ।"

ਰਣਜੀਤ ਬਾਹਰ ਆ ਗਿਆ।

ਪ੍ਰਿੰਸੀਪਲ ਮੁੱਠੀਆਂ ਮੀਚ ਕੇ ਰਹਿ ਗਈ। ਉਸ ਦੀਆਂ ਬੁੱਢੀਆਂ ਪਰ ਗੋਰੀਆਂ ਗੱਲ੍ਹਾਂ ਸੁਰਖ਼ ਹੋ ਗਈਆਂ ਸਨ। ਉਸ ਦਾ ਸਚਾਈ ਸੁਣਦਿਆਂ ਸਾਹ ਫੂਲਣ ਲੱਗ ਪਿਆ। ਉਸ ਨੇ ਜ਼ੋਰਦਾਰ ਘੰਟੀ ਦਿੱਤੀ। ਬੁੱਢਾ ਕਲਰਕ ਅੰਦਰ ਆ ਗਿਆ। ਉਸ ਨੂੰ ਕਾਗਜ਼ ਫੜਾ ਕੇ ਉਸ ਨੇ ਘੁੰਮਦਾ ਸਿਰ ਹੱਥਾਂ 'ਚ ਘੁਟ ਲਿਆ।

"ਹੁਣ ਕੀ ਹੋ ਸਕਦੈ?"

"ਕੁਛ ਕਰੋ, ਮੈਂ ਐਸਾ ਸਟਾਫ ਮੈਂਬਰ ਵੇਸਟ ਨਹੀਂ ਕਰ ਸਕਦੀ?"

"ਲੇਕਨ ਮੈਡਮ ਮੇਰੇ ਵੱਸ ਤੋਂ ਗੱਲ ਬਾਹਰ ਦੀ ਹੈ।"

"ਮੈਂ ਤੁਹਮਤਬਾਜ਼ਾਂ ਵਿਰੁੱਧ ਜ਼ਰੂਰ ਐਕਸ਼ਨ ਲਵਾਂਗੀ।"

"ਮੇਰਾ ਖ਼ਿਆਲ ਹੈ ਹੁਣ ਕੁਛ ਵੀ ਕਰਨਾ ਵਾਧੂ ਹੈ। ਰਣਜੀਤ ਆਪਣਾ ਅਸਤੀਫਾ ਵਾਪਿਸ ਨਹੀਂ ਲਏਗਾ-ਮੈਨੂੰ ਉਸੀ ਵਕਤ ਪਤਾ ਲੱਗ ਗਿਆ ਸੀ ਜਦ ਮੈਂ ਉਸ ਨੂੰ ਸੁੱਤੀ ਨੀਦਰ 'ਚੋਂ ਜਗਾਇਆ ਸੀ।"

"ਨਹੀਂ ਵਾਪਿਸ ਲਏਗਾ ਤਾਂ ਮੈਨੂੰ ਉਮੀਦਵਾਰੀ ਦੀ ਕਮੀ ਨਹੀਂ।" ਗ਼ੁੱਸੇ 'ਚ ਉਹ ਬੇ-ਥਵੀ ਹੋ ਗਈ ਸੀ।

"ਫਿਰ ਤਾਂ ਝਗੜਾ ਹੀ ਕੋਈ ਨਹੀਂ। ਲੇਕਨ ਮੇਰਾ ਬੋਲਣਾ ਮੁਆਫ ਕਰਨਾ।"

"ਮੈਡਮ ਨਾਲਾਇਕ ਬੱਚੇ ਲਾਇਕ ਬਣਾਉਣ ਵਾਲਾ ਰਣਜੀਤ ਭਾਗਾਂ ਨਾਲ ਹੀ ਮਿਲੇਗਾ-ਇਤਨੀ ਲਗਨ ਨਾਲ ਕੰਮ ਕਰਨ ਵਾਲੇ ਪੁਰਸ਼ ਘੱਟ ਵੱਧ ਹੀ ਮਿਲਣਗੇ-ਇਕ ਵੀ ਬੱਚਾ ਉਸ ਤੋਂ ਅਸੰਤੁਸ਼ਟ ਨਹੀਂ ਮਿਲਦਾ-ਵਰਨਾ ਇਹ ਦੇਖਿਆ ਹੈ ਕਾਬਲ ਤੋਂ ਕਾਬਲ ਟੀਚਰ ਤੋਂ ਵੀ ਕੁਛ ਬੱਚੇ ਜ਼ਰੂਰ ਬਦ-ਜ਼ਨ ਹੁੰਦੇ ਹਨ। ਫੇਰ ਫਸਟ ਕਲਾਸ ਪ੍ਰੋਫੈਸਰ ਮਿਲ ਜਾਣੇ ਤਮਾਸ਼ਾ ਨਹੀਂ। ਦੁਨੀਆ ਦੇ ਲੱਖ ਲੱਖ ਨਖ਼ਰੇ ਹੁੰਦੇ ਹਨ। ਜੋ ਕੁਛ ਹੋਇਆ ਬੁਰਾ ਹੋਇਆ।"

ਪ੍ਰਿੰਸੀਪਲ ਨਹੀਂ ਪੱਥਰ ਦੀ ਮੂਰਤ ਕੁਰਸੀ 'ਚ ਬੈਠੀ ਸੀ।

ਰਣਜੀਤ ਸਿੱਧਾ ਸਟਾਫ਼ ਰੂਮ 'ਚ ਪਹੁੰਚਿਆ। ਮੈਡਮ ਪ੍ਰੋਫੈਸਰ ਅੰਦਰ ਨਹੀਂ ਸੀ। ਉਸ ਅੱਗੇ ਵਧ ਕੇ ਝਾਤੀ ਮਾਰੀ ਉਹ ਕਲਾਸ ਲਈ ਖੜ੍ਹੀ ਸੀ। ਰਣਜੀਤ ਦੇ ਬਰਾਬਰ ਪਹੁੰਚਣ 'ਤੇ ਉਹ ਬਾਹਰ ਨੂੰ ਅਹੁਲੀ।

"ਸਰ ਅੰਦਰ ਆ ਜਾਊ।"

"ਸਰ ਕੋਈ ਲਤੀਫਾ ਸੁਣਾ ਕੇ ਜਾਉ।"

"ਸਰ ਰਿਕੁਇਸਟ ਹੈ ਸਰ।"

ਰਣਜੀਤ ਦਾ ਦਿਲ ਕਰ ਆਇਆ। ਉਹ ਅੰਦਰ ਚਲਾ ਗਿਆ। ਉਸ ਨੇ ਰੀਝ ਭਰੀ ਨਜ਼ਰ ਕਲਾਸ ਵੱਲ ਤੱਕਿਆ। ਭਾਂਤ ਭਾਂਤ ਦੇ ਮੁੱਖ ਮੁਸਕਾ ਰਹੇ ਸਨ। ਕਾਲੇ ਕੇਸਾਂ 'ਚ ਚਿੜੀਆਂ ਹੱਸ ਰਹੀਆਂ ਸਨ। ਰਣਜੀਤ ਦੀਆਂ ਅੱਖਾਂ 'ਚ ਹੰਝੂ ਉਤਰ ਆਏ ਸਨ।

"ਅੱਛਾ ਲਤੀਫਾ ਫੇਰ ਕਦੇ ਸੁਣਾਵਾਂਗਾ।"

"ਫਿਰ ਕਦ?"

"ਇਹ ਨਹੀਂ ਕਹਿ ਸਕਦਾ।"

ਦੋਵੇਂ ਬਾਹਰ ਆ ਗਏ।

"ਮੈਡਮ ਮੈਨੂੰ ਮੁਆਫ ਕਰ ਦੇਣਾ-ਮੈਂ ਕਦੇ ਵੀ ਤੁਹਾਡਾ ਕਿਹਾ ਨਹੀਂ ਮੰਨ ਸਕਿਆ।"

"ਕੀ ਮਤਲਬ-ਅਸਤੀਫਾ ਦੇ ਆਏ?"

"ਹਾਂ-ਮਗਰ ਕਿਸੇ ਨੂੰ ਕਹਿਣਾ ਨਹੀਂ।"

"ਰਣਜੀਤ ਮੇਰੇ ਨਾਲ ਇਹ ਜ਼ੁਲਮ ਨਾ ਕਰੋ।"

"ਭਾਗਾਂ ਦੇ ਵੱਸ ਹੈ, ਰਣਜੀਤ ਦੇ ਕੁਛ ਵੱਸ ਨਹੀਂ ਹੈ।"

ਰਣਜੀਤ ਦੂਰ ਜਾ ਰਿਹਾ ਸੀ। ਮੈਡਮ ਪੱਥਰ ਹੋਈ ਹੰਝੂਆਂ ਵਿਚ ਦੀ ਝਾਕ ਰਹੀ ਸੀ, ਜਿਵੇਂ ਰਣਜੀਤ ਉਸ ਦੀ ਆਪਣੀ ਅੱਖ ਦਾ ਹੰਝੂ ਸੀ, ਜਿਹੜਾ ਜ਼ਬਰਦਸਤੀ ਗਿਰ ਪਿਆ ਸੀ।

ਰਣਜੀਤ ਕਮਰੇ 'ਚ ਪਹੁੰਚ ਗਿਆ ਸੀ। ਉਸ ਨੇ ਇਕੋ ਸਾਹੇ ਸਮਾਨ ਬੰਨ੍ਹ ਲਿਆ "ਪਰ ਸਮਾਨ ਲੈ ਕੇ ਜਾਏਂਗਾ ਕਿੱਥੇ?" ਉਸ ਦੇ ਮਨ ਨੇ ਪੁੱਛਿਆ ਤੇ ਉਹ ਸੋਚਣ ਲੱਗ ਪਿਆ।

"ਇਸ ਨਰਕ 'ਚੋਂ ਬਾਹਰ ਨਿਕਲ ਕੇ ਸੋਚਾਂਗਾ।" ਉਹ ਬਾਹਰ ਆ ਗਿਆ। ਸੜਕ 'ਤੇ ਝਾਤੀ ਮਾਰੀ। ਦੂਰ ਟਾਂਗਾ ਖੜ੍ਹਾ ਸੀ। ਉਸ ਟਾਂਗੇ ਵਾਲੇ ਨੂੰ ਇਸ਼ਾਰਾ ਕੀਤਾ। ਟਾਂਗੇ ਵਾਲਾ ਤੁਰ ਪਿਆ। ਉਹ ਅੰਦਰ ਆ ਕੇ ਟਰੰਕ ਦਾ ਕੁੰਡਾ ਜਿੰਦਾ ਦੇਖਣ ਲੱਗ ਪਿਆ।

"ਇਹ ਸਾਮਾਨ।" ਰਣਜੀਤ ਦਾ ਵਾਕ ਪੂਰਾ ਨਾ ਹੋਇਆ। ਸਾਹਮਣੇ ਬਜ਼ੁਰਗ ਕਲਰਕ ਖੜ੍ਹਾ ਸੀ। ਉਸਦੀ ਬੀਬੀ ਦਾਹੜੀ ਦਾ ਪਤਾ ਨਹੀਂ ਕੀ ਪ੍ਰਭਾਵ ਸੀ।

ਉਸ ਨੇ ਅਗੇ ਵਧ ਕੇ ਸਾਮਾਨ ਖੋਲ੍ਹਣਾ ਸ਼ੁਰੂ ਕਰ ਦਿੱਤਾ।

"ਤੁਹਾਡੇ ਮੇਰੇ 'ਤੇ ਅਹਿਸਾਨ ਹਨ, ਉਨ੍ਹਾਂ ਬਦਲੇ ਮੇਰੀ ਜ਼ਮੀਰ ਨਾ ਕੁਚਲੋ।"

"ਰਣਜੀਤ ਜੀ ਜੇਕਰ ਸੋਨਾ ਅੱਗ 'ਚ ਨਾ ਤਪੇ ਤਾਂ ਉਹ ਸੁੱਚਾ ਨਹੀਂ ਅਖਵਾ ਸਕਦਾ-ਇਤਨਾ ਕੁਛ ਨਾ ਹੁੰਦਾ ਤਾਂ ਅੱਜ ਪ੍ਰਿੰਸੀਪਲ 'ਚੋਂ ਲਿਲ੍ਹਕੜੀ ਨਾ ਨਿਕਲਦੀ। ਉਹ ਬੇਹੱਦ ਸ਼ਰਮਿੰਦਾ ਹੈ।"

"ਮੈਨੂੰ ਉਸ 'ਤੇ ਕੋਈ ਗਿਲਾ ਨਹੀਂ-ਮੈਨੂੰ ਕਿਸੇ 'ਤੇ ਵੀ ਗਿਲਾ ਨਹੀਂ।"

"ਪਰ ਮੈਨੂੰ ਹੈ!"

"ਉਹ ਕੀ?"

"ਤੁਸੀਂ ਜਾ ਰਹੇ ਹੋ-ਤੁਹਾਨੂੰ ਨਹੀਂ ਪਤਾ ਕਿਵੇਂ ਕਾਲਜ ਵਿਚ ਹਲਚਲ ਮਚ ਗਈ ਹੈ। ਮੈਨੂੰ ਡਰ ਹੈ ਸਟੂਡੈਂਟਸ ਮੈਡਮ ਦਾ ਦਫ਼ਤਰ ਨਾ ਤੋੜ ਦੇਣ। ਸਭ ਦੇ ਸਭ ਦਫਤਰ ਅੱਗੇ ਜਮ੍ਹਾਂ ਹਨ।"

"'ਪਰ ਐਸਾ ਕਿਉਂ? ਪ੍ਰੋਫੈਸਰ ਤਾਂ ਆਂਦੇ ਜਾਂਦੇ ਹੀ ਰਹਿੰਦੇ ਹਨ।"

"ਇਹ ਭਾਗ ਰਣਜੀਤ ਦਾ ਹੀ ਜਾਣਦੈ।"

"ਹਰਮਨ ਪਿਆਰੇ ਅੰਦਰੋਂ ਕਦੇ ਖ਼ੁਸ਼ ਨਹੀਂ ਹੁੰਦੇ।"

ਰਣਜੀਤ ਕਲਰਕ ਵੱਲ ਤੱਕਦਾ ਰਿਹਾ। ਉਸ ਦੇ ਚਿਹਰੇ ਨੂੰ ਪੜ੍ਹਦਾ ਰਿਹਾ।

"ਬਜ਼ੁਰਗੋ-ਮੈਂ ਰਹਾਂਗਾ ਤਾਂ ਕਿਸੇ ਵੀ ਕੀਮਤ 'ਤੇ ਨਹੀਂ-ਮਨ ਬਹੁਤ ਉਚਾਟ ਹੈ। ਪਤਾ ਨਹੀਂ ਮੈਂ ਕਿਤੇ ਨੌਕਰੀ ਕਰਾਂ ਜਾਂ ਨਹੀਂ।"

ਕਲਰਕ ਦਾ ਮਨ ਟੁੱਟ ਗਿਆ। ਉਸ ਦੇ ਬਜ਼ੁਰਗ ਚਿਹਰੇ 'ਤੇ ਨਿਰਾਸ਼ਾ ਇਕ ਦਮ ਝਲਕ ਪਈ।

"ਤੁਸੀਂ ਬੁਰਾ ਨਾ ਮੰਨੋ-ਮੇਰੀ ਮਜਬੂਰੀ ਸਮਝੋ-ਤੁਸੀ ਸੋਚੋ ਮੇਰੀ ਜਗ੍ਹਾ ਹੁੰਦੇ-ਜ਼ਲੀਲ ਹੋ ਕੇ ਰੁਕਣ ਲਈ ਤਿਆਰ ਹੁੰਦੇ ?"

"ਨਹੀਂ-ਮੈਂ ਬਹੁਤ ਖ਼ੁਸ਼ ਹਾਂ ਤੁਸੀਂ ਅਣਖੀ ਹੋ ਕਿ ਹਰ ਕੀਮਤ ਨੂੰ ਠੋਹਕਰ ਮਾਰ ਸਕਦੇ ਹੋ। ਅੱਛਾ ਹੁਣ ਮੈਂ ਤੁਹਾਨੂੰ ਮਜਬੂਰ ਨਹੀਂ ਕਰਦਾ-ਪਰ ਤੁਸੀਂ ਅੱਜ ਨਹੀਂ ਜਾ ਸਕਦੇ-ਪੇ ਵਗੈਰਾ ਦਾ ਹਿਸਾਬ ਲੈ ਕੇ ਹੀ ਜਾਣਾ।"

"ਹਿਸਾਬ ਤਾਂ ਕਿਤੇ ਵੀ ਮੰਗਵਾਇਆ ਜਾ ਸਕਦੈ-ਮੇਰੇ ਪਾਸ ਕੋਈ ਚੀਜ਼ ਨਹੀਂ ਜਿਸ ਦਾ ਮੈਂ ਚਾਰਜ ਦੇਣਾ ਹੋਵੇਗਾ।"

ਕਲਰਕ ਤੁਰ ਗਿਆ।

ਰਣਜੀਤ ਚੁੱਪ ਕਰਕੇ ਬੈਠ ਗਿਆ ਇਸ ਤਰ੍ਹਾਂ ਜਿਵੇਂ ਕੁਛ ਖੋਹ ਗਿਆ। ਉਸ ਨੂੰ ਹੋਸ਼ ਆਈ ਤਾਂ ਸਾਹਮਣੇ ਵਾਰਡਨ ਮਾਂ ਖੜ੍ਹੀ ਸੀ।

"ਮਾਂ ਨੂੰ ਮਿਲੇ ਬਿਨਾਂ ਹੀ ਪੁੱਤ ਤੁਰ ਚੱਲਿਆ ਸੀ।"

"ਧਿਆਨ ਰਹਿਣ ਵਾਲੀ ਗੱਲ ਹੀ ਨਹੀਂ ਰਹੀ ਬੇਟਾ-ਕਿੱਥੇ ਜਾਏਂਗਾ ?"

"ਇਹ ਤਾਂ ਸੋਚਿਆ ਨਹੀਂ ਮਾਂ ?"

"ਬੱਸ ਇਹ ਥਾਂ ਛੱਡਣੀ ਸੋਚੀ ਹੈ ?"

"ਹਾਂ-ਮੈਂ ਮਾਂ ਮਜਬੂਰ ਹੋ ਗਿਆ ਹਾਂ।"

"ਅਗਰ ਮੈਡਮ ਪ੍ਰਿੰਸੀਪਲ ਇਸੀ ਤਰ੍ਹਾਂ ਕੰਨਾਂ ਦੀ ਕੱਚੀ ਰਹੀ ਤਾਂ ਕਾਲਜ ਦਾ ਜ਼ਰੂਰ ਭੱਠਾ ਬਿਠਾ ਦੇਵੇਗੀ।"

"ਠੀਕ ਹੈ ਮਾਮ-ਉਸ ਦਾ ਵੀ ਹੱਕ ਹੈ ਆਪਣੇ ਸਟਾਫ਼ ਦਾ ਦੇਖੇ।"

"ਪਹਿਲਾਂ ਆਪਣੀ ਪੀੜ੍ਹੀ ਥੱਲੇ ਤਾਂ ਝਾਤੀ ਮਾਰੇ-ਖੇਹ ਖਾਂਦੀ ਬੁੱਢੀ ਹੋ ਗਈ।"

ਮਾਮ ਦੇ ਚਿਹਰੇ ਗੁੱਸਾ ਝਲਕ ਰਿਹਾ ਸੀ।

"ਕੁਛ ਕਰਨ ਲੱਗਿਆਂ ਸੋਚਣਾ ਨਹੀਂ ਫੇਰ ਹਾਲਾਤ ਨੂੰ ਵੱਸ ਵਿਚ ਰੱਖਣ ਦੀ ਸ਼ਕਤੀ ਵੀ ਨਹੀਂ-ਗੁੱਸੇ 'ਚ ਆਏ ਵਿਦਿਆਰਥੀ ਦੇਖ ਕੇ ਡਰਦੀ ਬਾਹਰ ਨਹੀਂ ਨਿਕਲ ਰਹੀ।"

"ਮਾਮਾ ਇਹ ਵਕਤੀ ਤਕਲੀਫਾਂ ਹਨ।"

"ਬੇਟਾ ਵਕਤੀ ਹੁੰਦੀਆਂ ਮੇਰੀਆਂ ਤੇਰੇ ਪਾਸ ਆਉਣ ਲਈ ਕੋਈ ਮਿਨਤਾਂ ਨਹੀਂ ਕਰਦਾ ਸੀ। ਬੱਚੇ ਉਸ ਦਾ ਸਿਰ ਪਾੜਨ ਤੱਕ ਜਾਣਗੇ।"

ਰਣਜੀਤ ਡਰ ਗਿਆ, ਉਸ ਨੂੰ ਖ਼ਬਰ ਨਹੀਂ ਸੀ ਉਹ ਵਿਦਿਆਰਥੀਆਂ ਦੇ ਦਿਲਾਂ 'ਚ ਇਤਨਾ ਰਚ ਗਿਆ ਸੀ।

"ਬੇਟਾ ਮੈਂ ਇਕ ਮਾਣ ਲੈ ਕੇ ਆਈ ਹਾਂ-ਜਾਣਦੀ ਹਾਂ ਤੇਰੇ ਲਈ ਬੜਾ

ਕਠਨ ਹੈ ਪਰ ਮਾਵਾਂ ਕਦੇ ਨਿਰਾਸ਼ ਨਹੀਂ ਕੀਤੀਆਂ ਜਾਂਦੀਆਂ।"

"ਲੇਕਨ ਮਾਮਾ ਕਿਤੇ ਮੈਨੂੰ ਮੇਰੀ ਸ਼ੁਹਰਤ, ਮੇਰੀ ਜਿੱਤ ਅਭਿਮਾਨੀ ਨਾ ਬਣਾ ਦੇਵੇ।"

"ਮੈਨੂੰ ਆਸ ਨਹੀਂ-ਊਣੇ ਛਲਕਦੇ ਨੇ- ਭਰਪੂਰ ਕਦੇ ਡੁੱਲ੍ਹਦੇ ਨਹੀਂ- ਤਾਂ ਮੈਂ ਸਮਝਾਂ ਮੇਰੇ ਧੌਲਿਆਂ ਦੀ ਲਾਜ ਰੱਖ ਲਈ। ਮਾਂ ਦਾ ਬੇਟੇ ਨੇ ਦਿਲ ਨਹੀਂ ਤੋੜਿਆ ?"

"ਅੱਛਾ ਮਾਮਾ ਤੇਰੀ ਮਰਜ਼ੀ।"

ਵਾਰਡਨ ਖ਼ੁਸ਼ੀ ਨਾਲ ਆਫਰੀ ਬਾਹਰ ਨਿਕਲ ਗਈ।

## 6.

### ਕੀ ਲੈਣੇ ਸਾਧਨੀ ਬਣ ਕੇ
### ਦਰ ਦਰ ਪੈ ਜੁ ਮੰਗਣਾ।

ਤੀਜੇ ਦਿਨ ਰਣਜੀਤ ਕਾਲਜ ਗਿਆ। ਲੜਕੀਆਂ ਅੱਤ ਖ਼ੁਸ਼ਮਿਜਾਜ਼ੀ ਨਾਲ ਮਿਲ ਰਹੀਆਂ ਸਨ। ਸਰ ਸਰ ਸੁਣਾਈ ਦੇ ਰਿਹਾ ਸੀ। ਰਣਜੀਤ ਲਈ ਇਹ ਜਿੱਤ ਦੇਖਣੀ ਕਠਨ ਹੋ ਗਈ।

ਉਹ ਸਿੱਧਾ ਪ੍ਰਿੰਸੀਪਲ ਦੇ ਦਫ਼ਤਰ ਚਲਾ ਗਿਆ। ਪ੍ਰਿੰਸੀਪਲ ਅੱਖਾਂ 'ਤੇ ਐਨਕਾਂ ਚਾੜ੍ਹੀ ਕਾਗਜ਼ਾਂ 'ਤੇ ਦਸਖ਼ਤ ਕਰ ਰਹੀ ਸੀ।

"ਮੈਡਮ ਮੈਂ ਮੁਆਫੀ ਮੰਗਣ ਆਇਆ ਹਾਂ ?"

"ਕਿਸ ਗੱਲ ਦੀ ?"

"ਮੈਂ ਗੁਸਤਾਖ਼ੀ ਕੀਤੀ-ਆਇੰਦਾ ਤੁਹਾਡੇ ਮਨ ਨੂੰ ਕਦੇ ਕਸ਼ਟ ਨਹੀਂ ਦੇਵਾਂਗਾ।"

ਪ੍ਰਿੰਸੀਪਲ ਖਾਮੋਸ਼ ਹੈਰਾਨ ਅੱਖਾਂ ਨਾਲ ਤੱਕ ਰਹੀ ਸੀ।

"ਮੈਂ ਤੱਦ ਹੀ ਕੰਮ ਕਰ ਸਕਾਂਗਾ ਜੇਕਰ ਮੈਨੂੰ ਪਹਿਲਾਂ ਵਾਂਗ ਹੀ ਟਰੀਟ ਕਰੋਗੇ ਔਰ ਇਹ ਤਿੰਨ ਦਿਨ ਦੀ ਕਹਾਣੀ ਇਕ ਝੂਠਾ ਸਪਨਾ ਸਮਝੋਗੇ।"

"ਰਣਜੀਤ ਜੀ ਜੋ ਕੁਛ ਹੋ ਗਿਆ ਮੈਂ ਉਸ 'ਤੇ ਸ਼ਰਮਿੰਦਾ ਹਾਂ- ਮੁਆਫ਼ੀ ਤਾਂ ਮੈਨੂੰ ਮੰਗਣੀ ਚਾਹੀਦੀ ਹੈ-ਖੈਰ!"

"ਸਰ, ਕੁਛ ਭੁੱਲਣਾ ਚਾਹੀਦਾ ਹੈ।" ਬਜ਼ੁਰਗ ਕਲਰਕ ਸਾਹਮਣੇ ਮੁਸਕਰਾ ਰਿਹਾ ਸੀ।

"ਰਣਜੀਤ ਜੀ ਤੁਸੀਂ ਚਲੇ ਜਾਂਦੇ-ਸ਼ਾਇਦ ਮੈਂ ਆਪਣੇ ਆਪ ਨੂੰ ਕਦੇ ਮੁਆਫ਼ ਨਾ ਕਰਦੀ।"

ਰਣਜੀਤ ਮੈਡਮ ਦੇ ਚਿਹਰੇ ਤੋਂ ਪੜ੍ਹਦਾ ਰਿਹਾ। ਸੱਚ ਹੀ ਉਹ ਪਛਤਾ ਚੁੱਕੀ ਸੀ। ਉਸ ਨੂੰ ਜ਼ਰੂਰ ਧੱਕਾ ਲਗਿਆ ਸੀ।

ਮੈਡਮ ਪ੍ਰੋਫੈਸਰ ਸਟਾਫ਼ ਰੂਮ 'ਚ ਬੈਠੀ ਮੁਸਕਰਾ ਰਹੀ ਸੀ। ਰਣਜੀਤ ਉਸ ਦੇ

ਸਾਹਮਣੇ ਸੀ। ਮੁਸਕ੍ਰਾਂਦੀਆਂ ਅੱਖਾਂ ਨਾਲ ਹੀ ਉਹ ਉਸ ਦਾ ਸਵਾਗਤ ਕਰ ਰਹੀ ਸੀ।

"ਬੜੇ ਖ਼ੂਬਸੂਰਤ ਲਗਦੇ ਹੋ।"

"ਸ਼ੁਕਰੀਆ।" ਮੈਡਮ ਦਾ ਕਣ ਕਣ ਮੁਸਕਰਾ ਰਿਹਾ ਸੀ।

ਬਹੁਤ ਸਾਰੀਆਂ ਕੁੜੀਆਂ ਅੰਦਰ ਆ ਗਈਆਂ। ਉਨ੍ਹਾਂ ਦੇ ਪੀਰੀਅਡ ਦਾ ਸਮਾਂ ਸੀ। ਰਣਜੀਤ ਨੂੰ ਲੈਣ ਆਈਆਂ ਸਨ।

ਹਾਜ਼ਰੀ ਲੱਗ ਗਈ। ਰਣਜੀਤ ਨੇ ਕਿਤਾਬ ਖੋਲ੍ਹੀ। ਦੇਖ ਕੇ ਹੈਰਾਨ ਹੋ ਗਿਆ ਕਿ ਸਭ ਕੁੜੀਆਂ ਨੀਵੀਆਂ ਪਾਈ ਬੈਠੀਆਂ ਸਨ।

"ਕਿਉਂ ਕੀ ਨਰਾਜ਼ਗੀ ਹੈ? ਬੋਲ ਕੇ ਤਾਂ ਦੱਸੋ।"

"ਅਸੀਂ ਬਹੁਤ ਨਾਰਾਜ਼ ਹਾਂ।"

"ਵਜ੍ਹਾ?"

"ਸਾਨੂੰ ਛੱਡ ਕੇ ਕਿਉਂ ਜਾ ਰਹੇ ਸੀ?"

"ਅਰੇ ਤੁਹਾਨੂੰ ਕੌਣ ਛੱਡ ਕੇ ਜਾ ਸਕਦੈ।"

"ਅਸਤੀਫਾ ਕਿਉਂ ਦਿੱਤਾ ਸੀ?"

"ਐਵੇ ਨਖਰੇ ਸਨ।"

ਕਲਾਸ ਹੱਸ ਪਈ।

"ਪਰ ਮੈਂ ਤੁਹਾਡਾ ਸਭ ਦਾ ਦਿਲੋਂ ਸ਼ੁਕਰ-ਗੁਜ਼ਾਰ ਹਾਂ।"

"ਸਰ, ਤੁਸੀਂ ਨਾ ਰਹਿੰਦੇ ਤਾਂ ਅਸੀਂ ਕਾਲਜ ਨੂੰ ਅੱਗ...।"

"ਬਸ ਬਸ ਬਸ-ਅੱਗ ਲਾਣ ਦੀਆਂ ਗੱਲਾਂ ਨਹੀਂ ਕਰੀਦੀਆਂ। ਪੜ੍ਹਾਈ ਦੀਆਂ ਗੱਲਾਂ ਕਰੀਦੀਆਂ ਹਨ।"

ਇਕ ਹਾਸਾ ਮੱਚ ਗਿਆ। ਪੜ੍ਹਾਈ ਸ਼ੁਰੂ ਹੋ ਗਈ।

ਸਾਰਾ ਸਟਾਫ਼ ਹੀ ਮਿਲ ਚੁੱਕਿਆ ਸੀ। ਹਰ ਰਣਜੀਤ ਦੇ ਜੇਤੂ ਮੁੱਖ ਵੱਲ ਤੱਕ ਤੱਕ ਕਸੀਸ ਵੱਟਦੀ ਸੀ।

ਸ਼ਾਮ ਨੂੰ ਰੀਹਰਸਲ ਹੋਈ। ਸਾਰੀਆਂ ਦੀਆਂ ਸਾਰੀਆਂ ਆਈਟਮਜ਼ ਬੜੀਆਂ ਪੱਕ ਚਲੀਆਂ ਸਨ। ਅਗਲੇ ਦਿਨ ਪ੍ਰਿੰਸੀਪਲ ਮੈਡਮ ਨੇ ਪਹਿਲੀ ਰੀਹਰਸਲ ਦੇਖੀ। ਪ੍ਰੋਗਰਾਮ ਦੀ ਲੜੀ, ਪੇਸ਼ ਕਰਨ ਦਾ ਢੰਗ ਤੇ ਆਈਟਮਜ਼ ਮਨੋਰੰਜਨ ਨੂੰ ਤੱਕ ਕੇ ਉਹ ਬਹੁਤ ਖ਼ੁਸ਼ ਸੀ। ਰਣਜੀਤ ਵੱਧ ਗੁਣੀ ਬਣ ਉਸ ਦੀਆਂ ਅੱਖਾਂ ਸਾਹਮਣੇ ਆ ਗਿਆ।

ਉਥੈਲੋ ਦਾ ਕਤਲ ਸੀਨ ਚੱਲ ਰਿਹਾ ਸੀ। ਮੈਡਮ ਤੇ ਰਣਜੀਤ ਦੂਰ ਬੈਠੇ ਸਾਰਾ ਡਰਾਮਾ ਤੱਕ ਰਹੇ ਸਨ।

"ਮਰਦ ਬੜੇ ਜ਼ਾਲਮ ਹੁੰਦੇ ਨੇ।" ਮੈਡਮ ਨੇ ਕਿਹਾ।

"ਜੀ?"

"ਹਾਂ-ਵਿਚਾਰੀ ਡੈਸਡੀਮੋਨਾ ਦਾ ਕੀ ਕਸੂਰ ਸੀ ਫੜ ਕੇ ਧੌਣ ਖਿਚ ਦਿੱਤੀ?"

"ਪਿਆਰੇ ਵੀ ਕਿੰਨੇ ਹੁੰਦੇ ਨੇ-ਸਚਾਈ ਦਾ ਪਤਾ ਲੱਗਿਆ ਤਾਂ ਆਪਣੇ

ਆਪ ਨੂੰ ਵੀ ਥਾਂ 'ਤੇ ਹੀ ਖ਼ਤਮ ਕਰ ਲਿਆ।" ਰਣਜੀਤ ਮੈਡਮ ਦੀਆਂ ਅੱਖਾਂ ਤੋਂ ਅੱਖਾਂ ਬਚਾ ਰਿਹਾ ਸੀ।

"ਰਣਜੀਤ-ਆਖਰ ਜ਼ਿੰਦਗੀ ਦਾ ਬਣੇਗਾ ਕੀ?"

"ਅੰਤ ਮਿਟ ਜਾਏਗੀ।" ਰਣਜੀਤ ਸਾਹਮਣੇ ਡੈਸਡੀਮੋਨਾ ਵੱਲ ਤੱਕ ਰਿਹਾ ਸੀ- ਅਥਵਾ ਕੰਵਲ ਰੀਹਰਸਲ ਕਰਦੀ ਰਣਜੀਤ ਵੱਲ ਹੀ ਤੱਕਦੀ ਰਹਿੰਦੀ ਸੀ, ਉਸ ਦੀਆਂ ਅੱਖਾਂ 'ਚ ਚੁੱਪ ਸ਼ਿਕਵਾ ਉਲੀਕਿਆ ਪਿਆ ਸੀ। ਮੈਡਮ ਉੱਠ ਕੇ ਕੁਛ ਸਮਝਾਣ ਚਲੀ ਗਈ। ਕੰਵਲ ਰਣਜੀਤ ਪਾਸ ਆ ਗਈ।

"ਸਰ ਬਿੰਦ ਦੀ ਬਿੰਦ ਉਥੈਲੋ ਵੀ ਨਹੀਂ ਬਣ ਸਕਦੇ-ਮੇਰੀ ਗਰਦਨ ਹੀ ਮਰੋੜ ਦਿਓ।" ਕੰਵਲ ਚੀਕ ਜਿਹੀ ਰਹੀ ਸੀ।

"ਕੰਵਲ ਬੇਵਕੂਫ ਨਹੀਂ ਬਣੀਦਾ- ਹਾਂ-ਤੂੰ ਥੋੜ੍ਹਾ ਹੋਰ ਇੰਮਪਰੂਵ ਕਰ ਬਹੁਤ ਅੱਛੀ ਐਕਟਿੰਗ ਹੈ-ਕਿਉਂ ਮੈਡਮ ਕੰਵਲ ਹੈ ਨਾ ਅਸਲੀ ਡੈਸਡੀਮੋਨਾ।" ਕੰਵਲ ਤੁਰ ਗਈ ਸੀ।

"ਪਰ ਰਣਜੀਤ ਉਥੈਲੋ ਨਹੀਂ ਬਣ ਰਿਹਾ।"

"ਤੁਹਾਨੂੰ ਇਸ ਗੱਲ ਦਾ ਵੀ ਪਤਾ ਹੈ ਮੈਡਮ ਲੜਕੀਆਂ ਅਣਜਾਣ ਹੁੰਦੀਆਂ ਨੇ, ਜੇਕਰ ਸਰ ਵੀ ਗਲਤੀ ਕਰੇ ਤਾਂ ਅੱਛਾ ਨਹੀਂ ਲੱਗਦਾ।"

"ਹਾਏ ਰਣਜੀਤ ਤੇਰਾ ਇਹ ਸਬਰ ਹੀ ਤਾਂ ਮੇਰਾ ਵੈਰੀ ਹੈ।" ਮੈਡਮ ਨੇ ਬੜਾ ਜਜ਼ਬਾਤੀ ਹੋ ਕੇ ਰਣਜੀਤ ਦੇ ਕੰਨ ਕੋਲ ਕਿਹਾ।

ਰਾਤ ਦੇ ਦਸ ਵਜੇ ਤੱਕ ਰੀਹਰਸਲ ਚਲਦੀ ਰਹੀ।

ਅਗਲਾ ਦਿਨ ਐਤਵਾਰ ਦਾ ਸੀ। ਰਣਜੀਤ ਕਾਫੀ ਧੁੱਪਾਂ ਚੜ੍ਹੀਆਂ ਤੇ ਬਿਸਤਰੇ 'ਚੋਂ ਨਿਕਲਿਆ, ਸਾਹਮਣੇ ਵਾਲਾ ਲੜਕਾ ਵੀ ਅੱਜ ਘਰੇ ਹੀ ਸੀ। ਉਸ ਨੇ ਚਾਹ ਬਣਾਈ। ਦੋਹਾਂ ਪੀਤੀ। ਤਰ੍ਹਾਂ ਤਰ੍ਹਾਂ ਦੀਆਂ ਰੰਗ-ਬਰੰਗੀਆਂ ਗੱਲਾਂ ਕੀਤੀਆਂ।

ਰਾਤ ਸਮੇਂ ਕਾਫੀ ਦੇਰ ਨਾਲ ਰਣਜੀਤ ਘਰ ਪਰਤਿਆ ਸੀ। ਉਸ ਦਾ ਅੱਜ ਲੰਮੀ ਸੈਰ ਕਰਨ ਦਾ ਮੂਡ ਸੀ। ਰੋਟੀ ਵੀ ਬਾਹਰੋਂ ਹੀ ਖਾ ਕੇ ਪਰਤਿਆ ਸੀ।

ਇਕ ਤੂਫ਼ਾਨ ਗੁਜ਼ਰ ਗਿਆ ਸੀ। ਸ਼ਾਂਤੀ ਵਸ ਗਈ ਸੀ। ਰਣਜੀਤ ਦਾ ਮਨ ਹਲਕਾ ਸੀ। ਹਲਕੇ ਮਨ 'ਚ ਸ਼ੀਤਲ ਦਾ ਖ਼ਿਆਲ ਵਸ ਗਿਆ। ਸ਼ੀਤਲ ਇਤਨੀ ਵੱਡੀ ਸਮੱਸਿਆ ਸੀ ਕਿ ਕੋਈ ਆਰ ਪਾਰ ਨਜ਼ਰ ਨਹੀਂ ਆਉਂਦਾ ਸੀ। ਰਣਜੀਤ ਦੀ ਆਦਤ ਪੱਕ ਗਈ ਸੀ ਕਿ ਉਹ ਹਰ ਉਲਝਣ ਨੂੰ ਸਮੇਂ ਦੇ ਫੈਸਲੇ 'ਤੇ ਛੱਡ ਦੇਂਦਾ ਸੀ। ਸ਼ੀਤਲ ਉਸ ਨੂੰ ਪਿਆਰ ਕਰਦੀ ਸੀ। ਉਸ ਨੂੰ ਸਭ ਕੁਛ ਅਰਪਨ ਕਰਨਾ ਲੋਚਦੀ ਸੀ, ਪਰ ਰਣਜੀਤ ਝਿਜਕ ਰਿਹਾ ਸੀ, ਉਸ ਨੂੰ ਇਕ ਤਰ੍ਹਾਂ ਜਾਪਦਾ ਸੀ ਜਿਵੇਂ ਉਹ ਦੋਸ਼ੀ ਸੀ-ਦੋਸ਼ ਕਰ ਰਿਹਾ ਸੀ। ਪਰ ਕੁਛ ਕਹਿ ਵੀ ਨਹੀਂ ਸਕਦਾ ਸੀ। ਸਚਾਈ ਦਸਦੈ ਤਾਂ ਮਾਸੂਮ ਜਜ਼ਬਾਤੀ ਸ਼ੀਤਲ ਦਾ ਦਿਲ ਟੁੱਟਦਾ ਸੀ, ਪਰ ਸ਼ੀਤਲ ਨੇ ਉਸ ਨੂੰ ਸੋਚਣ ਜਾਂ ਕੁਛ ਕਹਿਣ ਦਾ ਕੋਈ ਮੌਕਾ ਵੀ ਤਾਂ ਨਹੀਂ ਦਿੱਤਾ ਸੀ। ਹੁਣ ਸ਼ੀਤਲ ਧਾਰ ਵਿਚਕਾਰ ਨਜ਼ਰ ਆ ਰਹੀ ਸੀ-ਰਣਜੀਤ ਬਿਲਕ ਉਠਿਆ। ਉਸ ਤੋਂ ਅਚੇਤ ਹੀ ਘੋਰ ਪਾਪ ਹੋ ਗਿਆ ਸੀ। ਸਚਾਈ ਦਾ ਪਤਾ ਲੱਗਿਆ ਤਾਂ

ਸ਼ੀਤਲ ਕੀ ਸੋਚੇਗੀ-ਅਜੇ ਵੀ ਮੌਕਾ ਹੈ-ਚਾਰ ਦਿਨ ਰੋ ਕੁਰਲਾ ਕੇ ਚੁੱਪ ਕਰ ਜਾਵੇਗੀ-ਵੱਡੀ ਹੱਦ ਉਸ ਨਾਲ ਨਫ਼ਰਤ ਕਰਨ ਲੱਗ ਜਾਏਗੀ। ਰਣਜੀਤ ਨੇ ਕਾਗਜ਼ ਕਲਮ ਚੁੱਕੀ ਤੇ ਚਿੱਠੀ ਲਿਖਣ ਬੈਠ ਗਿਆ। ਘੰਟਾ ਭਰ ਚਿੱਠੀ ਲਿਖਦਾ ਰਿਹਾ। ਉਸ ਵਿਚ ਉਸ ਨੇ ਸਭ ਕੁਛ ਬਿਆਨ ਕਰ ਦਿੱਤਾ-ਆਪਣੇ ਆਪ ਨੂੰ ਹਰ ਗੁਨਾਹਗਾਰ ਦੱਸਿਆ-ਇਹ ਕੁਛ ਲਿਖਦਿਆਂ ਪਤਾ ਨਹੀਂ ਉਸ ਦੀ ਕਿਹੜੇ ਸਮੇਂ ਅੱਖ ਲੱਗ ਗਈ। ਅੱਖ ਖੁਲ੍ਹੀ ਤਾਂ ਕੋਈ ਦਰਵਾਜ਼ਾ ਖੜਕਾ ਰਿਹਾ ਸੀ। "ਆ ਮੇਰੀ ਸ਼ੀਤਲ ਤੈਨੂੰ ਬਾਹਾਂ 'ਚ ਲੈ ਕੇ ਮੁੱਕ ਜਾਵਾਂ। ਤੂੰ ਮੇਰੀ ਰੂਹ ਹੈਂ ਸ਼ੀਤਲ। ਮੈਂ ਤੈਨੂੰ ਧੋਖਾ ਦੇ ਕੇ ਇਕ ਪਲ ਵੀ ਜਿਉਂ ਨਹੀਂ ਸਕਦਾ। ਪਰ ਜੇ ਮੈਂ ਇਹ ਕਹਾਂ ਕਿ ਮੈਂ ਤੇਰੇ ਕਾਬਲ ਨਹੀਂ ਤਾਂ ਤੂੰ ਮੰਨੇਗੀ ਨਹੀਂ, ਪਰ ਇਹ ਹੈ ਸੱਚ! ਮੈਂ ਤੈਨੂੰ ਬਾਹਾਂ 'ਚ ਵੀ ਲੈਂਦਾ ਹਾਂ-ਚੁੰਮਦਾ ਹਾਂ-ਦਿਲ ਦੇ ਵੱਸ ਹੋ ਕੇ-ਪਰ ਮੇਰਾ ਚੇਤਨ ਮੈਨੂੰ ਹਰ ਸਮੇਂ ਕੋਸਦਾ ਹੈ ਸ਼ੀਤਲ।"

"ਸ਼ੀਤਲ ਨਹੀਂ ਕੰਵਲ ਸਰ-ਮੇਰੇ ਸਰ-ਮੈਂ ਤੇਰੀਆਂ ਬਾਹਾਂ 'ਚ ਆਉਣ ਲਈ ਪਾਗਲ ਹੋ ਗਈ ਸਾਂ-ਸ਼ੁਕਰ ਹੈ ਅੱਜ ਦੀ ਰਾਤ ਮਿਲ ਗਈ।"

ਰਣਜੀਤ ਨੂੰ ਹੋਸ਼ ਆਈ। ਸੱਚ ਹੀ ਕੋਈ ਲੜਕੀ ਉਸ ਨਾਲ ਵੇਲ ਵਾਂਗ ਲਿਪਟੀ ਪਈ ਸੀ। ਉਸ ਉਠ ਕੇ ਬੱਤੀ ਜਗਾਈ-ਡੈਸਡੀਮੋਨਾ ਦੀ ਡਰੈਸ ਵਿਚ ਕੰਵਲ ਉਸ ਦੇ ਪਲੰਘ 'ਤੇ ਪਈ ਸੀ। ਰਣਜੀਤ ਦੀ ਚੀਕ ਜਿਹੀ ਨਿਕਲ ਗਈ। ਉਹ ਸੁੰਨ ਹੋ ਗਿਆ। ਉਸ ਦੇ ਚੇਤਨ ਨੂੰ ਝਟਕਾ ਲੱਗਿਆ ਜਿਵੇਂ ਅਜੇ ਵੀ ਸੁਪਨਾ ਚੱਲ ਰਿਹਾ ਸੀ।

"ਕੰਵਲ ਤੂੰ?"

"ਹਾਂ ਮੈਂ।"

"ਮੈਂ ਇਹ ਕੀ ਦੇਖ ਰਿਹਾ ਹਾਂ?"

"ਕੰਵਲ ਨੂੰ ਦੇਖ ਰਹੇ ਹੋ।"

"ਤੂੰ ਪਾਗਲ ਹੋ ਗਈ ਕੰਵਲ।"

"ਹਾਂ ਕੰਵਲ ਪਾਗਲ ਹੋ ਗਈ।"

ਰਣਜੀਤ ਕਮਰੇ ਤੋਂ ਬਾਹਰ ਨਿਕਲ ਗਿਆ, ਬਾਹਰ ਚੁੱਪ ਛਾਈ ਹੋਈ ਸੀ। ਉਸ ਅੰਦਰ ਆ ਕੇ ਦਰਵਾਜ਼ਾ ਬੰਦ ਕਰ ਲਿਆ।

"ਤੂੰ ਇਹ ਕੀ ਕੀਤਾ ਕੰਵਲ?"

"ਮੈਂ ਬੇ-ਵਸ ਸਾਂ ਸਰ।"

"ਪਰ ਤੂੰ ਹੋਸਟਲ 'ਚੋਂ ਬਾਹਰ ਕਿਸ ਤਰ੍ਹਾਂ ਆਈ?"

"ਅੱਜ ਮੈਂ ਹੋਸਟਲ 'ਚੋਂ ਛੁੱਟੀ ਲੈ ਕੇ ਸਹੇਲੀ ਦੇ ਘਰ ਠਹਿਰੀ ਹਾਂ।"

"ਕੰਵਲ ਤੂੰ ਬੱਚੀ ਹੈਂ-ਤੈਨੂੰ ਮੇਰੀ ਜ਼ਿੰਦਗੀ ਦੀਆਂ ਮਜਬੂਰੀਆਂ ਦਾ ਨਹੀਂ ਪਤਾ। ਬਾਕੀ ਇਕ ਸਟੂਡੈਂਟ ਟੀਚਰ ਦਾ ਰਿਸ਼ਤਾ ਬਹੁਤ ਉੱਚਾ ਹੁੰਦਾ ਹੈ।"

"ਸਰ, ਪਿਆਰ ਨਾਲੋਂ ਵੀ ਉੱਚਾ ਹੁੰਦਾ ਹੈ?"

"ਪਰ ਪਿਆਰ ਇਹ ਤਾਂ ਨਹੀਂ ਕਹਿੰਦਾ। ਰਾਤਾਂ ਨੂੰ ਚੋਰਾਂ ਵਾਂਗ ਮਿਲੋ।"

"ਮੈਂ ਮਜਬੂਰ ਹੋ ਗਈ ਸਰ।"

"ਕੰਵਲ ਪਿਆਰ ਦੇ ਬਹੁਤ ਰੂਪ ਹਨ। ਭੈਣ ਭਰਾ ਦਾ ਪਿਆਰ ਵੀ ਤਾਂ ਪਿਆਰ ਹੀ ਹੁੰਦਾ ਹੈ।"

"ਨਹੀਂ ਮੈਂ ਅਜਿਹਾ ਕੁਛ ਨਹੀਂ ਚਾਹੁੰਦੀ।"

ਰਣਜੀਤ ਦੀ ਜਿੰਦ ਕੁੱੜਕੀ 'ਚ ਫਸੀ ਹੋਈ ਸੀ। ਉਹ ਦੋਵੇਂ ਬੜਾ ਚਿਰ ਚੁੱਪ ਚਾਪ ਬੈਠੇ ਰਹੇ।

"ਵਾਪਸ ਕਦ ਜਾਣਾ ਹੈ ਕੰਵਲ?"

"ਜਦ ਕਹੋਗੇ।"

"ਤੇਰੀ ਸਹੇਲੀ ਦਾ ਘਰ ਕਿੰਨੀ ਦੂਰ ਹੈ?"

"ਬਿਲਕੁਲ ਹੀ ਨਾਲ-ਤੁਹਾਡੀ ਦੀਵਾਰ ਟੱਪ ਕੇ।"

"ਅਗਰ ਕਿਸੇ ਨੂੰ ਪਤਾ ਲੱਗ ਗਿਆ ਤਾਂ?"

"ਨਹੀਂ ਲੱਗਦਾ ਜੀ ਉਨ੍ਹਾਂ ਦਾ ਅੱਜ ਕੋਈ ਵੀ ਘਰ ਨਹੀਂ।"

"ਚੰਗਾ ਚੱਲ ਦੀਵਾਰ 'ਤੇ ਚੜ੍ਹਾਵਾਂ।"

"ਪਹਿਲਾਂ ਵਾਅਦਾ ਕਰੋ ਪਿਆਰ ਕਰੋਗੇ।"

"ਅੱਛਾ ਵਾਅਦਾ ਕਰਦਾ ਹਾਂ।"

ਕੰਵਲ ਦੀਆਂ ਅੱਖਾਂ ਛਲਕ ਜਹੀਆਂ ਪਈਆਂ ਤੇ ਉਸ ਨੇ ਭਾਵਕ ਹੋ ਕੇ ਰਣਜੀਤ ਨੂੰ ਜੱਫੀ ਪਾ ਲਈ। ਰਣਜੀਤ ਕੁੜੀ ਦੀਆਂ ਹਰਕਤਾਂ 'ਤੇ ਹੱਕਾ ਬੱਕਾ ਸੀ। ਉਸ ਕਮਰੇ ਦੀ ਬੱਤੀ ਬੰਦ ਕਰ ਦਿੱਤੀ। ਦਰਵਾਜ਼ਾ ਖੋਲ੍ਹਿਆ। ਸਾਰੇ ਪਾਸੀਂ ਝਾਤੀ ਮਾਰੀ। ਕੰਵਲ ਉਸ ਨਾਲ ਲੱਗੀ ਖੜ੍ਹੀ ਸੀ। ਰਣਜੀਤ ਨੇ ਮਹਿਸੂਸ ਕੀਤਾ ਉਸ ਦਾ ਸਾਰਾ ਸਰੀਰ ਪਾਰੇ ਵਾਂਗ ਥਰਕ ਰਿਹਾ ਸੀ।

ਕੰਵਲ ਜ਼ਰਾ ਕੁ ਆਸਰੇ ਦੀਵਾਰ ਚੜ੍ਹ ਗਈ।

ਰਣਜੀਤ ਦੇ ਸਾਹ 'ਚ ਸਾਹ ਆਏ, ਉਸ ਨੂੰ ਸਾਰੀ ਰਾਤ ਚੈਨ ਨਾ ਆਈ। ਅੱਖ ਲੱਗੇ ਤੁਰੰਤ ਖੁੱਲ੍ਹ ਜਾਵੇ, ਜਿਵੇਂ ਕੋਈ ਫਿਰ ਦਰਵਾਜ਼ਾ ਖੜਕਾ ਰਿਹਾ ਸੀ।

ਅਗਲੇ ਦਿਨ ਰਣਜੀਤ ਨੇ ਕਮਰਾ ਬਦਲ ਲਿਆ-ਸ਼ਹਿਰ ਤੋਂ ਕਾਫ਼ੀ ਦੂਰ। ਇਸ ਨਵੀਂ ਸਮੱਸਿਆ 'ਚ ਉਹ ਸ਼ੀਤਲ ਨੂੰ ਲਿਖੇ ਖ਼ਤ ਦਾ ਧਿਆਨ ਉੱਕਾ ਹੀ ਭੁੱਲ ਗਿਆ ਸੀ। ਫੇਰ ਪਤਾ ਨਹੀਂ ਕੀ ਮਨ 'ਚ ਆਇਆ ਕਿ ਉਸ ਨੇ ਖ਼ਤ ਦੇ ਪੁਰਜ਼ੇ ਕਰ ਦਿੱਤੇ ਤੇ ਮੱਥੇ 'ਤੇ ਹੱਥ ਧਰ ਕੇ ਬੈਠ ਗਿਆ।

ਮਨ ਭਾਰਾ ਸੀ। ਉਹ ਬੇਥਾਹ ਪਿਆਸਾ ਸੀ। ਪਾਸੀਂ ਚਸ਼ਮੇ ਹੀ ਚਸ਼ਮੇ ਸਨ, ਪਰ ਕਿਸੇ 'ਚੋਂ ਵੀ ਇਕ ਬੁੱਕ ਪਾਣੀ ਨਹੀਂ ਪੀ ਸਕਦਾ ਸੀ- ਉਹ ਮਨ 'ਚ ਸੋਚ ਰਿਹਾ ਸੀ। ਇਸ ਵਾਰ ਫਿਰ ਉਸਦਾ ਮਨ ਬਣਿਆ ਕਿ ਉਹ ਬਗ਼ੈਰ ਕਿਸੇ ਨੂੰ ਦੱਸਿਆਂ ਕਾਲਜ ਛੱਡ ਕੇ ਕਿਧਰੇ ਤੁਰ ਜਾਵੇ।

# 7.

ਇਕ ਫੁੱਲ ਕੀ ਬਾਗ਼ਾ ਵਿਚ ਖਿੜਿਆ,
ਦਿਲਾਂ ਵਿਚ ਰਹੇ ਮਹਿਕਦਾ।

ਰਣਜੀਤ ਕੰਮ 'ਚ ਰੁੱਝਿਆ ਰਹਿੰਦਾ ਸੀ ਪਰ ਅੰਦਰੋਂ ਅੰਤਾਂ ਦਾ ਦੁਖੀ ਸੀ। ਉਹ ਹੱਸਦਾ ਰਹਿੰਦਾ ਸੀ ਪਰ ਉਸ ਦਾ ਦਿਲ ਰੋਂਦਾ ਰਹਿੰਦਾ ਸੀ। ਸ਼ੀਤਲ, ਕੰਵਲ ਤੇ ਮੈਡਮ ਪ੍ਰੋਫੈਸਰ ਕਿਸੇ ਸਮੇਂ ਉਸ ਨੂੰ ਪਾਗਲ ਕਰ ਛੱਡਦੀਆਂ ਸਨ।

ਪਰ ਉਹ ਆਪਣੇ ਕੰਮ 'ਚ ਬਾਕਾਇਦਾ ਸੀ। ਨਾ ਕਦੇ ਪੀਰੀਅਡ ਮਿਸ ਕਰਦਾ ਸੀ ਨਾ ਪੜ੍ਹਾਉਣ 'ਚ ਦਿਲਚਸਪੀ। ਕਿੱਤੇ ਨਾਲ ਪੂਰਾ ਇਮਾਨਦਾਰ ਸੀ।

ਕਾਲਜ ਦਾ ਫੰਕਸ਼ਨ ਨੇੜੇ ਪੁੱਜ ਗਿਆ। ਕਨਵੋਕੇਸ਼ਨ, ਪਰਾਈਜ਼ ਡਿਸਟਰੀਬਿਊਸ਼ਨ ਆਦਿ। ਵੱਡੇ ਚੌਗਾਨ ਵਿਚ ਸ਼ਮਿਆਨਾ ਲੱਗਿਆ। ਕੁਰਸੀਆਂ ਸੱਜੀਆਂ ਹੋਈਆਂ। ਪੁਰਾਣੇ ਵਿਦਿਆਰਥੀ ਆਏ ਸਨ। ਸ਼ੀਤਲ ਨਹੀਂ ਆਈ ਸੀ। ਉਸ ਸ਼ੁਕਰ ਕੀਤਾ ਸੀ। ਉਹ ਸ਼ੀਤਲ ਨੂੰ ਜਾਨ ਨਾਲੋਂ ਵੱਧ ਪਿਆਰ ਕਰਦਾ ਸੀ ਪਰ ਉਸ ਤੋਂ ਜਾਨ ਲੁਕਾਂਦਾ ਵੀ ਰਹਿੰਦਾ ਸੀ।

ਰਾਤ ਸਮੇਂ ਮਨੋਰੰਜਨ ਦਾ ਪ੍ਰੋਗਰਾਮ ਹੋਇਆ। ਗਿੱਧਾ, ਡਰਾਮੇ, ਬੜੇ ਜੰਮ ਕੇ ਹੋਏ ਸਨ। ਹਰ ਡਾਇਲਾਗ 'ਤੇ ਤਾੜੀਆਂ ਉੱਠ ਰਹੀਆਂ ਸਨ। ਬੜਾ ਹੀ ਉਕਸਾਊ ਪ੍ਰੋਗਰਾਮ ਸੀ। ਰਣਜੀਤ ਨੇ ਹਰ ਲੜਕੀ ਦੀ ਬਰਾਬਰ ਖੜ੍ਹ ਕੇ ਮੇਕ-ਅੱਪ ਕਰਾਈ ਸੀ। ਕੰਵਲ ਫਿਰ ਉਲਝਣ ਬਣ ਰਹੀ ਸੀ ਪਰ ਉਹ ਕਿਸੇ ਨਾ ਕਿਸੇ ਤਰ੍ਹਾਂ ਹਾਲਾਤ ਨੂੰ ਸੰਭਾਲ ਗਿਆ ਸੀ। ਉਹ ਇਕੱਲਾ ਹੋਣ ਦਾ ਕਿਸੇ ਨੂੰ ਵੀ ਮੌਕਾ ਨਹੀਂ ਦੇ ਰਿਹਾ ਸੀ।

ਪੁਰਾਣੀਆਂ ਵਿਦਿਆਰਥਣਾਂ ਵਿਚ ਰਣਜੀਤ ਦੀ ਬੜੀ ਚਰਚਾ ਸੀ। ਬੜੀਆਂ ਹੀ ਕੁੜੀਆਂ ਵਾਕਿਫ਼ ਕੁੜੀਆਂ ਵਿਚ ਹੀ ਮਿਲਣ ਆਈਆਂ ਸਨ। ਆਟੋਗਰਾਫ ਲੈ ਕੇ ਗਈਆ ਂ ਸਨ। ਪਰ ਰਣਜੀਤ ਨੂੰ ਇਹ ਸਾਰਾ ਕੁਛ ਅਜੀਬ ਲੱਗਦਾ ਸੀ। ਕੁੜੀਆਂ ਦਾ ਝੱਲਪੁਣਾ ਲੱਗਦਾ ਸੀ। ਕਈ ਵਾਰ ਉਸ ਨੂੰ ਖ਼ੁਦ 'ਤੇ ਸ਼ਰਮ ਜਿਹੀ ਮਹਿਸੂਸ ਹੁੰਦੀ ਜਿਵੇਂ ਉਹ ਇਸ ਸਾਰੇ ਕੁਛ ਦੇ ਕਾਬਲ ਨਹੀਂ ਸੀ। ਉਹ ਤਾਂ ਇਕ ਕਪਟੀ ਸੀ-ਹੀਣਾ ਇਨਸਾਨ ਜਿਸ ਨੂੰ ਭੁਲੇਖੇ ਨਾਲ ਹੀ ਕੁੜੀਆਂ ਹੱਥਾਂ 'ਤੇ ਚੁੱਕੀ ਫਿਰਦੀਆਂ ਸਨ।

ਪ੍ਰੋਗਰਾਮ ਖਤਮ ਹੋਇਆ ਤਾਂ ਪ੍ਰਧਾਨ ਸਾਹਿਬ ਨੇ ਬੜੀ ਤਾਰੀਫ਼ ਕੀਤੀ। ਪ੍ਰੋਗਰਾਮ ਦਾ ਇੰਚਾਰਜ ਰਣਜੀਤ ਸੀ ਜਿਸ ਨੇ ਮਨੋਰੰਜਨ, ਕਾਲਜ ਦੀ ਹਿਸਟਰੀ ਵਿਚ ਨ ਭੁੱਲਣ ਵਾਲੀ ਯਾਦਗਾਰ ਬਣਾ ਦਿੱਤਾ ਸੀ। ਮੈਡਮ ਪ੍ਰਿੰਸੀਪਲ ਨੂੰ ਰਣਜੀਤ 'ਤੇ ਬੜਾ ਫ਼ਖਰ ਸੀ-ਰਣਜੀਤ ਅਦਰੋਂ ਪਾਣੀ ਪਾਣੀ ਹੁੰਦਾ ਜਾ ਰਿਹਾ ਸੀ। ਉਸ ਦਾ ਉੱਕਾ ਦਿਲ ਨਹੀਂ ਕਰਦਾ ਸੀ ਕਿ ਕੋਈ ਉਸ ਦੀ ਤਾਰੀਫ਼ ਕਰੇ। ਉਹ ਤਾਰੀਫ਼ ਉਸ ਨੂੰ ਮਹਿੰਗੀ ਪੈ ਰਹੀ ਸੀ ਕਿ ਮੈਡਮ ਪ੍ਰੋਫੈਸਰ ਖਿਸਕ ਕੇ ਉਸ ਦੇ ਕਰੀਬ ਆ ਗਈ ਸੀ।

ਅੰਤ ਵਿਚ ਰਣਜੀਤ ਨੂੰ ਵੀ ਸਟੇਜ 'ਤੇ ਕੁਛ ਕਹਿਣ ਲਈ ਕਿਹਾ ਗਿਆ।

"ਮੈਂ ਕੁਛ ਵੀ ਕਰਨ ਦੇ ਕਾਬਲ ਨਹੀਂ ਹਾਂ-ਇਹ ਸਭ ਵਿਦਿਆਰਥੀ ਬੱਚਿਆਂ ਦੇ ਗੁਣ ਹਨ ਜਿਨ੍ਹਾਂ ਨੇ ਆਪ ਲੋਗਾਂ ਨੂੰ ਖ਼ੁਸ਼ ਕੀਤਾ ਹੈ। ਤੁਹਾਡੇ ਬਰਾਬਰ ਸਟੇਜ 'ਤੇ ਕੰਮ ਕਰਦੇ ਬੱਚਿਆਂ ਨੂੰ ਤੱਕ ਕੇ ਮੈਂ ਵੀ ਖ਼ੁਸ਼ ਹੋਇਆ ਹਾਂ। ਕਿਸੇ ਵੀ ਸ਼ਾਬਾਸ਼ ਦੇ ਹੱਕਦਾਰ ਸਾਡੇ ਕਲਾਕਾਰ ਹਨ। ਮੈਂ ਕਿਸੇ ਵੀ ਤਾਰੀਫ਼ ਦੇ ਕਾਬਲ ਨਹੀਂ ਹਾਂ।" ਰਣਜੀਤ ਪਤਾ ਨਹੀਂ ਕਿਸ ਸਮੇਂ ਸਟੇਜ ਤੋਂ ਉਤਰ ਆਇਆ। ਕਦੋਂ ਘਰ ਆ ਗਿਆ। ਸਾਰਾ ਦਿਨ, ਰਾਤ ਦਾ ਪ੍ਰੋਗਰਾਮ ਖਾਸ ਕਰ ਕੇ ਅਭੁੱਲ ਯਾਦ ਸੀ। ਇਤਨੀਆਂ ਤਾਲੀਆਂ ਰਣਜੀਤ ਨੇ ਉਮਰ ਭਰ 'ਚ ਨਹੀਂ ਸੁਣੀਆਂ ਸਨ। ਉਸ ਨੂੰ ਸ਼ੱਕ ਸੀ ਪ੍ਰੋਗਰਾਮ ਇਤਨਾ ਕਾਮਯਾਬ ਸੀ।

ਅਗਲੇ ਦਿਨ ਕਾਲਜ ਦੀ ਛੁੱਟੀ ਸੀ। ਪਰ ਰਣਜੀਤ ਬਗੈਰ ਸੋਚੇ ਹੀ ਚਲਾ ਗਿਆ ਸੀ। ਸਭ ਵਿਦਿਆਰਥੀ ਕਮਰਿਆਂ 'ਚ ਵੜੇ ਹੋਏ ਸਨ। ਉਹ ਤੱਕ ਕੇ ਵਾਪਸ ਪਰਤ ਹੀ ਰਿਹਾ ਸੀ ਕਿ ਮੈਡਮ ਪ੍ਰੋਫੈਸਰ ਸਾਹਮਣੇ ਆ ਗਈ।

"ਮੇਰੀ ਤਾਂ ਤੁਸੀਂ ਵਧਾਈ ਲਈ ਹੀ ਨਹੀਂ।"

"ਸ਼ਰਮਿੰਦਾ ਕਰ ਰਹੇ ਹੋ-ਵਧਾਈ ਦੇ ਹੱਕਦਾਰ ਤੁਸੀਂ ਹੋ।"

"ਸੱਚ! ਰਣਜੀਤ ਪ੍ਰੋਗਰਾਮ ਬਹੁਤ ਰੌਚਕ ਸੀ। ਦੁਸ਼ਮਣਾਂ ਨੂੰ ਵੀ ਪਸੰਦ ਆਇਆ ਸੀ।"

"ਮੈਡਮ-ਇਹ ਦੁਸ਼ਮਣ ਕੌਣ ਹੈ?"

"ਜੋ ਕੁਛ ਕਰਨ ਦੇ ਕਾਬਲ ਨਹੀਂ ਹਨ।"

"ਮੈਡਮ ਜ਼ਿੰਦਗੀ ਕਿਧਰ ਨੂੰ ਔਰ ਕਿਵੇਂ ਤੁਰੀ ਜਾ ਰਹੀ ਹੈ?"

"ਮੈਂ ਵੀ ਸੋਚਦੀ ਹਾਂ ਯਾਰ।"

"ਯਾਰ?"

"ਹਾਂ ਯਾਰ ਕਹਿਣ ਨਾਲ ਮੇਰਾ ਅੰਦਰ ਸੁਆਦ ਸੁਆਦ ਹੋ ਉੱਠਦੈ, ਮੈਂ ਹਮੇਸ਼ਾਂ ਹੀ ਤੇਰੇ ਨਾਲ ਗੱਲ ਕਰਦੀ ਯਾਰ ਸ਼ਬਦ ਵਰਤਦੀ ਰਹਿੰਦੀ ਸਾਂ।"

"ਪਰ।"

"ਹਾਂ ਸੁਣਾਈ ਕਦੇ ਨਹੀਂ ਦਿੱਤਾ ਸੀ-ਰਣਜੀਤ ਮੈਂ ਤੈਨੂੰ ਕਿੰਨਾ ਪਿਆਰ ਕਰਦੀ ਹਾਂ-ਬਹੁਤ-ਪਰ ਤੇਰੀਆਂ ਮਜਬੂਰੀਆਂ ਨੂੰ ਚੰਗੀ ਤਰ੍ਹਾਂ ਸਮਝਦੀ ਹਾਂ ਇਸ ਕਰਕੇ ਚੁੱਪ ਕਰ ਜਾਂਦੀ ਹਾਂ-ਸੋਚਦੀ ਹਾਂ ਕੁਦਰਤ ਦੇ ਰੰਗ ਨਿਆਰੇ ਹਨ-ਇਨਸਾਨ ਨੂੰ ਹਰ ਗੱਲ ਦੇ ਕਾਬਲ ਬਣਾ ਕੇ ਮਾਣ ਸਕਣ ਦੀ ਲਕੀਰ ਹੱਥ 'ਚ ਨਹੀਂ ਵਾਹੀ।"

"ਸ਼ਾਇਦ ਯਾਰ ਤੇਰੇ ਨਾਲ ਵੀ ਇਹੀ ਟਰੈਜਡੀ ਹੈ।"

"ਯਾਰ-ਸੁਆਦ ਆ ਗਿਆ ਯਾਰ-ਮਹੀਨੇ 'ਚ ਇਕ ਦੋ ਵਾਰ ਇਹ ਸ਼ਬਦ ਸੁਣ ਲਵਾਂ ਤਾਂ ਜ਼ਿੰਦਗੀ ਹੱਸ ਕੇ ਕੱਟ ਦਿਆਂ।"

ਦੋਵੇਂ ਹੱਸ ਪਏ।

ਚਾਹ ਆ ਗਈ ਸੀ। ਇਕ ਹੋਰ ਪ੍ਰੋਫੈਸਰ ਆ ਗਈ ਸੀ।

"ਅਸੀਂ ਵੀ ਚਾਹ ਪੀ ਸਕਦੇ ਹਾਂ?"

"ਆ ਯਾਰ ਬੈਠ।" ਮੈਡਮ ਨੇ ਕਿਹਾ।

"ਤੁਹਾਡਾ ਪ੍ਰੋਗਰਾਮ ਬਹੁਤ ਰੌਚਕ ਸੀ।"

"ਸ਼ੁਕਰੀਆ-ਪਰ ਕੋਈ ਹੋਰ ਗੱਲ ਕਰੋ।"

"ਇਕ ਗੱਲ ਪੁੱਛਾਂ ?"

"ਜ਼ਰੂਰ।"

"ਤੁਹਾਡਾ ਪ੍ਰਿੰਸੀਪਲ ਨਾਲ ਕੀ ਝਗੜਾ ਹੋਇਆ ਸੀ ?"

"ਮੇਰਾ ਕੋਈ ਝਗੜਾ ਨਹੀਂ ਹੋਇਆ-ਤੁਸੀਂ ਗਲਤ ਸੁਣਿਆਂ ਹੈ।"

"ਕੋਈ ਕੰਮ ਦੀ ਗੱਲ ਕਰ ਯਾਰ।" ਮੈਡਮ ਪ੍ਰੋਫੈਸਰ ਨੇ ਕਿਹਾ।

"ਕੰਮ ਦੀ ਸੁਣ ਲੈ, ਹਿੰਦੀ ਵਾਲੀ ਰਾਤ ਹੈਡ ਕੁਕ ਨਾਲ ਫੜੀ ਗਈ।"

ਰਣਜੀਤ ਦੀ ਬੇ-ਤਹਾਸ਼ਾ ਹਾਸੀ ਨਿਕਲ ਗਈ।

"ਫੇਰ ਕੁਛ ਹੋਇਆ ?"

"ਹੋਣਾ ਕੀ ਸੀ ਪ੍ਰਿੰਸੀਪਲ ਵੀ ਤਾਂ ਕਾਣੀ ਹੈ। ਕੁਛ ਕਰ ਨਹੀਂ ਸਕਦੀ। ਉਹ ਵੀ ਉਨ੍ਹਾਂ ਦੀ ਹੀ ਪੜਤਾਲ ਕਰਦੀ ਹੈ ਜਿਹੜੇ ਕੁਛ ਵੀ ਕਰਨ ਵਾਲੇ ਨਹੀਂ ਹਨ। ਤੁਸੀਂ ਹਰ ਸਮੇਂ ਪ੍ਰੇਸ਼ਾਨ ਕਿਉਂ ਰਹਿੰਦੇ ਹੋ।"

"ਨਹੀਂ ਤਾਂ।" ਰਣਜੀਤ ਨੇ ਬਣਨ ਦਾ ਜਤਨ ਕੀਤਾ।

"ਗੋਪੀਆਂ 'ਚ ਕਾਹਨ ਵਾਂਗ ਮੌਜ ਕਰ। ਪ੍ਰਿੰਸੀਪਲ ਵਰਗੀਆਂ ਹਨੇਰੇ ਦੀਆਂ ਚੋਰ ਹਨ। ਹਰ ਭੈੜਾ ਕੰਮ ਕਰਦੀਆਂ ਹਨ ਤੇ ਸਭ ਨਾਲੋਂ ਸੱਚੀਆਂ ਬਣਦੀਆਂ ਹਨ।"

"ਬੜੀ ਯਾਰ ਹੇਜ਼ ਕਰਨ ਲੱਗੀ ਪਈ ਜੇ ?"

"ਹੋਰ ਇਹ ਤਾਂ ਜ਼ਨਾਨੀ ਬਣਿਆ ਫਿਰਦੈ।"

"ਕੀ ਕਰਾਂ ?"

"ਮੌਜ-ਇਹ ਦਿਨ ਸਦਾ ਨਹੀਂ ਰਹਿੰਦੇ।"

ਰਣਜੀਤ ਨੂੰ ਲੱਗਿਆ ਜਿਵੇਂ ਉਹ ਕਿਸੇ ਔਰਤ ਨਾਲ ਨਹੀਂ ਕਿਸੇ ਮਰਦ ਨਾਲ ਗੱਲਾਂ ਕਰ ਰਿਹਾ ਸੀ।

"ਤੇਰਾ ਕੀ ਹਾਲ ਹੈ ?" ਮੈਡਮ ਪ੍ਰੋਫੈਸਰ ਨੇ ਪੁੱਛਿਆ।

"ਹਰ ਸੈਚਰਡੇ ਜਾਂਦੀ ਹਾਂ-ਆਪਣਾ ਤਾਂ ਅਸੂਲ ਹੈ ਜਦ ਸਰੀਰ 'ਚ ਦਮ ਹੈ ਮੌਜਾਂ ਮਾਣੋਂ-ਜਦੋਂ ਚਲਨੋਂ ਬੰਦ ਹੋ ਜੂ ਦੇਖੀ ਜਾਊ।"

ਤਿੰਨੇ ਖੁੱਲ੍ਹ ਕੇ ਹੱਸਦੇ ਰਹੇ।

ਰਣਜੀਤ ਨੇ ਕਦੇ ਕਿਸੇ ਨਾਲ ਖੁੱਲ੍ਹ ਕੇ ਗੱਲ ਹੀ ਨਹੀਂ ਕੀਤੀ ਸੀ। ਇਹ ਲੋਕ ਅੰਦਰ ਹੀ ਅੰਦਰ ਐਨੇ ਖੁੱਲ੍ਹੇ ਸਨ-ਉਹ ਦੇਖ ਕੇ ਹੈਰਾਨ ਸੀ।

ਅਸਲ 'ਚ ਰਣਜੀਤ ਜ਼ਨਾਨੇ ਕਾਲਜ ਵਿਚ ਡਰ ਨਾਲ ਬੱਝਿਆ ਰਹਿੰਦਾ ਸੀ। ਜਦ ਕਿ ਮੈਡਮਾਂ ਨੂੰ ਆਪਣੀ ਨਗਰੀ 'ਚ ਕੋਈ ਡਰ ਨਹੀਂ ਸੀ।

ਇਹ ਮੈਡਮ ਵੀ ਕੁਆਰੀ ਸੀ।

ਬੜਾ ਚਿਰ ਉਹ ਇਸ ਤਰ੍ਹਾਂ ਦੀਆਂ ਬੇਥਵੀਆਂ ਗੱਲਾਂ ਕਰਦੇ ਰਹੇ। ਬੜੇ ਦਿਨਾਂ ਮਗਰੋਂ ਰਣਜੀਤ ਇਤਨਾ ਹੱਸਿਆ ਸੀ।

ਮਾਰਚ ਮਹੀਨਾ ਸ਼ੁਰੂ ਹੋ ਗਿਆ ਸੀ। ਕਲਾਸਾਂ 'ਚ ਹਾਜ਼ਰੀ ਘੱਟ ਗਈ ਸੀ ਪਰ ਸਟਾਫ਼ ਦਾ ਕਾਲਜ ਵਿਚ ਹਾਜ਼ਰ ਰਹਿਣਾ ਜ਼ਰੂਰੀ ਸੀ। ਸਾਰੇ ਪ੍ਰੋਫੈਸਰ ਵੱਖਰੇ ਵੱਖਰੇ ਗਰੁੱਪਾਂ 'ਚ ਬੈਠੇ ਤਰ੍ਹਾਂ ਤਰ੍ਹਾਂ ਦੀਆਂ ਚੁਗਲੀਆਂ ਕਰਦੇ ਰਹਿੰਦੇ ਸਨ। ਰਣਜੀਤ ਖ਼ਾਮੋਸ਼ ਗੱਲਾਂ ਸੁਣਦਾ ਰਹਿੰਦਾ ਸੀ। ਹੱਸ ਛੱਡਦਾ ਜਾਂ "ਹੂੰ" "ਹਾਂ" ਕਰ ਛੱਡਦਾ ਸੀ।

ਮੈਡਮ ਪ੍ਰੋਫੈਸਰ ਵਧੇਰੇ ਉਸ ਨਾਲ ਹੀ ਬੈਠਦੀ ਸੀ। ਹਰ ਸਮੇਂ ਕੋਈ ਨਾ ਕੋਈ ਦਿਲਚਸਪ ਗੱਲ ਛੇੜੀ ਰੱਖਦੀ ਸੀ। ਇਸ ਤਰ੍ਹਾਂ ਦੀ ਗੱਲ ਜਿਸ ਨਾਲ ਰਣਜੀਤ ਜੀਵਨ ਦੇ ਦੁੱਖ ਨੂੰ ਭੁੱਲ ਸਕਦਾ। ਪਰ ਰਣਜੀਤ ਦੇ ਦਿਲ 'ਤੇ ਬੈਠੀ ਗ਼ਮ ਦੀ ਤਹਿ ਉਸੀ ਤਰ੍ਹਾਂ ਕਾਇਮ ਸੀ। ਉਹ ਹੁਧਾਰ ਹਾਸਾ ਹੱਸ ਰਿਹਾ ਸੀ। ਉਸ ਦੀਆਂ ਅੱਖਾਂ 'ਚ ਜ਼ਿੰਦਾ ਮੌਤ ਮੁਸਕਾਂਦੀ ਰਹਿੰਦੀ ਸੀ। ਕਈ ਵਾਰ ਮੈਡਮ ਦੇ ਪ੍ਰੋਫੈਸਰ ਇਹ ਤੱਕ ਕੇ ਡਰ ਜਾਂਦੀ ਸੀ। ਉਸ ਦਾ ਅੰਦਰ ਕੰਬ ਉੱਠਦਾ ਸੀ। ਉਸ ਦਿਲ 'ਚ ਰਣਜੀਤ ਪਿਆ ਸੀ, ਉਹ ਖ਼ਬਰਦਾਰ ਸੀ ਕਿ ਰਣਜੀਤ ਨੂੰ ਚਾਹੁਣਾ ਗ਼ਮ ਲਈ ਸਹਿਕਣ ਲਈ ਸਹੇੜਨਾ ਸੀ। ਮੌਤ ਨੂੰ ਸੱਦਾ ਦੇਣਾ ਸੀ। ਪਰ ਤਦ ਵੀ ਉਹ ਬੇ-ਬਸ ਵਧਦੀ ਜਾ ਰਹੀ ਸੀ। ਨਵਾਂ ਦਿਲ ਉਸ ਨੂੰ ਹੋਰ ਲਾਚਾਰ ਕਰ ਰਿਹਾ ਸੀ।

"ਆਪਣਾ ਬਹੁਤਾ ਇਕੱਠੇ ਬੈਠਣਾ ਸ਼ੱਕੇ ਪੈਦਾ ਕਰੇਗਾ।"

"ਤਦ ਕੀ ਹੋਇਆ ਯਾਰ-ਐਵੇਂ ਡਰਦਾ ਰਹਿਨੈਂ-ਰਣਜੀਤ ਜ਼ਿੰਦਗੀ ਡਰ ਕੇ ਜੀਣ ਲਈ ਨਹੀਂ-ਨਾ ਜ਼ਿੰਦਗੀ ਉਲਝਣਾਂ 'ਚ ਗੁਜ਼ਾਰ ਦੇਣ ਲਈ ਹੈ। ਨਿਡਰ ਹੋ ਕੇ ਫੈਸਲੇ ਕਰੋ ਤੇ ਆਪਣੀ ਮਰਜ਼ੀ ਨਾਲ ਜੀਓ-ਮੇਰਾ ਮਤਲਬ ਇਹ ਨਹੀਂ ਕਿ ਮੈਂ ਕੁਛ ਤੁਹਾਡੀ ਮਰਜ਼ੀ ਦੇ ਉਲਟ ਚਾਹੁੰਦੀ ਹਾਂ ਪਰ ਮੇਰੇ ਤੋਂ ਤੁਹਾਡਾ ਅਨਮੋਲ ਜੀਵਨ ਇਸ ਤਰ੍ਹਾਂ ਤਬਾਹ ਹੁੰਦਾ ਨਹੀਂ ਤੱਕਿਆ ਜਾਂਦਾ।"

"ਮੈਂ ਕੀ ਕਰਾਂ ਯਾਰ?"

"ਕੁਛ ਵੀ ਕਰ।"

"ਮੇਰੇ ਸਾਹਮਣੇ ਹਨ੍ਹੇਰਾ ਹੈ। ਮੈਂ ਬੇ-ਸਹਾਰਾ ਹਾਂ।"

"ਰੋਸ਼ਨੀ ਖ਼ੁਦ ਲੱਭੀ ਜਾਂਦੀ ਹੈ-ਸਹਾਰਾ ਅਪਣਾ ਹੀ ਲਿਆ ਜਾਂਦਾ ਹੈ-ਤੂੰ ਕਾਬਲ ਇਨਸਾਨ ਹੈਂ ਯਾਰ। ਐਮ.ਏ. ਕੀਤੀ ਹੈ-ਹੁਣ ਤੇਰੇ ਦੁੱਖ ਸੁੱਖ ਦਾ ਸਾਂਝੀ ਹੋਣਾ ਹੀ ਚਾਹੀਦਾ ਹੈ ਜਿਸ ਨਾਲ ਰਹਿ ਕੇ ਤੈਨੂੰ ਜ਼ਿੰਦਗੀ ਦੇ ਸੁੱਖ ਦਾ ਪਤਾ ਲੱਗ ਸਕੇ।"

"ਤੂੰ ਸਭ ਸੱਚ ਕਹਿ ਰਹੀ ਹੈਂ ਪਰ ਸ਼ਾਇਦ ਮੇਰੇ 'ਚ ਇਤਨਾ ਭਰੋਸਾ ਪੈਦਾ ਨਾ ਹੋ ਸਕੇ।"

"ਤੂੰ ਸ਼ੀਤਲ ਨਾਲ ਸ਼ਾਦੀ ਕਰ-ਕੋਈ ਤੇਰਾ ਕੁਛ ਨਹੀਂ ਵਿਗਾੜ ਸਕੇਗਾ।"

"ਤੂੰ ਕਹਿ ਰਹੀ ਹੈਂ?"

"ਹਾਂ-ਰਣਜੀਤ-ਮੈਂ ਤੈਨੂੰ ਚਾਹੁੰਦੀ ਹਾਂ ਪਰ ਤੈਨੂੰ ਮਰਜ਼ੀ ਦੇ ਉਲਟ ਨਹੀਂ ਪਾਣਾ ਚਾਹੁੰਦੀ।"

ਰਣਜੀਤ ਤੱਕਦਾ ਰਿਹਾ ਕਿ ਉਸ ਔਰਤ ਦੇ ਅੰਦਰ ਕਿੱਡਾ ਮਹਾਨ, ਉੱਚਾ ਇਨਸਾਨ ਵਸਦਾ ਸੀ। ਰਣਜੀਤ ਦਾ ਦਿਲ ਕੀਤਾ ਕਿ ਉਹ ਉਸ ਨੂੰ ਘੁੱਟ ਕੇ ਜੱਫੀ ਪਾ ਲਵੇ। ਉਸ ਦਾ ਮੱਥਾ ਚੁੰਮ ਲਵੇ। ਉਸ ਨੂੰ ਆਪਣੀ ਇੱਛਾ ਨਾਲੋਂ ਵੱਧ ਰਣਜੀਤ ਦੀ ਇੱਛਾ ਦੀ ਕਦਰ ਸੀ-ਇਹ ਸੋਚ ਸੋਚ ਉਸ ਦੀ ਕਦਰ ਹੋਰ ਵਧਦੀ ਜਾ ਰਹੀ ਸੀ।

ਮੈਡਮ ਰੋਜ਼ ਨਵੇਂ ਤੋਂ ਨਵਾਂ ਸੂਟ ਪਾਂਦੀ, ਸਾੜ੍ਹੀ ਲਾਂਦੀ, ਵਾਲਾਂ ਦੇ ਸਟਾਈਲ ਬਣਾਂਦੀ ਸੀ। ਹਰ ਰੋਜ਼ ਵੱਧ ਸੁੰਦਰ ਲੱਗਦੀ ਸੀ। ਤਸਵੀਰ ਵਾਲੇ ਦਿਨ ਉਸ ਨੇ ਬੇਜ਼ਿੱਦ ਹੋ ਕੇ ਰਣਜੀਤ ਦੇ ਨਾਲ ਬੈਠ ਕੇ ਤਸਵੀਰ ਖਿਚਾਈ। ਇਸ ਗੱਲ ਦੀ ਚਰਚਾ ਹੋਈ, ਪਰ ਮੈਡਮ ਨੂੰ ਇਸ ਗੱਲ ਦੀ ਪਰਵਾਹ ਨਹੀਂ ਸੀ।

"ਤੁਹਾਨੂੰ ਮੈਂ ਕਿਸ ਸੂਟ 'ਚ ਚੰਗੀ ਲੱਗਦੀ ਹਾਂ?"

"ਹਰ ਇਕ 'ਚ ਹੀ।"

"ਸ਼ੁਕਰੀਆ ਪਰ ਤਦ ਵੀ ਖ਼ਾਸ ਪਸੰਦ?"

"ਤੇਰੀ ਮੁਸਕਾਨ।"

"ਚਲ ਯਾਰ ਕੱਲ੍ਹ ਦੂਜੇ ਸ਼ਹਿਰ ਕੋਈ ਸਿਨਮਾ ਦੇਖ ਕੇ ਆਈਏ।"

"ਇਕੱਲੇ ਹੀ?"

"ਹੋਰ ਫੌਜ ਲਿਜਾਣੀ ਹੈ।"

"ਪਰ ਪ੍ਰਿੰਸੀਪਲ ਤੋਂ ਪੁੱਛ ਲਈਏ।"

"ਜ਼ਰੂਰ।"

"ਮੈਨੂੰ ਕੋਈ ਇਤਰਾਜ਼ ਨਹੀਂ ਪਰ ਮੈਂ ਕਹਾਂਗੀ ਇਕ ਮੈਂਬਰ ਹੋਰ ਨਾਲ ਲੈ ਜਾਓ।" ਪ੍ਰਿੰਸੀਪਲ ਨੇ ਸੁਝਾਉ ਦਿੱਤਾ।

"ਠੀਕ ਹੈ।" ਰਣਜੀਤ ਨੂੰ ਗੱਲ ਠੀਕ ਜਾਪੀ ਸੀ।

ਅਗਲੇ ਦਿਨ ਉਹ ਦੂਸਰੇ ਸ਼ਹਿਰ ਚਲੇ ਗਏ। ਇਕ ਪ੍ਰੋਫੈਸਰ ਹੋਰ ਨਾਲ ਸੀ।

ਉਹ ਸ਼ਹਿਰ 'ਚ ਘੁੰਮਦੇ ਰਹੇ। ਕੁਛ ਖ਼ਰੀਦੋ-ਫ਼ਰੋਖ਼ਤ ਵੀ ਕੀਤੀ। ਸਾਢੇ ਤਿੰਨ ਵਜੇ ਦੇ ਸ਼ੋ 'ਚ ਚਲੇ ਗਏ। ਮੈਡਮ ਰਣਜੀਤ ਦੇ ਮੋਢੇ ਨਾਲ ਸਿਰ ਲਾ ਕੇ ਤਸਵੀਰ ਦੇਖਦੀ ਰਹੀ। ਤਸਵੀਰ ਮਨੋਰੰਜਕ ਪਰ ਵਧ ਮਨੋਰੰਜਕ ਸਾਥ ਸੀ।

ਸ਼ਾਮ ਨੂੰ ਪਰਤੇ ਤਾਂ ਉਹ ਪੂਰੀ ਤਰ੍ਹਾਂ ਥੱਕੇ ਸਨ।

"ਘਰ ਜਾ ਕੇ ਗਰਮ ਪਾਣੀ ਨਾਲ ਮੂੰਹ ਹੱਥ ਧੋਤਾ।" ਵਿਛੜਦਿਆਂ ਮੈਡਮ ਨੇ ਕਿਹਾ।

"ਉਹ ਕਿਸ ਲਈ?"

" ਥਕਾਵਟ ਲੱਥ ਜਾਏਗੀ।"

ਰਣਜੀਤ ਖੜ੍ਹਾ ਸੋਚਦਾ ਰਿਹਾ। ਮੈਡਮ ਉਸ ਦੇ ਮਨ 'ਚ ਲਥਦੀ ਜਾ ਰਹੀ ਸੀ। "ਜਿੱਥੇ ਗਏ ਉਥੋਂ ਦੇ ਬਣ ਗਏ।" ਰਣਜੀਤ ਨੇ ਆਪਣੇ ਆਪ ਨੂੰ ਕਿਹਾ। ਤੂੰ ਸੋਚ-ਤੂੰ ਹੈਂ ਕੀ ਚੀਜ਼? ਧਰਤੀ ਦਾ ਕੀੜਾ ਅਸਮਾਨ ਦੀਆਂ ਉਡਾਰੀਆਂ ਦੀ

ਤਮੰਨਾ ਕਰੇ, ਗੱਲ ਕੁਛ ਜਚਦੀ ਨਹੀਂ। ਇਸ ਤਰ੍ਹਾਂ ਕੁਛ ਸੋਚਦਾ ਉਹ ਘਰ ਪਹੁੰਚ ਗਿਆ।

ਉਸ ਨੂੰ ਯਾਦ ਆਇਆ ਟਰੰਕ ਵਿਚ ਬੜੇ ਚਿਰ ਤੋਂ ਅੱਧੀ ਬੋਤਲ ਪਈ ਸੀ- ਜਿਹੜੀ ਉਸ ਦੇ ਦੋਸਤ ਤੋਂ ਬਚ ਗਈ ਸੀ। ਉਸ ਨੇ ਗਲਾਸ 'ਚ ਪਾ ਕੇ ਵੱਡਾ ਸਾਰਾ ਹਾੜਾ ਅੰਦਰ ਸੁੱਟ ਲਿਆ। ਸ਼ਰਾਬ ਨੇ ਅੰਦਰ ਪੁੱਜਦਿਆਂ ਹੀ ਹਰਕਤ ਜਿਹੀ ਸ਼ੁਰੂ ਕਰ ਦਿੱਤੀ। ਉਸ ਦੀਆਂ ਸ਼ਰਾਬੀ ਨਜ਼ਰਾਂ 'ਚ ਸ਼ੀਤਲ, ਮੈਡਮ, ਕੰਵਲ ਤਰ ਆਈਆਂ ਤੇ ਇਕ ਹੋਰ ਚਿਹਰਾ ਜਿਸ ਨੂੰ ਤੱਕਦਾ ਉਹ ਬਿਲਕ ਉੱਠਿਆ। ਉਹ ਧਾਹਾਂ ਮਾਰ ਕੇ ਕਿੰਨਾ ਹੀ ਚਿਰ ਰੋਂਦਾ ਰਿਹਾ ਫੇਰ ਪਤਾ ਨਹੀਂ ਕਦੋਂ ਉਸ ਦੀ ਅੱਖ ਲੱਗ ਗਈ।

ਰਾਤ ਦੇ ਦੋ ਵਜੇ ਉਸ ਦੀ ਅੱਖ ਖੁੱਲ੍ਹੀ। ਭੁੱਖ ਨਾਲ ਉਸ ਦਾ ਬੁਰਾ ਹਾਲ ਸੀ। ਖਾਣ ਲਈ ਕਮਰੇ 'ਚ ਕੁਛ ਵੀ ਨਹੀਂ ਸੀ। ਉਸ ਨੇ ਬਾਜ਼ਾਰ ਵੱਲ ਝਾਤੀ ਮਾਰੀ, ਕੋਈ ਦੁਕਾਨ ਖੁੱਲ੍ਹੀ ਨਹੀਂ ਸੀ। ਵਾਰਡਨ ਨੂੰ ਉਸ ਦੀ ਇਸ ਨਵੀਂ ਥਾਂ ਦਾ ਕੋਈ ਪਤਾ ਨਹੀਂ ਸੀ, ਨਹੀਂ ਤਾਂ ਸ਼ਾਇਦ ਖਾਣਾ ਪਹੁੰਚ ਜਾਂਦਾ। ਸ਼ਰਾਬ ਦੇ ਕਾਰਨ ਉਸ ਦੇ ਅੰਦਰ ਖੋਹ ਜਿਹੀ ਪੈ ਰਹੀ ਸੀ। ਗਲਾ ਸੁੱਕ ਰਿਹਾ ਸੀ। ਉਸ ਨੇ ਘੜੇ 'ਚੋਂ ਚਾਰ ਗਿਲਾਸ ਠੰਢਾ ਪਾਣੀ ਅੰਦਰ ਸੁੱਟ ਲਿਆ। ਪਲ ਹੀ ਪਲ ਉਸ ਨੂੰ ਕੁਛ ਧਰਵਾਸ ਜਿਹਾ ਹੋਇਆ ਤੇ ਉਹ ਰਜ਼ਾਈ 'ਚ ਵੜ ਕੇ ਆਪਣੇ ਭਾਗਾਂ ਬਾਰੇ ਸੋਚਣ ਲੱਗ ਪਿਆ। ਇਤਨਾ ਸੰਘਰਸ਼ ਕਰ ਕੇ ਵੀ ਉਸ ਨੂੰ ਰੋਟੀ ਨਸੀਬ ਨਹੀਂ ਹੁੰਦੀ ਸੀ। ਵੈਸੇ ਤਾਂ ਭੁੱਖੇ ਰਹਿਣ ਦੀ ਉਸ ਨੂੰ ਆਦਤ ਪੈ ਗਈ ਸੀ ਪਰ ਅੱਜ ਸ਼ਰਾਬ ਨੇ ਉਸ ਦਾ ਅੰਦਰ ਚੀਰਨਾ ਸ਼ੁਰੂ ਕਰ ਦਿੱਤਾ ਸੀ। ਉਹ ਢਿੱਡ 'ਚ ਗੋਡੇ ਲੈ ਕੇ ਸੌਂ ਗਿਆ।

## 8.

ਰਣਜੀਤ ਸਵੇਰੇ ਜਾਗਿਆ। ਉਸ ਤੇ ਅੰਦਰ ਕਾਮ-ਭੱਖ ਬੁਰੀ ਤਰ੍ਹਾਂ ਜਾਗੀ ਹੋਈ ਸੀ। ਉਹ ਪਾਗਲ ਹੋ ਉੱਠਿਆ। ਉਸ ਨੂੰ ਕੁਛ ਸੁੱਝ ਨਹੀਂ ਰਿਹਾ ਸੀ। ਉਸ ਦੇ ਦਿਮਾਗ 'ਚ ਮੈਡਮ ਪ੍ਰੋਫੈਸਰ ਆਈ। ਕੰਵਲ ਆਈ ਤੇ ਫੇਰ ਸ਼ੀਤਲ ਆਈ। "ਹਾਂ ਸ਼ੀਤਲ " ਕਹਿ ਕੇ ਉਹ ਉੱਠਿਆ, ਤਿਆਰ ਹੋਇਆ, ਕਾਲਜ ਪਹੁੰਚਿਆ। ਉਸ ਛੁੱਟੀ ਲਈ।

"ਮੈਂ ਛੁੱਟੀ ਜਾ ਰਿਹਾ ਹਾਂ।"

"ਕੁਛ ਕਰ ਕੇ ਆਉਣਾ।"

ਰਣਜੀਤ ਭੁੱਖੀਆਂ ਨਜ਼ਰਾਂ ਨਾਲ ਮੈਡਮ ਵੱਲ ਤੱਕਦਾ ਰਿਹਾ।

"ਸ਼ਾਇਦ ਕੁਛ ਕਰ ਕੇ ਹੀ ਮੁੜਾਂਗਾ।"

"ਮੈਂ ਖ਼ੁਸ਼ਖ਼ਬਰੀ ਦੀ ਉਡੀਕ ਕਰਾਂਗੀ।"

ਰਣਜੀਤ ਤੱਕਦਾ ਰਿਹਾ।

"ਤੈਨੂੰ ਪਤਾ ਮੈਂ ਕਿੱਥੇ ਜਾ ਰਿਹਾ ?"

"ਹਾਂ।"

"ਕਿਥੇ ?"

"ਡੇਹਰਾਦੂਨ।"

"ਤੈਨੂੰ ਕਿਸ ਤਰ੍ਹਾਂ ਪਤੈ ?"

"ਡਾਵਾਂਡੋਲ ਇਨਸਾਨ ਜਦ ਅਚਾਨਕ ਛੁੱਟੀ ਲਏ ਤਾਂ ਉਹ ਉਸ ਥਾਂ ਜਾਂਦੈ ਜਿੱਥੋਂ ਉਸ ਨੂੰ ਦਿਲਾਸਾ ਮਿਲੇ।"

"ਦਿਲਾਸਾ ਤਾਂ ਯਾਰ ਤੇਰੇ ਪਾਸੋਂ ਵੀ ਮਿਲ ਸਕਦੈ।"

"ਪਰ ਸਾਡੇ ਦਿਲਾਸੇ ਦੀ ਕਦਰ ਨਹੀਂ।"

"ਇਹ ਨਾ ਕਹਿ ਯਾਰ।"

"ਆਈ ਐਮ ਸੌਰੀ-ਮੇਰਾ ਮਤਲਬ ਪਹਿਲ ਉਸ ਦੀ ਹੈ। ਖ਼ੈਰ! ਹੈਪੀ ਜਰਨੀ।"

"ਖ਼ੁਸ਼ ਰਹਿ ਯਾਰਾ।"

"ਮੈਂ ਉਡੀਕ ਕਰਾਂਗੀ।"

ਅੱਧਾ ਦਿਨ ਹੋ ਗਿਆ ਸੀ। ਕੋਈ ਗੱਡੀ ਜਾਣ ਵਾਲੀ ਨਹੀਂ ਸੀ। ਉਸ ਨੇ ਬਸ ਲਈ। ਲੁਧਿਆਣੇ ਪਹੁੰਚ ਕੇ ਸਹਾਰਨਪੁਰ ਦੀ ਗੱਡੀ ਲਈ। ਸਵੇਰੇ ਚਾਰ ਵਜੇ ਡੇਹਰਾਦੂਨ ਪਹੁੰਚ ਗਿਆ। ਜਿਉਂ ਜਿਉਂ ਸਫ਼ਰ ਮੁੱਕ ਰਿਹਾ ਸੀ ਤਿਉਂ ਤਿਉਂ ਸਰੀਰਕ ਭੁੱਖ ਵੱਧ ਰਹੀ ਸੀ। ਕਦੇ ਤਾਂ ਉਸਦਾ ਮਨ ਇਸ ਤਰ੍ਹਾਂ ਕਰਦਾ ਸੀ, ਸ਼ੀਤਲ ਨੂੰ ਉਡ ਕੇ ਚੁੱਕ ਲਿਆਏ ਤੇ ਅੱਗੇ ਸ਼ੀਤਲ ਕਰ ਲਏ।

ਅੱਡੇ 'ਤੇ ਦੋ ਘੰਟੇ ਬੈਠ ਕੇ ਦਿਨ ਚੜ੍ਹਾਇਆ। ਤੁਰ ਕੇ ਕਾਲਜ ਪਹੁੰਚਿਆ। ਸੱਤ ਵਜ ਗਏ ਸਨ। ਗੇਟ ਖੁੱਲ੍ਹ ਗਿਆ ਸੀ। ਉਸ ਨੇ ਚਿੱਟ ਭੇਜੀ।

ਸ਼ੀਤਲ ਆਈ। ਸਾਹਮਣੇ ਰਣਜੀਤ ਨੂੰ ਤੱਕ ਕੇ ਹੱਕੀ ਬੱਕੀ ਰਹਿ ਗਈ। ਉਸ ਮੂੰਹ ਨਹੀਂ ਧੋਤਾ ਸੀ। ਵਾਲ ਵੀ ਸਿੱਧੇ ਨਹੀਂ ਕੀਤੇ ਸਨ।

ਚਾਹ ਆ ਗਈ। ਪੀਤੀ ਗਈ।

ਰਣਜੀਤ ਭੁੱਖਾ ਭੁੱਖਾ ਝਾਕ ਰਿਹਾ ਸੀ। ਸ਼ੀਤਲ ਨੂੰ ਖਾਣ ਨੂੰ ਜੀ ਕਰਦਾ ਸੀ।

"ਛੁੱਟੀ ਲੈ ਬਾਹਰ ਚਲੀਏ।"

"ਛੁੱਟੀ ਮਿਲਣੀ ਨਹੀਂ।"

"ਕਿਉਂ ?" ਉਹ ਪਾਗਲਾਂ ਵਾਂਗ ਚੀਕਿਆ ਜਿਵੇਂ ਉਸ ਦੇ ਧੋਤੇ ਮੂੰਹ ਥੱਪੜ ਵੱਜਿਆ ਸੀ।

"ਘਰ ਵਲੋਂ ਸਖ਼ਤੀ ਸ਼ੁਰੂ ਹੈ।"

"ਤਾਂ ਚਲ ਦੌੜ ਚਲੀਏ।"

"ਇਹ ਤੁਸੀਂ ਕਹਿ ਰਹੇ ਹੋ ?"

"ਹਾਂ-ਮੈਂ ਰਣਜੀਤ।"

"ਮੈਂ ਤਿਆਰ ਹਾਂ।" ਸ਼ੀਤਲ ਨੇ ਚੁੰਨੀ ਸੰਵਾਰੀ।

"ਦਸ ਵਜੇ ਸਿੱਧੇ ਕਚਹਿਰੀ 'ਚ ਸ਼ਾਦੀ ਕਰਾਂਗੇ, ਫੇਰ ਕਿਧਰੇ ਤੁਰ ਚਲਾਂਗੇ।"

"ਕਿਧਰੇ ਕਿਉਂ ਤੁਹਾਡੇ ਕਾਲਜ ਰਹਾਂਗੇ-ਸਾਨੂੰ ਕਿਸੇ ਦਾ ਡਰ ਹੈ ?"

"ਠੀਕ ਹੈ-ਡਰ ਡਰ ਕਿਵੇਂ ਜੀ ਸਕਦੇ ਹਾਂ। ਪਰ ਕੀ ਤੈਨੂੰ ਮੈਂ ਪਰਵਾਨ ਹਾਂ?"

"ਕੈਸੀਆਂ ਗੱਲਾਂ ਕਰਦੇ ਹੋ?"

"ਮੇਰਾ ਮਤਲਬ ਹੈ ਮੇਰੀ ਜ਼ਿੰਦਗੀ ਦਾ ਹਰ ਕੋਹੜ ਵੀ ਪਰਵਾਨ ਹੈ।"

"ਮੈਂ ਤੁਹਾਨੂੰ ਪਿਆਰ ਕਰਦੀ ਹਾਂ ਕੋਹੜ ਦੀ ਪ੍ਰਵਾਹ ਨਹੀਂ।"

"ਮੇਰਾ ਮਤਲਬ ਹੈ ਕੱਲ੍ਹ ਨੂੰ ਕੋਈ ਸਚਾਈ ਸਾਹਮਣੇ ਆਈ ਤਾਂ ਤੇਰਾ ਦਿਲ ਤਾਂ ਨਹੀਂ ਟੁੱਟੇਗਾ?"

"ਜੋ ਕੁਛ ਹੈ ਮੈਨੂੰ ਪਰਵਾਨ ਹੈ। ਮੈਂ ਤੇਰੇ ਸਾਹਾਂ 'ਚ ਸਾਹ ਲਵਾਂਗੀ।"

"ਸੋਚ ਲੈ। ਕਈ ਵਾਰ ਅਸੀਂ ਜਜ਼ਬਾਤੀ ਹੋ ਕੇ ਫੈਸਲੇ ਕਰਦੇ ਹਾਂ।"

"ਜਜ਼ਬਾਤੀ ਹੋਣ ਦਾ ਸਵਾਲ ਹੀ ਨਹੀਂ।"

"ਲੇਕਿਨ ਮੈਂ ਤੇਥੋਂ ਕੁਛ ਵੀ ਛੁਪਾਣਾ ਨਹੀਂ ਚਾਹੁੰਦਾ-ਮੈਂ।"

"ਹਾਂ-ਹਾਂ।"

"ਮੈਂ-ਸ਼ੀਤਲ-ਮੈਂ ਤੇਰੇ ਕਾਬੁਲ ਜ਼ਰੂਰ ਨਹੀਂ।"

ਕੋਈ ਸਚਾਈ ਰਣਜੀਤ ਦੇ ਬੁੱਲ੍ਹਾਂ ਨਾਲ ਟਕਰਾ ਕੇ ਰੁਕ ਗਈ।

"ਘਟੀਆ ਗੱਲਾਂ ਕਿਉਂ ਕਰਦੇ ਹੋ।"

"ਜੇਕਰ ਮੈਂ ਦਾਗੀ ਹੋਵਾਂ?"

"ਕੀ ਮਤਲਬ?"

"ਮੇਰਾ ਮਤਲਬ।"

"ਮੈਂ ਤੁਹਾਡਾ ਮਤਲਬ ਚੰਗੀ ਤਰ੍ਹਾਂ ਸਮਝਦੀ ਹਾਂ।"

"ਕੀ?"

"ਤੁਸੀਂ ਮੇਰੀ ਪਰਖ ਚਾਹੁੰਦੇ ਹੋ। ਪਰ ਮੈਂ ਹਾਰਨ ਵਾਲੀ ਨਹੀਂ ਚਲੋ ਦੇਰ ਨਾ ਕਰੋ।"

"ਪਰ ਕੱਪੜੇ ਤਾਂ ਬਦਲ ਲੈ।"

ਸ਼ੀਤਲ ਤੁਰੰਤ ਹੀ ਸੰਵਰ ਕੇ ਆ ਗਈ।

ਨਿੱਖਰੀ ਸ਼ੀਤਲ ਨੂੰ ਤੱਕ ਕੇ ਰਣਜੀਤ ਦੇ ਅੰਦਰ ਹੋਰ ਅੱਗ ਬਲ ਪਈ। ਉਸ ਦਾ ਅੰਗ ਅੰਗ ਟੁੱਟਣ ਲੱਗ ਪਿਆ।

"ਪਹਿਲਾਂ ਕਚਹਿਰੀ ਚਲੀਏ ਜਾਂ ਹੋਟਲ?"

"ਜਿਵੇਂ ਤੁਹਾਡੀ ਇੱਛਾ।"

"ਦੇਖ ਮੈਂ। ਮੈਂ ਤੈਨੂੰ ਆਪਣੀ ਬਣਾ ਲੈਣਾ ਚਾਹੁੰਦਾ ਹਾਂ।"

ਰਣਜੀਤ ਨੇ ਕੋਈ ਭਾਵ ਭੁੱਖੀਆਂ ਨਜ਼ਰਾਂ ਰਾਹੀਂ ਸਮਝਾਣਾ ਚਾਹਿਆ।

"ਪਹਿਲਾਂ ਕਦੋਂ ਬੇਗਾਨੀ ਸਾਂ।"

"ਕਚਹਿਰੀ ਜਾਣ ਤੋਂ ਪਹਿਲਾਂ?"

"ਜਿਸ ਤਰ੍ਹਾਂ ਠੀਕ ਸਮਝੋ।"

ਉਨ੍ਹਾਂ ਵਾਈਟ ਹਾਊਸ 'ਚ ਕਮਰਾ ਲੈ ਲਿਆ। ਅੰਦਰ ਵੜਦਿਆਂ ਹੀ

ਰਣਜੀਤ ਬੇਕਾਬੂ ਹੋ ਗਿਆ। ਉਸ ਸ਼ੀਤਲ ਦਾ ਮੂੰਹ ਚਟ ਚਟ ਕੇ ਰੱਤਾ ਕਰ ਦਿੱਤਾ। ਉਸ ਦੀਆਂ ਲੱਤਾਂ ਬਾਹਾਂ ਝਰਨ ਝਰਨ ਕੰਬਣ ਲੱਗ ਪਈਆਂ। ਅੰਦਰੋਂ ਲਾਵੇ ਵਰਗਾ ਗਰਮ ਸਾਹ ਆਉਣ ਲੱਗ ਪਿਆ। ਦੋਵੇਂ ਬੇਸਾਹ ਸਨ-ਬੇਕਾਬੂ ਸਨ। ਬੇ-ਹੋਸ਼ ਸਨ। ਦੋਹਾਂ ਦੇ ਕੱਪੜੇ ਲੱਥ ਗਏ ਸਨ। ਨੰਗੇ ਬਦਨ ਕਾਮ ਦੀ ਅੱਗ ਨੂੰ ਹੋਰ ਭੜਕਾ ਰਹੇ ਸਨ।

ਬਾਹਰੋਂ ਨੌਕਰ ਆਇਆ।

ਰਣਜੀਤ ਨੂੰ ਦਰਵਾਜ਼ਾ ਖੋਲ੍ਹਣਾ ਪਿਆ।

"ਸਾਹਿਬ ਨਾਸ਼ਤਾ ਕਬ ਚਾਹੀਏ?"

"ਇਕ ਘੰਟੇ ਕੇ ਬਾਅਦ।" ਰਣਜੀਤ ਨੇ ਦਰਵਾਜ਼ਾ ਬੰਦ ਕੀਤਾ। ਉਹ ਸਿੱਧਾ ਬਾਥ ਰੂਮ 'ਚ ਗਿਆ। ਉਸ ਮੂੰਹ 'ਤੇ ਛਿੱਟੇ ਮਾਰੇ। ਅੱਖਾਂ ਧੋਤੀਆਂ ਤੇ ਫੇਰ ਬਿਸਤਰੇ 'ਚ ਆ ਗਿਆ। ਉਹ ਸ਼ੀਤਲ ਦੇ ਹਰ ਅੰਗ ਨੂੰ ਨਿਰਖ ਰਿਹਾ ਸੀ। ਸੁਰਖ਼ ਹੋਂਠ-ਭਰ ਜਵਾਨ ਨੰਗੇ ਹਿੱਕ ਉਭਾਰ-ਪਤਲਾ ਲੱਕ-ਕੂਲੇ ਨਾਭੇ ਦੀਆਂ ਬੋਤਲਾਂ ਵਰਕੇ ਗੋਰੇ ਪੱਟ। ਉਸ ਨੇ ਪਾਗਲਾਂ ਵਾਂਗ ਸ਼ੀਤਲ ਨੂੰ ਕਲਾਵਾ ਭਰਿਆ ਸ਼ੀਤਲ ਬੇਸੁਰਤ ਉਸ ਦੀਆਂ ਬਾਹਾਂ 'ਚ ਚਾਕੂ ਬਣ ਗਈ ਸੀ।

ਦਰਵਾਜ਼ੇ 'ਤੇ ਨੌਕ ਹੋਇਆ। ਹੁੰਦਾ ਰਿਹਾ।

"ਕਿਆ ਹੈ?" ਰਣਜੀਤ ਨੇ ਗੁੱਸੇ ਨਾਲ ਪੁੱਛਿਆ।

"ਕਹਾ ਥਾ ਏਕ ਘੰਟੇ ਤੱਕ ਲਿਆਣਾ।"

"ਸਾਹਿਬ ਡੇਢ ਘੰਟਾ ਹੋ ਗਿਆ ਸਾਹਿਬ-ਲੀਜੀਏ ਵਰਨਾ ਸਭ ਕੁਛ ਠੰਢਾ ਹੋ ਜਾਏਗਾ।" ਪਿਛਲੇ ਹਫ਼ਤੇ ਗੜੇ ਪਏ ਸਨ। ਠੰਢ ਬਹੁਤ ਸੀ। ਬਹਿਰਾ ਗਰਮ ਨਾਸ਼ਤਾ ਰੱਖ ਕੇ ਚਲਾ ਗਿਆ ਕਿ ਰਣਜੀਤ ਨੂੰ ਠੰਢਾ ਕਰ ਗਿਆ।

"ਆ ਨਾ।" ਸ਼ੀਤਲ ਪਲੰਘ 'ਤੇ ਸੱਪ ਵਾਂਗ ਮਿਹਲ ਰਹੀ ਸੀ।

"ਕੀ ਕਰਾਂ।" ਅਚਾਨਕ ਹੀ ਰਣਜੀਤ ਨੇ ਕਿਹਾ ਰਣਜੀਤ ਨੂੰ ਸੁਰਤ ਆ ਗਈ ਸੀ। ਉਸ ਨੇ ਚਾਰੇ ਪਾਸੀਂ ਗਹੁ ਨਾਲ ਤੱਕਿਆ ਸੀ। ਸਰੀਰ ਨੂੰ ਚੰਗੀ ਤਰ੍ਹਾਂ ਕੱਜ ਲਿਆ।

"ਸ਼ੀਤਲ ਕੱਪੜੇ ਪਾਓ।"

"ਕਿਉਂ?"

"ਹਾਂ-ਇਸ ਤਰ੍ਹਾਂ ਠੀਕ ਨਹੀਂ?"

"ਕੀ ਠੀਕ ਨਹੀਂ-ਕਦੇ ਕੁਛ ਕਦੇ ਕੁਛ।"

"ਬੀ ਸੈਂਸੇਬਲ ਪਲੀਜ਼।"

"ਮੈਂ ਨਹੀਂ ਉੱਠ ਸਕਦੀ।" ਸ਼ੀਤਲ ਰੋਣਹਾਕੀ ਹੋ ਗਈ ਸੀ।

"ਸ਼ੀਤਲ ਪਲੀਜ਼-ਪਤਾ ਨਹੀਂ ਕੀ ਹੋਣ ਲੱਗਿਆ ਸੀ-ਠੀਕ ਹੋ ਕੇ ਬੈਠ ਪਲੀਜ਼ ਸ਼ੀਤਲ।"

"ਮੈਂ ਨਹੀਂ, ਮੈਂ ਨਹੀਂ" ਸ਼ੀਤਲ ਉਸ ਦੀ ਛਾਤੀ 'ਤੇ ਮੁੱਕੀਆਂ ਮਾਰਦੀ ਰੋਣ ਲੱਗ ਪਈ।

"ਸ਼ੀਤਲ, ਬਾਹਰ ਆਵਾਜ਼ ਜਾ ਰਹੀ ਹੈ।"

"ਮੈਨੂੰ ਕੁਛ ਪਤਾ ਨਹੀਂ।"

"ਪਲੀਜ਼ ਸ਼ੀਤਲ।" ਰਣਜੀਤ ਦੇ ਕਹਿਣ 'ਚ ਮਿੰਨਤ ਸੀ।

"ਫੇਰ ਕੀ ਹੈ। ਦੋ ਘੰਟਿਆਂ ਤਕ ਤਾਂ ਸਾਡਾ ਵਿਆਹ ਹੋ ਜਾਵੇਗਾ।"

"ਲਓ ਗਰਮ ਗਰਮ ਚਾਹ ਪੀਓ।" ਰਣਜੀਤ ਨੇ ਸ਼ੀਤਲ ਦੇ ਮੂੰਹ ਨੂੰ ਚਾਹ ਦਾ ਕੱਪ ਲਾ ਦਿੱਤਾ।

ਜਿਵੇਂ ਸ਼ੀਤਲ 'ਚ ਭੜਕੀ ਅੱਗ ਵੀ ਮੱਠੀ ਪੈ ਗਈ ਸੀ। ਉਸ ਨੇ ਚਾਹ ਦੀ ਘੁੱਟ ਭਰ ਲਈ। ਕੱਪੜੇ ਪਾ ਕੇ ਠੀਕ ਹੋ ਕੇ ਬੈਠ ਗਈ। ਉਸ ਦੀਆਂ ਅੱਖਾਂ 'ਚ ਲਾਲੀ ਝਲਕ ਰਹੀ ਸੀ।

ਚਾਹ ਪੀਂਦੇ ਕੁਛ ਗੱਲਾਂ ਕਰਦੇ ਰਹੇ। ਫੇਰ ਉਨ੍ਹਾਂ ਚੰਗੀ ਤਰ੍ਹਾਂ ਮੂੰਹ ਹੱਥ ਧੋਤੇ। ਗਿਆਰਾਂ ਵੱਜ ਰਹੇ ਸਨ ਤੇ ਉਹ ਕਚਹਿਰੀ ਜਾਣ ਲਈ ਤਿਆਰ ਹੋ ਰਹੇ ਸਨ।

ਨਿੱਖਰੀ ਧੁੱਪ 'ਚ ਸ਼ੀਤਲ ਚਮਕ ਰਹੀ ਸੀ। ਉਸ ਦਾ ਗੋਰਾ ਮੁੱਖੜਾ ਧੁੱਪ 'ਚ ਰਲ ਗਿਆ ਸੀ।

ਉਹ ਕਚਹਿਰੀ ਦੇ ਬਾਹਰ ਰੁਕ ਗਏ।

"ਕਿਉਂ ਹੌਸਲਾ ਨਹੀਂ ਪੈਂਦਾ ?"

"ਸ਼ੀਤਲ ਫੇਰ ਸੋਚ ਲੈ।" ਰਣਜੀਤ ਨੂੰ ਬਰਾਬਰ ਖ਼ਿਆਲ ਆ ਗਿਆ ਸੀ ਕਿ ਮਹੀਨਾ ਭਰ ਨੋਟਿਸ ਆਮ ਦੇਣ ਮਗਰੋਂ ਹੀ ਸ਼ਾਦੀ ਹੋ ਸਕਦੀ ਸੀ।

"ਮੈਂ ਸੋਚ ਚੁੱਕੀ ਹਾਂ।"

ਪਰ ਰਣਜੀਤ ਉਸ ਨੂੰ ਪਾਰਕ ਵਿਚ ਲੈ ਗਿਆ। ਇਕ ਬੂਟੇ ਨਾਲ ਖੜ੍ਹਾ ਕਰ ਕੇ ਦੂਰ ਘਾਹ ਉੱਪਰ ਬੈਠ ਗਿਆ।

ਰਣਜੀਤ ਖ਼ੁਦ ਬੌਂਦਲ ਗਿਆ ਸੀ। ਰਣਜੀਤ ਦਾਗ਼ੀ ਸੀ। ਦਾਗ਼ ਦੀ ਸਚਾਈ ਦੱਸਣ ਦੀ ਉਸ 'ਚ ਹਿੰਮਤ ਨਹੀਂ ਸੀ। ਸ਼ੀਤਲ ਦਾ ਘਰਾਣਾ ਬਹੁਤ ਵੱਡਾ ਸੀ। ਰਾਜਿਆਂ ਨਾਲ ਸੰਬੰਧਿਤ ਖ਼ਾਨਦਾਨ। ਰਣਜੀਤ ਗ਼ਰੀਬੜਾ ਅਨਾਥ। ਸ਼ੀਤਲ ਜਜ਼ਬਾਤੀ ਹੋ ਕੇ ਸਾਰਾ ਕੁਛ ਕਰ ਰਹੀ ਸੀ। ਰਣਜੀਤ ਅਨਜਾਣ ਨੂੰ ਮੂਰਖ਼ ਬਣਾ ਰਿਹਾ ਸੀ।

"ਹਾਂ ਮੈਂ ਇਹ ਨਹੀਂ ਕਰਾਂਗਾ।"

ਰਣਜੀਤ ਉੱਠ ਕੇ ਸ਼ੀਤਲ ਪਾਸ ਪਹੁੰਚ ਗਿਆ।

"ਕੀ ਸੋਚਿਆ ?" ਸ਼ੀਤਲ ਨੇ ਪੁੱਛਿਆ।

"ਸਾਨੂੰ ਕਾਹਲ ਨਹੀਂ ਕਰਨੀ ਚਾਹੀਦੀ।"

"ਕਾਇਰ ਇਨਸਾਨ ਹੋ। ਮੈਂ ਤੁਹਾਨੂੰ ਦੱਸ ਦਿਆਂ ਘਰ ਵਾਲੇ ਪਤਾ ਨਹੀਂ ਕਿਹੜੇ ਵੇਲੇ ਕਿਸੇ ਦੇ ਪੱਲੇ ਬੰਨ੍ਹ ਦੇਣ-ਸਾਰੀ ਜ਼ਿੰਦਗੀ ਵਿਲਕਦਿਆਂ ਕੱਟਣੀ ਪਵੇਗੀ।"

"ਮਰਜ਼ੀ ਤੋਂ ਬਿਨਾਂ ਹੀ ?"

"ਬੰਦੂਕਾਂ ਗਲਾਂ 'ਚ ਰੱਖਣ ਵਾਲੇ ਮਰਜ਼ੀ ਨਹੀਂ ਪੁੱਛਦੇ।"

"ਸ਼ੀਤਲ ਮੈਂ ਤੁਹਾਨੂੰ ਇਕ ਸਚਾਈ ਦਸਣਾ ਚਾਹੁੰਦਾ ਹਾਂ।"

"ਹਿੰਮਤ ਪੈਂਦੀ ਨਹੀਂ-ਠੀਕ ਹੈ ਨਾ?"

"ਹਾਂ।"

"ਤੁਸੀਂ ਮੈਨੂੰ ਆਪਣੀ ਨਹੀਂ ਸਮਝਦੇ।"

"ਉਹ ਕਿਉਂ?"

"ਨਹੀਂ ਤਾਂ ਕੁਛ ਕਹਿਣ 'ਚ ਝਿਜਕੋ ਨਾ।"

"ਲਓ ਸੁਣੋ ਮੈਂ।"

ਦੋ ਲੜਕੇ ਉਪਰ ਝੁਕ ਕੇ ਖੜ੍ਹ ਗਏ। ਉਹ ਸ਼ੀਤਲ ਦੇ ਸ਼ਦਾਈ ਸਨ। ਸ਼ੀਤਲ ਨੂੰ ਲੜਕੇ ਨਾਲ ਦੇਖ ਕੇ ਉਹ ਡੌਰ ਭੌਰੇ ਹੋ ਗਏ ਸਨ। ਅੱਖਾਂ ਰਾਹੀਂ ਇਕ ਦੂਜੇ ਨੂੰ ਪੁਛ ਰਹੇ ਸਨ।

"ਵੱਟ ਨਾਨਸੈਂਸ।" ਸ਼ੀਤਲ ਨੇ ਉਨ੍ਹਾਂ ਨੂੰ ਝਾੜ ਪਾਈ। ਉਹ ਤੁਰ ਗਏ। ਉਹ ਖ਼ੁਦ ਵੀ ਉਠ ਕੇ ਹੋਟਲ 'ਚ ਆ ਗਏ।

"ਸ਼ੀਤਲ, ਅਸੀਂ ਅਜਨਬੀ ਬਣ ਸਕਦੇ ਹਾਂ?"

"ਮਰ ਕੇ ਸ਼ਾਇਦ।"

ਕਿੰਨਾ ਚਿਰ ਚੁੱਪ ਤਣੀ ਰਹੀ।

ਉਹ ਬਿਸਤਰੇ 'ਚ ਸਨ। ਹੌਲੀ-ਹੌਲੀ ਅੰਗ ਨਾਲ ਅੰਗ ਜੁੜ ਗਏ ਸਨ। ਹੁਣ ਰਣਜੀਤ ਵਿਚ ਗਰਮ ਖ਼ੂਨ ਹਿੱਲ ਪਿਆ ਸੀ। ਅੱਖਾਂ 'ਚ ਭੁੱਖ ਚਮਕ ਪਈ ਸੀ। ਉਸ ਨੇ ਗ਼ੋਰੀ ਗੱਲ੍ਹ ਚੁੰਮੀ, ਸੁਰਖ਼ ਹੋਂਠ ਚੁੰਮੇ, ਭਰਪੂਰ ਛਾਤੀ ਘੁੱਟੀ, ਪਤਲੇ ਲੱਕ 'ਤੇ ਹੱਥ ਫੇਰਿਆ, ਸੰਗਮਰਮਰੀ ਪੱਟਾਂ 'ਤੇ ਹੱਥ ਜਾਂਦਿਆਂ ਉਸ ਦਾ ਦਿਮਾਗ ਖਤਮ ਹੋ ਚੁੱਕਿਆ ਸੀ।

ਰਣਜੀਤ ਦੇ ਦਿਮਾਗ਼ ਨੂੰ ਇਕ ਝਟਕਾ ਲੱਗਿਆ, ਉਸ ਤੋਂ ਘੋਰ ਪਾਪ ਹੋ ਗਿਆ ਸੀ। ਸ਼ੀਤਲ, ਸ਼ੀਤਲ ਹੋਈ ਉਸ ਨਾਲ ਚਿਮਟੀ ਹੋਈ ਸੀ। ਸ਼ਾਇਦ ਉਹ ਦਰਦ ਅਨੁਭਵ ਕਰ ਰਹੀ ਸੀ। ਕਿਸੇ ਅਨੰਦ 'ਚ ਅੱਖਾਂ ਮੀਟੀਆਂ ਹੋਈਆਂ ਸਨ। ਮਾਸੂਮ ਬੱਚੇ ਵਾਂਗ ਚਿਹਰਾ ਨਿਰਛਲ ਮੁਸਕਰਾ ਰਿਹਾ ਸੀ। ਚਿਹਰਾ ਤੱਕ ਕੇ ਰਣਜੀਤ ਦੇ ਅੰਦਰੋਂ ਹੂਕ ਉਠੀ। ਭੁੱਬ ਨਿਕਲੀ-ਉਸ ਤੋਂ ਗਊ ਹੱਤਿਆ ਹੋ ਗਈ ਸੀ। ਉਸ ਦਾ ਦਿਲ ਕੀਤਾ ਆਪਣੇ ਸਰੀਰ ਨੂੰ ਨੋਚ ਲਵੇ। ਸ਼ੀਤਲ ਦੀਆਂ ਬਾਹਾਂ ਉਸਦੇ ਗਲ ਲੱਗੀਆਂ ਸਨ, ਉਹ ਹਾਰ ਵਾਂਗ ਲਟਕ ਰਹੀ ਸੀ। ਕਦੇ ਕਦੇ ਆਵੇਸ਼ ਅਵੱਸਥਾ ਵਿਚ ਰਣਜੀਤ ਦਾ ਮੂੰਹ ਚੁੰਮਦੀ ਸੀ।

ਰਣਜੀਤ ਨੇ ਬਿਸਤਰੇ 'ਚੋਂ ਉਠਣਾ ਚਾਹਿਆ।

"ਨਹੀਂ। ਮੈਨੂੰ ਅਜੇ ਸਬਰ ਨਹੀਂ ਆਇਆ।" ਸ਼ੀਤਲ ਨੇ ਬਾਹਾਂ ਕੱਸ ਲਈਆਂ ਸਨ।

ਰਣਜੀਤ ਦੀਆਂ ਅੱਖਾਂ 'ਚੋਂ ਚੁੱਪ ਹੰਝੂ ਵਗਦੇ ਰਹੇ। ਤਰ੍ਹਾਂ ਤਰ੍ਹਾਂ ਦੇ ਖ਼ਿਆਲ ਉਸ ਦੇ ਦਿਮਾਗੋਂ ਗੁਜ਼ਰਦੇ ਰਹੇ। ਕਦੇ ਹੌਸਲੇ ਨਾਲ ਬੁਲੰਦ ਹੁੰਦਾ ਸੀ। ਦੂਜੇ ਹੀ ਪਲ ਨਿਤਾਣਾ ਬਣ ਜਾਂਦਾ ਸੀ।

ਦਿਨ ਬੀਤ ਗਿਆ।

"ਹੁਣ ਕੀ ਵਿਚਾਰ ਹੈ?"

"ਦੱਸੋ?"

"ਚਲਣਾ ਚਾਹੀਦਾ ਹੈ।"

"ਕਿਥੇ। ਤੁਹਾਡੇ ਕਾਲਜ?"

"ਨਹੀਂ ਹੋਸਟਲ।"

"ਨਹੀਂ-ਮੈਂ ਹੋਸਟਲ ਨਹੀਂ ਜਾਵਾਂਗੀ।"

"ਪਰ ਕਿਉਂ?"

"ਮੈਂ ਹੁਣ ਦੂਰ ਨਹੀਂ ਰਹਿ ਸਕਾਂਗੀ।"

"ਪਰ ਅਜੇ ਥੋੜ੍ਹੀ ਦੇਰ ਦੂਰ ਰਹਿਣਾ ਹੀ ਪਏਗਾ।"

ਸ਼ੀਤਲ ਜ਼ਿੱਦ ਕਰਦੀ ਰਹੀ। ਰਣਜੀਤ ਮਨਾਂਦਾ ਰਿਹਾ।

ਬਾਹਰੋਂ ਦਰਵਾਜ਼ਾ ਖੜਕਿਆ। ਉਨ੍ਹਾਂ ਬਿਸਤਰੇ ਦੀ ਚਾਦਰ ਲਪੇਟ ਕੇ ਪਾਸੇ ਸੁੱਟ ਦਿੱਤੀ।

ਸ਼ੀਤਲ ਚੌਂਕ ਗਈ। ਕਾਲਜ ਦੀ ਪ੍ਰਿੰਸੀਪਲ ਤੇ ਵਾਰਡਨ ਬਾਹਰ ਖੜ੍ਹੀਆਂ ਸਨ।

ਪ੍ਰਿੰਸੀਪਲ ਨੇ ਸ਼ਹਿਰ ਦਾ ਹੋਸਟ ਹੋਟਲ ਤਲਾਸ਼ ਕੀਤਾ ਸੀ। ਕਈ ਵਾਰ ਉਸ ਨੇ ਇਸ ਤਰ੍ਹਾਂ ਗਈਆਂ ਲੜਕੀਆਂ ਲੱਭੀਆਂ ਸਨ।

"ਪੁਲਿਸ ਕੇ ਹਵਾਲੇ ਕੀਆ ਜਾਏ?"

"ਕਿਸ ਲੀਏ?" ਸ਼ੀਤਲ ਨਿਡਰ ਹੋ ਗਈ ਸੀ।

"ਅਬੀ ਪੂਛਤੀ ਹੈ?" ਪ੍ਰਿੰਸੀਪਲ ਨੇ ਵਧ ਕੇ ਸ਼ੀਤਲ ਦੇ ਮੂੰਹ 'ਤੇ ਥੱਪੜ ਮਾਰਿਆ।

"ਸੁਣੀਏ?"

"ਖ਼ਬਰਦਾਰ-ਬਦਚਲਨ ਲੜਕੇ ਸ਼ਰੀਫ਼ ਘਰਾਣੋਂ ਕੀ ਲੜਕੀਆਂ ਬਰਬਾਦ ਕਰਨੇ ਕੀ ਸਜ਼ਾ ਜਾਨਤੇ ਹੋ ਕਿਆ ਹੈ?"

"ਮੌਤ ਸੇ ਬੜ ਕਰ ਨਹੀਂ।"

"ਤੁਮੇਂ ਮੌਤ ਹੀ ਮਿਲੇਗੀ।"

"ਯੇਹ ਮੇਰੇ ਹਸਬੈਂਡ ਹੈਂ-ਹਮ ਲੋਗੋਂ ਨੇ ਆਜ ਹੀ ਸ਼ਾਦੀ ਕੀ ਹੈ।"

"ਬਤਚਲਨ-ਕਹਾਂ ਹੈਂ ਸਰਟੀਫ਼ੀਕੇਟ?" ਪ੍ਰਿੰਸੀਪਲ ਨੇ ਇਕ ਥੱਪੜ ਹੋਰ ਕੱਢ ਮਾਰਿਆ। ਵਾਰਡਨ ਪ੍ਰਿੰਸੀਪਲ ਦਾ ਹੱਥ ਫੜ ਰਹੀ ਸੀ।

"ਮੈਂ ਅਭੀ ਪੁਲਿਸ ਕੋ ਫ਼ੋਨ ਕਰਤੀ ਹੂੰ।" ਗੁੱਸੇ ਨਾਲ ਬਿਫਰੀ ਪ੍ਰਿੰਸੀਪਲ ਬਾਹਰ ਤੁਰ ਪਈ ਉਸ ਨੂੰ ਵਾਰਡਨ ਨੇ ਰੋਕ ਲਿਆ।

"ਇਸ ਮੇਂ ਹਮਾਰੇ ਕਾਲਜ ਕੀ, ਹਮਾਰੀ ਬਦਨਾਮੀ ਹੋਗੀ। ਠੀਕ ਯਹੀ ਰਹੇਗਾ, ਸ਼ੀਤਲ ਕੋ ਲੇ ਚਲੇਂ-ਵਰਨਾ ਇਸ ਕੇ ਘਰ ਵਾਲੇ ਨਾ ਜਾਣੇ ਹਮਾਰੇ ਸਾਥ ਕਿਆ ਕਰ ਬੈਠੇਂ।"

ਪ੍ਰਿੰਸੀਪਲ ਦੇ ਕੰਨ ਖੁੱਲ੍ਹ ਗਏ।

"ਚਲ ਲੜਕੀ- ਹੋਸਟਲ।" ਪ੍ਰਿੰਸੀਪਲ ਨੇ ਸ਼ੀਤਲ ਦੀ ਬਾਂਹ ਫੜ ਲਈ।

"ਠੀਕ ਹੈ ਸ਼ੀਤਲ-ਮੈਂ ਬਾਦ ਮੈਂ ਮਿਲਾਂਗਾ।" ਰਣਜੀਤ ਨੇ ਕਿਹਾ।

ਸ਼ੀਤਲ ਤੁਰ ਗਈ।

ਬਾਹਰ ਹੋਟਲ ਦੇ ਬੈਹਰੇ ਇਕੱਠੇ ਖੜ੍ਹੇ ਸਨ। ਥੋੜ੍ਹੀ ਦੇਰ ਬਾਦ ਮੈਨੇਜਰ ਅੰਦਰ ਆ ਗਿਆ।

"ਆਪ ਨੇ ਬੋਲਾ ਥਾ ਮਿਸਿਜ਼ ਹੈਂ?"

"ਯੈਸ, ਸ਼ੀ ਇਜ਼ ਮਾਈ ਵਾਇਫ਼।"

"ਆਪ ਬਕ ਰਹੇ ਹੈਂ।"

"ਯੂ, ਸ਼ੱਟ ਅਪ ਬਲੱਡੀ ਫ਼ੂਲ।"

ਰਣਜੀਤ ਸ਼ੇਰ ਵਾਂਗ ਕੁੱਦਿਆ।

"ਠੀਕ ਹੈ-ਠੀਕ ਹੈ। ਲੇਕਨ, ਇਸ ਚੱਦਰ ਦੀ ਕੀਮਤ ਦੇਣੀ ਪੜੇਗੀ।"

"ਮਿਲ ਜਾਏਗੀ।"

"ਓ.ਕੇ-ਟਾ-ਟਾ।"

ਨਾਟੇ ਕੱਦ ਦਾ ਮੈਨੇਜਰ ਦੋ ਉਂਗਲਾਂ ਹਲਾਂਦਾ, ਅੱਖ ਮਾਰਦਾ ਤੇ ਅਜੀਬ ਸੀਟੀ ਵਜਾਂਦਾ ਬਾਹਰ ਨਿਕਲ ਗਿਆ।

ਰਣਜੀਤ ਸਿਰ ਫੜ ਕੇ ਬੈਠ ਗਿਆ।

ਚਾਰ ਘੰਟੇ ਬੀਤ ਗਏ।

"ਕਿੱਥੇ ਜਾਵਾਂ? ਜਹੰਨਮ ਵਿਚ-ਹਾਂ ਮੈਂ ਜਨਹੱਮ ਦਾ ਹੀ ਹੱਕਦਾਰ ਹਾਂ। ਪਾਪ ਮਗਰੋਂ ਪਾਪ ਕਰਨ ਵਾਲੇ ਨੂੰ ਜਹੱਨਮ ਹੀ ਨਸੀਬ ਹੋਣਾ ਚਾਹੀਦਾ ਹੈ। ਤੂੰ ਤਾਂ ਜਹੱਨਮ ਤੁਰ ਜਾਏਂਗਾ ਤੇ ਜਿਸ ਗਊ ਦਾ ਗਲਾ ਕੱਟਿਐ ਉਸ ਦਾ ਕੀ ਬਣੇਗਾ?" ਦਲੇਰ ਬਣ-ਸ਼ੀਤਲ ਨਾਲ ਵਿਆਹ ਕਰ ਜੋ ਹੋਗਾ ਦੇਖਿਆ ਜਾਏਗਾ-ਜੇਕਰ ਇਸ਼ਕ ਇਤਨਾ ਹੀ ਆਸਾਨ ਕੰਮ ਹੋਵੇ ਤਾਂ ਹਰ ਕੋਈ ਕਰੇ-ਤੂੰ ਸ਼ੀਤਲ ਨੂੰ ਪਿਆਰ ਕਰਦਾ ਹੈਂ ਨਾ? ਹਾਂ-ਜਾਨ ਤੋਂ ਵੀ ਵੱਧ- ਫੇਰ ਜਾਨ ਨੂੰ ਅਪਨਾਉਣ ਤੋਂ ਕਿਉਂ ਡਰਦੈਂ? ਮੈਂ ਕਿਸੇ ਤੋਂ ਨਹੀਂ ਡਰਾਂਗਾ- ਮੈਂ ਡਟ ਕੇ ਮੁਕਾਬਲਾ ਕਰਾਂਗਾ-ਸ਼ੀਤਲ ਪ੍ਰਾਪਤ ਕਰਾਂਗਾ।

ਰਣਜੀਤ ਕਾਲਜ ਪਹੁੰਚ ਗਿਆ।

"ਖ਼ੁਸ਼ਖ਼ਬਰੀ ਹੈ ਨਾ?" ਮੈਡਮ ਪ੍ਰੋਫੈਸਰ ਨੇ ਪੁੱਛਿਆ।

"ਹਾਂ।" ਤੇ ਰਣਜੀਤ ਨੇ ਸਾਰੀ ਕਹਾਣੀ ਕਹਿ ਦਿੱਤੀ।

"ਮੈਂ ਬਹੁਤ ਖ਼ੁਸ਼ ਹਾਂ।" ਮੈਡਮ ਨੇ ਇਧਰ ਉਧਰ ਤੱਕ ਕੇ ਰਣਜੀਤ ਦਾ ਮੱਥਾ ਚੁੰਮ ਲਿਆ। ਉਸ ਰੂਹ ਨੇ ਸੱਚ ਹੀ ਅਸੀਸ ਦਿੱਤੀ ਸੀ।

"ਹੁਣ ਦੱਸੋ ਕੀ ਕਰਾਂ? ਤੁਹਾਡੇ ਨਾਲ ਸਲਾਹ ਕਰਨ ਆਇਆਂ ਹਾਂ।"

"ਚੰਗਾ ਹੁੰਦਾ ਜੇਕਰ ਕਚਹਿਰੀ 'ਚ ਵਿਆਹ ਕਰ ਲੈਂਦੇ।"

"ਮੈਂ ਡਰਦਾ ਸਾਂ ਕਿਤੇ ਗ਼ਲਤ ਨਾ ਕਰਦਾ ਹੋਵਾਂ ਪਰ ਜਦੋਂ ਗ਼ਲਤੀ ਕੀਤੀ ਤਾਂ ਸੁਰਤ ਹੀ ਨਹੀਂ ਰਹੀ।"

"ਉਹ ਕੋਈ ਗਲਤੀ ਨਹੀਂ।" ਮੈਡਮ ਥੋੜ੍ਹੀ ਮੁਸਕਾ ਪਈ। ਉਸ ਦੀਆਂ ਅੱਖਾਂ ਤੋਂ ਜ਼ਹਿਰ ਸੀ ਕਿ ਉਹ ਹੋਟਲ ਵਾਲੀ ਘਟਨਾ 'ਚ ਸੁਆਦ ਲੈ ਰਹੀ ਸੀ।

"ਸ਼ੀਤਲ ਨੂੰ ਬੁਲਾ ਕੇ ਵਿਆਹ ਕੀਤਾ ਜਾਏ ?"

"ਪਰ ਉਸ ਨੂੰ ਹੋਸਟਲ 'ਚੋਂ ਕੋਈ ਆਉਣ ਨਹੀਂ ਦੇਵੇਗਾ।"

"ਮੈਂ ਲੈ ਕੇ ਆਵਾਂਗੀ।" ਮੈਡਮ ਨੇ ਭਰੋਸੇ ਨਾਲ ਕਿਹਾ।

"ਸ਼ਾਦੀ ਤੋਂ ਪਹਿਲਾਂ ਅਜਿਹੀ ਗ਼ਲਤੀ ਨਹੀਂ ਹੋਣੀ ਚਾਹੀਦੀ ਸੀ।"

"ਇਹ ਕੋਈ ਗ਼ਲਤੀ ਨਹੀਂ-ਇਟ ਇਜ਼ ਜਸਟ ਏ ਮੀਕੈਨੀਕਲ ਐਕਸ਼ਨ। ਅਸੀਂ ਹਿੰਦੁਸਤਾਨੀ ਲੋਕਾਂ ਨੇ ਐਵੇਂ ਖ਼ਾਹਮੁਖਾਹ ਗੱਲ ਨੂੰ ਵੱਡਾ ਬਣਾ ਰੱਖਿਐ। ਇਹੀ ਕਾਰਨ ਹੈ ਸਾਡੇ ਅਣ-ਗਿਣਤ ਮੈਂਟਲ ਕੇਸਿਜ ਹੁੰਦੇ ਨੇ।" ਮੈਡਮ ਕਹਿ ਰਹੀ ਸੀ।

ਉਹ ਥੋੜ੍ਹਾ ਚਿਰ ਹੋਰ ਗੱਲਾਂ ਕਰਦੇ ਰਹੇ। ਮੈਡਮ ਦਾ ਡੇਹਰਾਦੂਨ ਜਾਣ ਦਾ ਪ੍ਰੋਗਰਾਮ ਬਣ ਗਿਆ। ਚਾਰ ਦਿਨਾਂ ਮਗਰੋਂ ਮੈਡਮ ਦੀ ਤਿਆਰੀ ਸੀ। ਰਣਜੀਤ ਕੁਛ ਖ਼ੁਸ਼ ਤੇ ਕੁਛ ਉਦਾਸ ਸੀ।

ਮੈਡਮ ਨੇ ਛੁੱਟੀ ਲਈ। ਤਿਆਰ ਹੋ ਕੇ ਆ ਗਈ।

"ਕੋਈ ਸਪੈਸ਼ਲ ਗੱਲ ?"

"ਸਾਰੀ ਸਪੈਸ਼ਲ ਹੈ।"

"ਕੀ ?"

"ਮੇਰੇ ਦੱਸਣ ਵਾਲੀ ਕੀ ਗੱਲ ਹੈ ?"

ਦੋਵੇਂ ਹੱਸ ਪਏ।

"ਅੱਛਾ ਸੁਣੋ-ਦਿਲ ਛੋਟਾ ਨਹੀਂ ਕਰਨਾ-ਕਿਸੇ ਗੱਲੋਂ ਡਰਨਾ ਨਹੀਂ। ਮੈਂ ਜਾਣਦੀ ਹਾਂ ਤੂੰ ਪੁੰਨ ਪਾਪ ਦਾ ਧਿਆਨ ਕਰਨ ਵਾਲਾ ਇਨਸਾਨ ਹੈਂ। ਪਰ ਮੈਂ ਕਹਾਂਗੀ ਇਸ ਸੰਸਾਰ 'ਚ ਕੁਛ ਪੁੰਨ ਪਾਪ ਨਹੀਂ ਹੈ। ਅਸੀਂ ਪੁੰਨ ਪਾਪ ਬਣਾ ਕੇ ਜੀਵਨ ਬੋਝ ਬਣਾਈ ਰੱਖਦੇ ਹਾਂ। ਮੈਨੂੰ ਖ਼ੁਸ਼ੀ ਹੋਵੇਗੀ ਜਦੋਂ ਦੋ ਪਿਆਸੀਆਂ ਰੂਹਾਂ ਮਿਲ ਜਾਣਗੀਆਂ।"

ਰਣਜੀਤ ਅੱਡੇ ਤਕ ਨਾਲ ਆਇਆ। ਉਸ ਨੂੰ ਜਾਪ ਰਿਹਾ ਸੀ ਜਿਵੇਂ ਉਹ ਔਰਤ ਨੂੰ ਨਹੀਂ ਸਗੋਂ ਕਿਸੇ ਮਰਦ ਨੂੰ ਛੱਡਣ ਆਇਆ ਸੀ। ਰਣਜੀਤ ਬੱਚਿਆਂ ਵਾਂਗ ਉਸ ਪਾਸ ਅਨਜਾਣ ਜਿਹਾ ਬਣਿਆ ਖੜ੍ਹਾ ਸੀ। ਉਸਦਾ ਦਿਲ ਕਰਦਾ ਸੀ ਮੈਡਮ ਦੇ ਕਦਮਾਂ 'ਤੇ ਢੇਰੀ ਹੋ ਜਾਏ। ਹੱਥ ਚੁੰਮ ਲਏ। ਉਸ ਦਾ ਚਿਹਰਾ ਇਤਨਾ ਵਿਸ਼ਾਲ ਸੀ-ਦੋ ਰੂਹਾਂ ਨੂੰ ਮਿਲਾਣ ਲਈ ਇਤਨਾ ਤਤਪਰ ਸੀ।

ਦੂਰ ਤਕ ਮੈਡਮ ਦੀ ਬਾਂਹ ਹਿੱਲਦੀ ਰਹੀ। ਰਣਜੀਤ ਖੜ੍ਹਾ ਦੇਖਦਾ ਰਿਹਾ। ਪਤਾ ਨਹੀਂ ਕਿੰਨਾ ਚਿਰ ਖੜ੍ਹਾ ਰਿਹਾ। ਫੇਰ ਉਹ ਅੱਖਾਂ 'ਚ ਉਮਡੇ ਹੰਝੂ ਪੂੰਝ ਕੇ ਕਮਰੇ ਵੱਲ ਤੁਰ ਪਿਆ।

## 9.

**ਸਾਰੇ ਜੱਗ ਦੀ ਝੱਲੀ ਬਦਨਾਮੀ,**
**ਇਕ ਤੇਰੀ ਜਿੰਦ ਬਦਲੇ।**

ਮੈਡਮ ਕਾਲਜ ਪਹੁੰਚ ਗਈ। ਸ਼ੀਤਲ ਨੂੰ ਮਿਲਣ ਦੀ ਆਗਿਆ ਨਹੀਂ ਸੀ। ਪਰ ਮੈਡਮ, ਮੈਡਮ ਸੀ ਤੇ ਨਾਲ ਨਾਲ ਪ੍ਰੋਫੈਸਰ ਵੀ। ਸ਼ੀਤਲ ਉਸ ਦੀ ਸਟੂਡੈਂਟ ਰਹੀ ਸੀ। ਇਸ ਕਰ ਕੇ ਇਜਾਜ਼ਤ ਮਿਲਣ ਵਿਚ ਬਹੁਤੀ ਕਠਨਾਈ ਨਾ ਹੋਈ।

ਸ਼ੀਤਲ ਦਾ ਮੁੱਖ ਦਲੇਰ ਸੀ। ਮੈਡਮ ਨੂੰ ਖ਼ੁਸ਼ੀ ਹੋਈ। ਸ਼ੀਤਲ ਦੇ ਸਾਥ ਵਾਲੀ ਲੜਕੀ ਘਰ ਗਈ ਸੀ। ਦੋਵੇਂ ਕਮਰਾ ਬੰਦ ਕਰ ਕੇ ਬੈਠ ਗਈਆਂ। ਚਾਹ ਉਹ ਹੇਠੋਂ ਕਨਟੀਨ 'ਚੋਂ ਪੀ ਆਈਆਂ ਸਨ।

"ਸ਼ੀਤਲ ਹੁਣ ਕੀ ਕਰਨਾ ਹੈ?"

"ਸ਼ਾਦੀ।"

"ਪਰ ਸ਼ਾਦੀ ਇਤਨੀ ਆਸਾਨ ਨਹੀਂ।"

"ਮੈਨੂੰ ਪਤਾ ਹੈ ਮੈਡਮ ਜੀ ਪਰ ਸ਼ਾਦੀ ਤਾਂ ਕਰਨੀ ਹੀ ਹੈ।"

"ਸ਼ੀਤਲ ਤੈਨੂੰ ਰਣਜੀਤ ਦੇ ਹਰ ਰਾਜ਼ ਦਾ ਪਤੈ?"

"ਹਾਂ ਮੈਡਮ ਜੀ।"

"ਉਸ ਹਰ ਗੱਲ ਦੱਸ ਦਿੱਤੀ ਸੀ?"

"ਭਾਵੇਂ ਉਹ ਨਹੀਂ ਦੱਸ ਸਕੇ-ਸਚਾਈ ਮੂੰਹ 'ਤੇ ਆ ਕੇ ਰੁਕ ਜਾਂਦੀ ਸੀ।"

"ਉਹ ਸਚਾਈ ਕੀ ਹੈ ਪਤੈ?"

"ਉਹ ਸ਼ਾਦੀ-ਸ਼ੁਦਾ ਹਨ।"

ਦੋਵੇਂ ਚੁੱਪ ਹੋ ਗਈਆਂ।

"ਮੈਡਮ ਜੀ ਮੈਨੂੰ ਪਤਾ ਲਗਿਆ ਸੀ ਪਰ ਮੈਨੂੰ ਉਹ ਇਤਨੀ ਪਿਆਰੀ ਰੂਹ ਲਗਦੇ ਹਨ ਮੈਂ ਕਦੇ ਛੱਡ ਨਹੀਂ ਸਕਦੀ। ਉਹ ਹਮੇਸ਼ਾ ਇਸ ਕੋਸ਼ਿਸ਼ ਵਿਚ ਸਨ ਕਿ ਮੈਂ ਕਿਸੇ ਤਰ੍ਹਾਂ ਖ਼ਿਆਲ ਭੁੱਲ ਸਕਾਂ। ਦੱਸ ਇਸ ਕਰਕੇ ਨਹੀਂ ਸਕਦੇ ਸਨ ਕਿ ਮੇਰਾ ਦਿਲ ਟੁੱਟ ਜਾਏਗਾ।"

"ਸ਼ੀਤਲ?"

"ਜੀ ਮੈਡਮ ਜੀ!"

"ਤੂੰ ਤਾਂ ਬਹੁਤ ਸੁਲਝੀ ਹੈਂ।"

"ਮੈਡਮ ਜੀ ਮੇਰਾ ਦਿਲ ਨਹੀਂ ਕਰਦਾ-ਮੇਰੇ ਮਾਂ ਬਾਪ ਮੇਰਾ ਕਿਤੇ ਹੋਰ ਵਿਆਹ ਕਰਨ-ਮੈਂ ਕਿਸੇ ਇਯਾਸ਼ ਜਾਗੀਰਦਾਰ ਨਾਲ ਬੱਝਣਾ ਨਹੀਂ ਚਾਹੁੰਦੀ। ਜਿਸ ਨੂੰ ਮੇਰੀ ਪਰਖ਼ ਨਾ ਹੋਵੇ-ਮੇਰੀ ਕਦਰ ਨਾ ਹੋਵੇ। ਮੈਂ ਜਾਣਦੀ ਹਾਂ ਰਣਜੀਤ ਸਾਡੇ ਘਰ ਦੇ ਮੁਕਾਬਲੇ 'ਚ ਕੁਛ ਵੀ ਨਹੀਂ ਪਰ ਉਹ ਮੇਰੀ ਰੂਹ ਦਾ ਹਾਣੀ ਹੈ। ਮੇਰੇ ਤਨ ਦਾ ਹਾਣੀ ਹੈ।"

"ਸ਼ੀਤਲ ਦੌਲਤ ਹੀ ਸਭ ਕੁਛ ਨਹੀਂ। ਜੋ ਦੌਲਤ ਰਣਜੀਤ ਪਾਸ ਹੈ ਉਹ

ਹਰ ਇਕ ਦੇ ਭਾਗਾਂ ਵਿਚ ਨਹੀਂ। ਮੈਨੂੰ ਤੇਰੀ ਕਿਸਮਤ 'ਤੇ ਫ਼ਖ਼ਰ ਹੈ ਤੇ ਕਈ ਵਾਰ ਡਰ ਵੀ ਲਗਦਾ ਹੈ ਕਿ ਤੇਰੀ ਕਿਸਮਤ ਸੱਚ ਹੀ ਇਤਨੀ ਚੰਗੀ ਹੈ। ਰਣਜੀਤ ਵਰਗੇ ਹੀਰੇ ਨਾਲ ਜੀਣਾ ਦੁਨੀਆ ਦੇ ਰਾਜ ਨਾਲੋਂ ਵੀ ਵੱਡੀ ਗੱਲ ਹੈ।"

"ਕਦੇ ਕਦੇ ਡਰ ਜਾਂਦੀ ਹਾਂ ਮੈਡਮ ਜੀ-ਮੇਰੇ ਵੀਰ ਨੂੰ ਸ਼ਾਦੀ ਤੋਂ ਪਹਿਲਾਂ ਪਤਾ ਲੱਗ ਗਿਆ ਕਿਤੇ ਰਣਜੀਤ ਨੂੰ-ਉਹ ਬਹੁਤ ਨਿਰਦਈ ਦੇ ਕੁਰੱਖ਼ਤ ਆਦਮੀ ਹੈ।"

"ਐਸਾ ਨਹੀਂ ਹੋਣਾ ਚਾਹੀਦਾ। ਸ਼ੀਤਲ ਐਸਾ ਨਹੀਂ ਹੋਣਾ ਚਾਹੀਦਾ। ਇਸ ਤੋਂ ਪਹਿਲਾਂ ਕਿ ਕੋਈ ਭਾਵੀ ਵਾਪਰੇ-ਤੁਹਾਡਾ ਵਿਆਹ ਹੋਣਾ ਚਾਹੀਦਾ ਹੈ।"

"ਕੋਈ ਰਾਹ ਦੱਸੋ ਮੈਡਮ ਜੀ।"

"ਤੁਸੀਂ ਮੇਰੇ ਨਾਲ ਚਲੋ-ਕਚਹਿਰੀ 'ਚ ਸ਼ਾਦੀ ਕਰ-ਦੁਬਿਧਾ ਖ਼ਤਮ ਕਰ।"

"ਪਰ ਹੋਸਟਲ ਵਾਲੇ ਜਾਣ ਨਹੀਂ ਦੇਣਗੇ।"

ਸੱਚ ਹੀ ਮੁਸ਼ਕਲ ਸੀ। ਚਪੜਾਸੀ ਤੱਕ ਹਦਾਇਤ ਸੀ ਜੇਕਰ ਸ਼ੀਤਲ ਬਾਹਰ ਜਾਵੇ ਤਾਂ ਉਸ ਨੂੰ ਰੋਕ ਲਿਆ ਜਾਵੇ।

"ਤੇਰਾ ਸਿਮੈਸਟਰ ਕਦੋਂ ਖ਼ਤਮ ਹੋਵੇਗਾ।"

"ਜੁਲਾਈ ਦੇ ਅਖੀਰ 'ਚ।"

"ਅੱਛਾ, ਗੱਲ ਨੂੰ ਥੋੜ੍ਹਾ ਠੰਢਾ ਪੈਣ ਦਿੰਦੇ ਹਾਂ। ਪੰਜਾਬ 'ਚ ਸਮਰ ਵੀਕੇਸ਼ਨ ਹੋਣ ਦੇ-ਫੇਰ ਇਥੇ ਆ ਕੇ ਸ਼ਾਦੀ ਕਰਾਂਗੇ।"

"ਠੀਕ ਹੈ।"

"ਪਰ ਘਰੇ ਤਾਂ ਕੋਈ ਖ਼ਬਰ ਨਹੀਂ ਪਹੁੰਚੀ?"

"ਪਹਿਲਾਂ ਤਾਂ ਪ੍ਰਿੰਸੀਪਲ ਬਹੁਤ ਬੋਲਦੀ ਸੀ ਪਰ ਫੇਰ ਖ਼ੁਦ ਹੀ ਚੁੱਪ ਕਰ ਗਈ। ਡਰ ਗਈ, ਕਿਤੇ ਘਰ ਵਾਲੇ ਉਸਦੇ ਸਿਰ ਨਾ ਹੋ ਜਾਣ।"

ਬਾਹਰੋਂ ਦਰਵਾਜ਼ਾ ਖੜਕਿਆ। ਸ਼ੀਤਲ ਨੇ ਦਰਵਾਜ਼ਾ ਖੋਲ੍ਹਿਆ ਮਾਈ ਖੜ੍ਹੀ ਸੀ। ਕੋਈ ਸ਼ੀਤਲ ਨੂੰ ਮਿਲਣ ਆਇਆ ਸੀ।

ਸ਼ੀਤਲ ਤੇ ਮੈਡਮ ਇਕ ਦਮ ਘਬਰਾ ਗਈਆਂ।

ਸ਼ੀਤਲ ਜਸਵੰਤ ਨੂੰ ਦੇਖ ਕੇ ਸਹਿਮ ਗਈ। ਉਸ ਦਾ ਪਿਸਤੌਲ ਉਪਰ ਹੱਥ ਸਹਿਜੇ ਹੀ ਟਿਕਿਆ ਹੋਇਆ ਸੀ।

ਜਸਵੰਤ ਨੇ ਕੁਰੱਖ਼ਤ ਜਿਹੀਆਂ ਨਜ਼ਰਾਂ ਚੁੱਕੀਆਂ। ਸ਼ੀਤਲ ਚਾਹੁਣ 'ਤੇ ਵੀ ਅੱਖਾਂ ਖੁੱਲ੍ਹੀਆਂ ਨਾ ਰੱਖ ਸਕੀ।

ਸ਼ੀਤਲ ਦਾ ਸਾਹ 'ਚ ਸਾਹ ਆਇਆ। ਜਦ ਜਸਵੰਤ ਨੇ ਅੱਗੇ ਵਧ ਕੇ ਉਸ ਦਾ ਮੋਢਾ ਪਲੋਸਿਆ।

"ਸਿਹਤ ਠੀਕ ਹੈ?" ਜਸਵੰਤ ਨੇ ਬੈਠਦਿਆਂ ਪੁੱਛਿਆ।

ਸ਼ੀਤਲ ਚਾਹ ਕਹਿ ਕੇ ਆਈ ਤਾਂ ਮੈਡਮ ਨੂੰ ਵੀ ਦੱਸ ਆਈ।

"ਪ੍ਰਿੰਸੀਪਲ ਨੇ ਪਤਾ ਨਹੀਂ ਕਿਉਂ ਬੁਲਾਇਆ ਸੀ?" ਜਸਵੰਤ ਨੇ ਚਾਹ ਪੀਂਦਿਆਂ ਪੁੱਛਿਆ।

ਸ਼ੀਤਲ ਹੋਰ ਕੰਬ ਗਈ, ਬਾਹਰ ਖੜ੍ਹੀ ਮੈਡਮ ਨੇ ਗੱਲ ਸੁਣ ਲਈ ਤੇ ਉਹ ਸਿੱਧੀ ਪ੍ਰਿੰਸੀਪਲ ਦੀ ਕੋਠੀ 'ਚ ਪਹੁੰਚ ਗਈ।

"ਆਪ ਨੇ ਸ਼ੀਤਲ ਕੇ ਘਰ ਵਾਲੋਂ ਕੋ ਬੁਲਾਇਆ ਹੈ?"

"ਆਪ ਸੇ ਮਤਲਬ?" ਪ੍ਰਿੰਸੀਪਲ ਤਮਕ ਰਹੀ ਸੀ।

"ਮੈਡਮ ਪ੍ਰਿੰਸੀਪਲ ਯੰਗ ਏਜ ਮੇਂ ਲੜਕੀਆਂ ਗਲਤੀ ਕਰ ਬੈਠੇਂ ਤੋ ਉਸ ਕੀ ਸਜ਼ਾ ਗੋਲੀ ਨਹੀਂ ਹੋਣੀ ਚਾਹੀਏ।"

"ਆਪ ਕੁਛ ਬੀ ਕਹੇਂਗੇ-ਸ਼ੀਤਲ ਕੋ ਇਸੀ ਹੋਸਟਲ ਮੇਂ ਗੋਲੀ ਮਾਰ ਦੀ ਜਾਏਗੀ।"

"ਉਹ ਐਸਾ-ਐਸਾ ਨਹੀਂ ਹੋਣਾ ਚਾਹੀਏ।"

"ਜੀ ਹਾਂ-ਐਸਾ ਨਹੀਂ ਹੋਣਾ ਚਾਹੀਏ।"

"ਆਪ ਨਹੀਂ ਜਾਣਤੇ, ਉਸ ਕੇ ਘਰ ਵਾਲੇ ਕਿਤਨੇ ਕੁਰੱਖ਼ਤ ਹੈਂ- ਜ਼ਰਾ ਸੀ ਬਾਤ ਪਰ ਗੋਲੀ ਚਲਾਤੇ ਹੈਂ।"

ਪ੍ਰਿੰਸੀਪਲ ਜ਼ਾਹਰਾ ਤੌਰ 'ਤੇ ਡਰ ਗਈ ਸੀ। ਉਸ ਦੇ ਹੱਥ, ਪੈਰ ਸਭ ਕੁਛ ਕੰਬਣ ਲੱਗ ਪਿਆ ਸੀ।

ਉਹ ਡਰ ਗਈ-ਸਾਹਮਣੇ ਜਸਵੰਤ ਖੜ੍ਹਾ ਸੀ। ਛੇ ਫੁੱਟੇ ਜਵਾਨ ਦੇ ਮੋਢੇ ਲਟਕਦਾ ਮਾਊਜ਼ਰ ਤਕ ਕੇ ਪ੍ਰਿੰਸੀਪਲ ਦੇ ਹੋਸ਼ ਗੁੰਮ ਹੋ ਗਏ। ਸ਼ੀਤਲ ਬਰਾਬਰ ਭਿੱਜੀ ਘੁੱਗੀ ਵਾਂਗ ਖੜ੍ਹੀ ਸੀ-ਜਿਵੇਂ ਦੋਸ਼ਣ ਮੌਤ ਦੀ ਸਜ਼ਾ ਸੁਣਨ ਵਾਸਤੇ ਆਈ ਸੀ। ਉਸ ਦੀਆਂ ਨਜ਼ਰਾਂ ਨਹੀਂ ਉਠ ਰਹੀਆਂ ਸਨ। ਜਸਵੰਤ ਉਸੀ ਤਰ੍ਹਾਂ ਬਘਿਆੜ ਵਾਂਗ ਝਾਕ ਰਿਹਾ ਸੀ।

ਪ੍ਰਿੰਸੀਪਲ ਧੜੰਮ ਕਰਕੇ ਕੁਰਸੀ 'ਤੇ ਡਿੱਗ ਪਈ। ਮੈਡਮ ਪ੍ਰੋਫੈਸਰ ਨੇ ਉਸਦੇ ਮੂੰਹ ਨੂੰ ਪਾਣੀ ਲਾਇਆ।

"ਕਦੇ ਕਦੇ ਦਿਲ ਦਾ ਦੌਰਾ ਪੈ ਜਾਂਦੈ।" ਮੈਡਮ ਜਸਵੰਤ ਨੂੰ ਦੱਸ ਰਹੀ ਸੀ।

ਉਹ ਸਹਿਜੇ ਹੀ ਕੁਰਸੀ ਤੇ ਬੈਠ ਗਿਆ। ਵੱਡਾ ਸਾਰਾ ਮਾਊਜ਼ਰ ਉਸ ਦੇ ਪੱਟਾਂ 'ਤੇ ਪਿਆ ਸੀ।

ਪ੍ਰਿੰਸੀਪਲ ਨੂੰ ਹੋਸ਼ ਆ ਗਈ।

"ਆਪ ਨੇ ਮੁਝੇ ਬੁਲਾਇਆ ਥਾ।" ਜਸਵੰਤ ਸਿਰ ਚੜ੍ਹਿਆ ਖੜ੍ਹਾ ਸੀ।

"ਜੀ ਹਾਂ।" ਪ੍ਰਿੰਸੀਪਲ ਸੰਭਲ ਗਈ ਸੀ। "ਕੋਈ ਖ਼ਾਸ ਬਾਤ ਨਹੀਂ ਥੀ। ਬਸ ਐਸੇ ਹੀ।"

ਸ਼ੀਤਲ ਤੇ ਮੈਡਮ ਦੇ ਸਾਹ 'ਚ ਸਾਹ ਪਿਆ।

"ਲੇਕਨ ਲੈਟਰ ਅਰਜੈਂਟ ਥਾ।"

"ਗਲਤੀ ਸੇ ਚਲਾ ਗਿਆ-ਦਰਅਸਲ ਹਮ ਏਕ ਵਾਰ ਪੇਰੈਂਟਸ ਕੋ ਬੁਲਾਤੇ ਹੈ ਤਾਂਕਿ ਪਤਾ ਚਲੇ ਕੋਈ ਤਕਲੀਫ਼ ਤੋ ਨਹੀਂ।"

"ਮੈਂ ਸਮਝਾ ਕੋਈ ਖ਼ਾਸ ਬਾਤ ਹੈ।" ਜਸਵੰਤ ਵੱਡਾ ਸਾਰਾ ਹਾਸਾ ਹੱਸਿਆ।

"ਨਹੀਂ, ਕੋਈ ਖਾਸ ਬਾਤ ਨਹੀਂ। ਬਾਕੀ ਸ਼ੀਤਲ ਸੇ ਪੂਛ ਲੇਨਾ।" ਪ੍ਰਿੰਸੀਪਲ

ਖਹਿੜਾ ਜਿਹਾ ਛੁਡਾ ਕੇ ਤੁਰ ਗਈ। ਉਹ ਇਸ ਤਰ੍ਹਾਂ ਤੁਰੀ ਜਾ ਰਹੀ ਸੀ, ਜਿਵੇਂ ਉਸ ਦਾ ਸਿਰ ਚਕਰਾ ਰਿਹਾ ਸੀ ਤੇ ਕਦਮ ਡਗਮਗਾ ਰਹੇ ਸਨ।

"ਹੋਰ ਕੁੜੀਏ-ਨਾਮੇਂ ਸ਼ਾਮੇ ਦੀ ਲੋੜ ਹੈ?"

"ਇਹ ਵੀ ਪੁੱਛਣ ਵਾਲੀ ਗੱਲ ਹੈ। ਮੈਡਮ ਮਾਹੌਲ ਖ਼ੁਸ਼-ਗੰਵਾਰ ਬਨਾਣਾ ਚਾਹੁੰਦੀ ਸੀ।

ਜਸਵੰਤ ਬਾਘੜ ਬਿੱਲੇ ਵਰਗੀਆਂ ਅੱਖਾਂ ਨਾਲ ਮੂਨ ਵਰਗੀ ਮੈਡਮ ਵੱਲ ਝਾਕਿਆ-ਹੱਸਿਆ-ਕਿਤੇ ਸਾਡੇ ਖੇਤਾਂ 'ਚ ਟੱਕਰ ਜੇ-ਉਸ ਨੇ ਮਨ 'ਚ ਕਿਹਾ।

ਉਸ ਨੇ ਵਾਸਕਟ ਵਿਚੋਂ ਡੇਢ ਫੁੱਟ ਲੰਮਾ ਬਟੂਆ ਕੱਢਿਆ-ਰੁੱਗ ਭਰਕੇ ਨੋਟ ਕੱਢੇ।

"ਕਿੰਨੇ ਚਾਹੀਦੇ ਐ?"

"ਨਾ ਕਿੰਨੇ ਪੁੱਛਣ ਦੀ ਲੋੜ ਹੈ।" ਮੈਡਮ ਫੇਰ ਹੱਸ ਪਈ।

ਜਸਵੰਤ ਉਸ ਵੱਲ ਫੇਰ ਝਾਕਿਆ। "ਕਿਤੇ ਸੜਕ 'ਤੇ ਜਾਂਦੀ ਟੱਕਰ ਜੇ।" ਉਸ ਨੇ ਮਨ 'ਚ ਕਿਹਾ ਤੇ ਰੁੱਗ ਦਾ ਰੁੱਗ ਸ਼ੀਤਲ ਦੀ ਝੋਲੀ 'ਚ ਸੁੱਟ ਦਿੱਤਾ। ਜਸਵੰਤ ਝਾਕਦਾ ਹੀ ਰਿਹਾ।

"ਮੈਂ ਸ਼ੀਤਲ ਦੀ ਟੀਚਰ ਹਾਂ,"

"ਤੁਹਾਨੂੰ ਮਿਲ ਕੇ ਬਹੁਤ ਖ਼ੁਸ਼ੀ ਹੋਈ।"

ਤੇ ਉਹ ਹੋਸਟਲ ਦੇ ਗੈਸਟ ਰੂਮ ਵਿਚ ਆ ਗਏ।

"ਸ਼ੀਤਲ ਜਾਹ, ਜਾ ਕੇ ਚਾਹ ਲਿਆ।"

ਸ਼ੀਤਲ ਸਮਝ ਗਈ। ਮੈਡਮ ਇਕੱਲੀ ਗੱਲਾਂ ਕਰਨੀਆਂ ਚਾਹੁੰਦੀ ਸੀ।

"ਬੜੇ ਸਖ਼ਤ ਆਦਮੀ ਹੋ?" ਮੈਡਮ ਨੇ ਬੜੇ ਰੁਮਾਂਟਿਕ ਅੰਦਾਜ਼ 'ਚ ਕਿਹਾ।

"ਖੇਤਾਂ 'ਚ ਰਹਿਣ ਵਾਲੇ ਹਾਂ-ਸਖ਼ਤ ਲੋਕਾਂ ਨਾਲ ਵਾਹ ਪੈਂਦੈ।" ਪਰ ਜਸਵੰਤ ਖੇਤਾਂ ਦਾ ਰਿਛ ਮੈਡਮ ਦੇ ਹੱਥ ਨਕੇਲ ਫੜਾਨ ਲਈ ਤਿਆਰ ਸੀ।

"ਸ਼ੀਤਲ ਲਈ ਕੋਈ ਜਗ੍ਹਾ ਦੇਖੀ ਹੈ?"

"ਹਾਂ! ਇਮਤਿਹਾਨ ਖ਼ਤਮ ਹੁੰਦਿਆਂ ਹੀ ਕੰਡਾ ਕੱਢ ਦਿਆਂਗੇ।"

"ਕੀ ਕਰਦੈ ਲੜਕਾ?"

"ਐਸ਼ ਕਰਦੈ-ਹਜ਼ਾਰ ਕਿਲੇ ਦਾ ਮਾਲਕ ਹੈ। ਦੋ ਲੱਖ ਦਾ ਸਾਲਾਨਾ ਨਰਮਾ ਹੀ ਹੁੰਦੈ।"

"ਸ਼ਿਕਾਰ ਵੀ ਕਰਦਾ ਹੋਵੇਗਾ।" ਮੈਡਮ ਜਸਵੰਤ ਦੇ ਕੋਲ ਨੂੰ ਹੋ ਗਈ ਸੀ।

"ਸ਼ਿਕਾਰ ਤਾਂ ਉਸ ਦਾ ਖ਼ਾਨਦਾਨੀ ਪੇਸ਼ਾ ਹੈ।"

"ਸ਼ੀਤਲ ਸ਼ਿਕਾਰੀ ਦੇ ਹੱਥ ਦੇਣ ਵਾਲੀ ਨਹੀਂ।"

ਸ਼ੀਤਲ ਆ ਗਈ ਸੀ।

"ਸ਼ੀਤਲ ਕੁਛ ਖਾਣ ਨੂੰ ਵੀ ਲਿਆ।"

ਸ਼ੀਤਲ ਤੁਰ ਗਈ।

"ਕੀ ਗੱਲਾਂ ਕਰਦਾ ਓ ਜੀ-ਸ਼ਿਕਾਰ ਸ਼ਾਹੀ ਸ਼ੌਕ ਹੈ।"

"ਇਸ ਕਰ ਕੇ ਹੀ ਕਹਿ ਰਹੀ ਹਾਂ-ਅਜਿਹੇ ਸ਼ਿਕਾਰੀਆਂ ਦੇ ਸ਼ਾਹੀ ਸ਼ੌਕ 'ਚ ਸ਼ੀਤਲ ਵਰਗੀਆਂ ਰੂਹਾਂ ਦੇ ਸੁਖ ਦੀ ਬਲੀ ਚੜ੍ਹ ਜਾਂਦੀ ਹੈ।"

"ਤੁਹਾਡਾ ਮਤਲਬ ਕਿਸੇ ਐਰ ਗ਼ੈਰ ਨਾਲ ਕੁੜੀ ਵਿਆਹ ਦੇਈਏ ?"

"ਨਹੀਂ-ਕਿਸੇ ਪੜ੍ਹੇ ਲਿਖੇ ਨੇਕ ਚਲਨ ਲੜਕੇ ਨਾਲ।"

"ਨਹੀਂ ਜੀ-ਇਨ੍ਹਾਂ ਕਤਾਬੜੀਆਂ ਵਾਲਿਆਂ ਪਾਸ ਚਾਰ ਚਿੱਟੇ ਕੱਪੜਿਆਂ ਤੋਂ ਵੱਧ ਕੀ ਹੁੰਦੈ।"

ਮੈਡਮ ਸਮਝ ਗਈ, ਮੋਟੀ-ਮੱਝ ਦੀ ਖਲ 'ਚ ਬਰੀਕ ਗੱਲ ਨਹੀਂ ਵੜ ਸਕਦੀ ਸੀ।

"ਤੂੰ ਵਿਆਹ ਕਰਾਇਐ ?" ਜਸਵੰਤ ਨੇ ਅੱਖ ਮਾਰ ਕੇ ਹੌਲੀ ਕੁ ਪੁੱਛਿਆ।

ਮੈਡਮ ਅੰਦਰ ਹੀ ਅੰਦਰ ਹੱਸ ਪਈ ਤੇ "ਨਹੀਂ" 'ਚ ਸਿਰ ਫੇਰ ਦਿੱਤਾ। ਜਸਵੰਤ ਹੋਰ ਵੀ ਹਾਬੜਿਆਂ ਵਾਂਗ ਝਾਕਿਆ। ਜਸਵੰਤ ਦਾ ਦਿਲ ਕਰਦਾ ਸੀ ਪੁਤਲੀ ਜਿਹੀ ਮੈਡਮ ਨੂੰ ਬਟੂਏ 'ਚ ਬੰਦ ਕਰ ਕੇ ਲੈ ਜਾਏ-ਭਾਵੇਂ ਸਾਰੀ ਉਮਰ ਪਾਣੀ ਭਰਾਈ ਜਾਏ-ਸੇਵਾ ਕਰਾਈ ਜਾਏ-ਟੰਗਾਂ ਘੁਟਾਈ ਜਾਏ।

ਪਰ ਜਸਵੰਤ ਦੀ ਪੇਸ਼ ਨਹੀਂ ਜਾ ਰਹੀ ਸੀ।

"ਕੀ ਵਿਚਾਰ ਹੈ ?" ਜਸਵੰਤ ਨੇ ਪੁੱਛਿਆ।

"ਠੀਕ ਹੈ-ਫੇਰ ਕਦੋਂ ਮਿਲਣੈ ?" ਮੈਡਮ ਨੂੰ ਜੰਗਲੀ ਅੱਖਾਂ 'ਚ ਮਿੱਠਾ ਜਿਹਾ ਝਾਕਦਿਆਂ ਪੁੱਛਿਆ।

"ਜਦ ਕਹੋਂ"

"ਅੱਧੀ ਰਾਤ ਨੂੰ।"

"ਅਗਲੇ ਹਫ਼ਤੇ।" ਮੈਡਮ ਨੇ ਆਪਣਾ ਸਿਰਨਾਵਾਂ ਦੇ ਦਿੱਤਾ।

ਸ਼ੀਤਲ ਚਾਹ ਤੇ ਖਾਣ ਦਾ ਸਾਮਾਨ ਲੈ ਕੇ ਆ ਗਈ।

ਸ਼ੀਤਲ ਹੈਰਾਨ ਸੀ ਕਿ ਰਿੱਛ ਤੁਣਕੇ 'ਤੇ ਨੱਚ ਰਿਹਾ ਸੀ। ਕੌੜ ਊਠ ਕਿਸੇ ਨਾਚ ਨਾਲ ਇਕ ਸੁਰ ਹੋਇਆ ਬੈਠਾ ਸੀ।

"ਉਦਾਸ ਨਾ ਰਿਹਾ ਕਰ-ਸੁਣਿਆਂ ਈ-ਸ਼ੁਦੈਣ।" ਖ਼ੁਸ਼ੀ ਜਸਵੰਤ ਦੀਆਂ ਬਾਛਾਂ ਰਾਹੀ ਬਾਹਰ ਡੁੱਲ੍ਹ ਰਹੀ ਸੀ।

ਸ਼ੀਤਲ ਤੇ ਮੈਡਮ ਜਸਵੰਤ ਨੂੰ ਗੇਟ ਤਕ ਛੱਡਣ ਗਈਆਂ। ਜਸਵੰਤ ਮੈਡਮ ਦੇ ਐਸੀ ਕਰੜੀ ਚੂੰਢੀ ਭਰ ਗਿਆ ਸੀ ਕਿ ਸਾਰਾ ਦਿਨ ਉਸ ਦਾ ਮਾਸ ਚਸਕਦਾ ਰਿਹਾ।

"ਮੈਡਮ ਜੀ ਇਹ ਤੁਸੀਂ ਕੀ ਕੀਤਾ ?"

"ਸ਼ੀਤਲ ਜੇਕਰ ਜਿੰਦ ਕਿਸੇ ਦੇ ਕੰਮ ਆ ਸਕੇ-ਖੱਲ ਦੀਆਂ ਜੁੱਤੀਆਂ ਬਣ ਸਕਣ ਤਾਂ ਜੀਵਨ ਸਫ਼ਲ ਹੋ ਜਾਂਦੈ।"

"ਪਰ ਅਜਿਹੀ ਕੁਰਬਾਨੀ-ਕੌਣ ਬਰਦਾਸ਼ਤ ਕਰੇਗਾ ?"

"ਬਰਦਾਸ਼ਤ ਕਰਨ ਦੀ ਗੱਲ ਨਹੀਂ ਸ਼ੀਤਲ। ਤੁਹਾਡੀ ਕਹਾਣੀ ਬਹੁਤ ਉਲਝੀ ਕਹਾਣੀ ਹੈ। ਸ਼ਿਕਾਰ ਦਾ ਸ਼ੌਕ ਰੱਖਣ ਵਾਲੇ ਰਿੱਛਾਂ ਦੇ ਦਿਮਾਗ 'ਚ ਕਲਾ ਜਾਂ

ਪੜ੍ਹਾਈ ਵਰਗੀ ਸੂਖ਼ਮ ਚੀਜ਼ ਨਹੀਂ ਵੜ ਸਕਦੀ।"

ਸ਼ੀਤਲ ਬੇ-ਸਾਹ ਹੋ ਗਈ ਸੀ।

ਬਹੁਤ ਦੇਰ ਚੁੱਪ ਤਣੀ ਰਹੀ। ਮੈਡਮ ਹਮੇਸ਼ਾ ਹੀ ਚੜ੍ਹਦੀਆਂ ਕਲਾਂ 'ਚ ਰਹਿਣ ਵਾਲੀ, ਸਚਾਈ ਨਾਲ ਟਕਰਾ ਕੇ ਬੌਂਦਲ ਗਈ ਸੀ। ਸਾਹਮਣੇ ਸਾਗਰ ਹੀ ਸਾਗਰ ਸੀ। ਪਾਣੀ ਹੀ ਪਾਣੀ। ਕੋਈ ਕਿਨਾਰਾ ਨਹੀਂ ਸੀ।

ਦੋ ਪੰਛੀ ਕਲੋਲਾਂ ਕਰ ਰਹੇ ਸਨ। ਮੂਨ ਤਿੱਤਰ-ਮੁਰਗਾਬੀਆਂ ਲਿਖਾਏ ਸਿੰਙਾਂ ਵਾਲੇ ਹਿਰਨ ਨਾਲ ਲਾਡੀਆਂ ਕਰ ਰਹੀ ਸੀ। ਅਚਾਨਕ ਬੰਦੂਕ ਚੱਲੀ। ਹਿਰਨ ਥਾਂ 'ਤੇ ਹੀ ਢੇਰੀ ਹੋ ਗਿਆ। ਮੂਨ ਢਾਹ ਮਾਰ ਕੇ ਮੁੱਕ ਗਈ।

ਮੈਡਮ ਦੀ ਚੀਕ ਨਿਕਲ ਗਈ।

"ਕੀ ਹੋਇਆ ਮੈਡਮ ਜੀ।" ਸ਼ੀਤਲ ਨੇ ਘਬਰਾ ਕੇ ਪੁੱਛਿਆ।

"ਕੁਛ ਨਹੀਂ ਸ਼ੀਤਲ। ਅਚਾਨਕ ਤਬੀਅਤ ਖ਼ਰਾਬ ਹੋ ਗਈ।"

ਮੈਡਮ ਨੂੰ ਬੁਖ਼ਾਰ ਚੜ੍ਹ ਚੁੱਕਿਆ ਸੀ।

ਅਗਲੇ ਦਿਨ ਮੈਡਮ ਦਾ ਬੁਖ਼ਾਰ ਲੱਥਾ। ਮਨ ਨੂੰ ਝਟਕਾ ਲੱਗਿਆ ਸੀ ਪਰ ਉਹ ਸਦਾ ਵਾਂਗ ਖਿੜ ਉੱਠੀ। ਦਲੇਰ ਆਸ ਨੇ ਉਸ ਨੂੰ ਨਵਾਂ ਨਰੋਆ ਕਰ ਦਿੱਤਾ।

ਪਰ ਉਹ ਭੁੱਲ ਚੁੱਕੀ ਸੀ ਕਿ ਇਹ ਸੰਤਾਪ ਬੇਗਾਨਾ ਸੀ ਜਿਹੜੀ ਉਹ ਆਪਣੇ ਪਿੰਡੇ 'ਤੇ ਹੰਢਾ ਰਹੀ ਸੀ। ਰਣਜੀਤ ਨੂੰ ਉਸ ਨੇ ਕਦੇ ਬੇਗਾਨਾ ਨਹੀਂ ਸਮਝਿਆ ਸੀ। ਉਸ ਨੂੰ ਉਹ ਪਾ ਨਹੀਂ ਸਕੀ ਸੀ, ਪਰ ਉਸ ਲਈ ਕੁਛ ਕਰ ਕੇ ਮਰਨਾ ਚਾਹੁੰਦੀ ਸੀ।

ਮੈਡਮ ਨੇ ਵਾਪਸ ਆਉਣਾ ਸੀ। ਸ਼ੀਤਲ ਦਾ ਦਿਲ ਖੁੱਸਦਾ ਸੀ।

"ਮੈਡਮ ਜੀ ਇਕ ਦਿਨ ਹੋਰ ਰਹਿ ਜਾਓ।"

"ਸ਼ੀਤਲ ਮੈਂ ਫਿਰ ਆਵਾਂਗੀ।"

"ਮੈਂ ਉਡੀਕ ਕਰਾਂਗੀ।"

"ਹਰ ਗੱਲ ਭੁੱਲ ਕੇ ਪੜ੍ਹਾਈ ਕਰ-ਐਮ.ਏ. ਤੇਰੇ ਲਈ ਬਹੁਤ ਜ਼ਰੂਰੀ ਹੈ।"

"ਮੈਂ ਮਨ ਲਾ ਕੇ ਪੜ੍ਹਾਂਗੀ ਮੈਡਮ ਜੀ।"

"ਦੇਖ ਤੇਰੇ ਸਿਮਿਸਟਰ ਖ਼ਤਮ ਹੋਣ ਤਕ ਤੁਹਾਡੀ ਸ਼ਾਦੀ ਹੋਣੀ ਹੀ ਚਾਹੀਦੀ ਹੈ। ਵਰਨਾ ਤੇਰਾ ਵਿਆਹ ਕਰ ਦਿੱਤਾ ਜਾਵੇਗਾ।"

ਸ਼ੀਤਲ ਡੁਸਕ ਪਈ।

"ਦਿਲ ਛੋਟਾ ਨਾ ਕਰ-ਮੈਂ ਤੁਹਾਡੀ ਸ਼ਾਦੀ ਦੇ ਮਗਰੋਂ ਹੀ ਮਰਾਂਗੀ।"

ਉਹ ਸਹੇਲੀਆਂ ਵਾਂਗ ਜੱਫੀ ਪਾ ਕੇ ਵਿੱਛੜੀਆਂ ਦੂਰ ਤਕ ਟਾਂਗੇ 'ਚ ਮੈਡਮ ਦਾ ਹੱਥ ਹਿਲਦਾ ਰਿਹਾ-ਸ਼ੀਤਲ ਗੇਟ ਤੋਂ ਬਾਹਰ ਨਹੀਂ ਹੋ ਸਕਦੀ ਸੀ। ਗੇਟ ਮੈਨ ਬੜਾ ਚੌਕਸ ਸ਼ੀਤਲ ਨੂੰ ਤਾੜ ਰਿਹਾ ਸੀ।

ਸ਼ੀਤਲ ਦੀਆਂ ਅੱਖਾਂ ਭਰ ਆਈਆਂ। ਉਹ ਚੁੱਪ ਚਾਪ ਕਮਰੇ 'ਚ ਆ ਗਈ ਤੇ ਰਜ਼ਾਈ ਦੱਬ ਕੇ ਲੇਟ ਗਈ,

# 10.

**ਕੱਚ ਵਰਗੀ ਕੁੜਮਣੀ ਮੇਰੀ,**
**ਨੀ ਲੈ ਲੀ ਧੀਏ ਤੇਰੇ ਦੰਦ ਨੇ।**

"ਮੈਨੂੰ ਬੁਲਾਇਆ ਸੀ?" ਰਣਜੀਤ ਨੇ ਪ੍ਰਿੰਸੀਪਲ ਤੋਂ ਪੁੱਛਿਆ।

"ਹਾਂ, ਬੈਠੋ।" ਪ੍ਰਿੰਸੀਪਲ ਨੇ ਬਿਨਾਂ ਉਪਰ ਤੱਕਿਆਂ ਕਿਹਾ।

ਉਹ ਚੋਰ ਅੱਖ ਨਾਲ ਝਾਕਦੀ ਸੀ ਪਰ ਬਰਾਬਰ ਕਾਗ਼ਜ਼ਾਂ ਵਿਚ ਰੁੱਝੀ ਹੋਣ ਦਾ ਬਹਾਨਾ ਕਰ ਰਹੀ ਸੀ।

ਰਣਜੀਤ ਨੇ ਸੋਚਿਆ ਕਿ ਖ਼ੈਰ ਨਹੀਂ ਸੀ। ਅਫ਼ਸਰ ਦੇ ਤੌਰ ਕੁਛ ਬਦਲੇ ਬਦਲੇ ਸਨ। ਸ਼ਾਇਦ ਨੈਂ ਲੰਘੀ ਤੋਂ ਖਵਾਜਾ ਵਿਸਰ ਗਿਆ ਸੀ। ਉਹ ਜ਼ਰੂਰ ਬਦਲਾ ਲਏਗੀ-ਰਣਜੀਤ ਸੋਚ ਰਿਹਾ ਸੀ।

"ਮੈਨੂੰ ਇਕ ਸ਼ਿਕਾਇਤ ਹੈ।"

"ਜੀ!"

"ਹਰ ਮੈਂਬਰ ਦਾ ਫਰਜ਼ ਹੈ ਬੱਚਿਆਂ ਦੇ ਚਲਨ ਦਾ ਧਿਆਨ ਰੱਖੇ।"

"ਠੀਕ ਹੈ।"

"ਫੇਰ ਤੁਸੀਂ ਮੈਨੂੰ ਕਿਉਂ ਨਹੀਂ ਦੱਸਿਆ?"

"ਮੈਂ ਕੁਛ ਸਮਝਿਆ ਨਹੀਂ?"

"ਬਹਾਨੇ ਨਾ ਕਰੋ-ਪਰਸੋਂ ਤੁਸੀਂ ਅੱਡੇ 'ਤੇ ਗਏ ਸੀ ਮੈਡਮ ਨੂੰ ਬੱਸ ਚੜ੍ਹਾਨ ਲਈ।"

"ਜੀ ਮੈਡਮ ਜੀ।" ਰਣਜੀਤ ਦਾ ਗਲ਼ਾ ਖ਼ੁਸ਼ਕ ਹੋ ਗਿਆ ਸੀ।

"ਤੁਸੀਂ ਇਕ ਸਕੂਟਰ ਵਾਲੇ ਬੰਦੇ ਨਾਲ ਹੱਥ ਮਿਲਾਇਆ ਸੀ।"

"ਸ਼ਾਇਦ।"

"ਮੈਨੂੰ ਰਿਪੋਰਟ ਕਿਉਂ ਨਹੀਂ ਕੀਤੀ?"

"ਪਰ ਕਿਸ ਗੱਲ ਦੀ ਰਿਪੋਰਟ ਮੈਡਮ?"

"ਉਹ ਲੜਕੀ ਹੀਰਾ ਸੀ, ਜਿਸ ਨੂੰ ਮਾਪਿਆਂ ਨੇ ਪਿਛਲੇ ਦੋ ਮਹੀਨਿਆਂ ਤੋਂ ਸਾਡੇ ਕਾਲਜ ਪਾਇਆ-ਬਾਹਰ ਜਾਣ ਦੀ ਮਨਾਹੀ ਕੀਤੀ ਕਿਉਂਕਿ ਉਸ ਦਾ ਚਲਨ ਠੀਕ ਨਹੀਂ।"

"ਲਕਿਨ ਮੈਂ ਉਸ ਲੜਕੀ ਦੀ ਸ਼ਕਲ ਨਹੀਂ ਜਾਣਦਾ-ਮੈਂ ਤਾਂ ਅੱਧੀਆਂ ਲੜਕੀਆਂ ਦੀਆਂ ਵੀ ਸ਼ਕਲਾਂ ਨਹੀਂ ਪਹਿਚਾਣ ਸਕਦਾ-ਬਹੁਤ ਵਾਰ ਮੈਂ ਲੜਕੀਆਂ ਨਾਲ ਗੱਲ ਕਰਦਾਂ ਪਰ ਉਸ ਦੀ ਸ਼ਕਲ ਨਹੀਂ ਤੱਕਦਾ।"

"ਇਹ ਸਭ ਕਹਿਣ ਦੀਆਂ ਗੱਲਾਂ ਹਨ-ਤੁਹਾਡਾ ਫ਼ਰਜ਼ ਸੀ ਮੈਨੂੰ ਤੁਰੰਤ ਰਿਪੋਰਟ ਕਰਦੇ।"

"ਮੈਡਮ ਮੈਂ ਪੁੱਛ ਸਕਦਾਂ ਲੜਕੀ ਬਾਹਰ ਕਿਵੇਂ ਚਲੀ ਗਈ?"

"ਨਹੀਂ ਪੁੱਛ ਸਕਦੇ।"

"ਫੇਰ ਇਹ ਮੇਰੀ ਕੋਈ ਡਿਊਟੀ ਨਹੀਂ ਕਿ ਬਾਹਰ ਕੀ ਹੁੰਦੈ ਉਸ ਨੂੰ ਦੇਖ ਕੇ ਤੁਹਾਨੂੰ ਰਿਪੋਰਟ ਕਰਦਾ ਫਿਰਾਂ।"

"ਯੈਸ ਇਟ ਇਜ਼ ਏ ਪਾਰਟ ਆਫ਼ ਯੂਅਰ ਡਿਊਟੀ" ਮੈਡਮ ਇਸ ਤਰ੍ਹਾਂ ਗਰਜ ਰਹੀ ਸੀ ਜਿਵੇਂ ਉਹ ਹੱਥਾਂ ਨਾਲ ਕੁਛ ਕਰ ਬੈਠੇਗੀ। "ਲੇਕਿਨ ਤਦ ਜੇਕਰ ਆਦਮੀ ਦਾ ਆਪਣਾ ਆਚਰਣ ਠੀਕ ਹੋਵੇ।"

"ਮੈਡਮ ਜੀ।" ਰਣਜੀਤ ਚੀਖਿਆ ਸੀ।

"ਯੈੱਸ। ਮਾਈ ਸੀ-ਉਹ ਆਦਮੀ ਨੂੰ ਅੰਦਰ ਭੇਜੋ।"

ਇਕ ਸਰਕਾਰੀ ਤਾਮੀਮ ਕੁਨਿੰਦਾ ਅੰਦਰ ਆਇਆ। ਕੋਈ ਰਜਿਸਟਰਡ ਲੈਟਰ ਰਣਜੀਤ ਦੇ ਨਾਂ ਸੀ। ਮੈਜਿਸਟਰੇਟ ਦੀ ਕਚਹਿਰੀ ਚੋਂ ਆਇਆ ਸੀ।

ਰਣਜੀਤ ਨੇ ਦਸਖ਼ਤ ਕੀਤੇ। ਤਾਮੀਮ ਕੁਨਿੰਦਾ ਚਲਾ ਗਿਆ। ਰਣਜੀਤ ਨੇ ਲਿਫ਼ਾਫਾ ਖੋਲ੍ਹਿਆ। ਉਸ ਦੀ ਧਰਮ ਪਤਨੀ ਨੇ ਕਚਹਿਰੀ 'ਚ ਖ਼ਰਚੇ ਦਾ ਮੁਕੱਦਮਾ ਕੀਤਾ ਸੀ। ਪੰਦਰਾਂ ਦਿਨਾਂ ਨੂੰ ਪੇਸ਼ੀ ਸੀ।

"ਅੰਦਰੋਂ ਅਸਲੀਅਤ ਤਾਂ ਇਹ ਹੈ ਔਰ ਮੈਂ ਆਸ ਕਰਨੀ ਹਾਂ ਕਿ ਮੇਰੇ ਬੱਚਿਆਂ ਦੇ ਆਚਰਨ ਦੀ ਰਾਖੀ ਹੋਵੇ।"

"ਮੈਡਮ ਜੀ ਕਿਸੇ ਦੇ ਹਾਲਾਤ ਦੀ ਖਿੱਲੀ ਨਹੀਂ ਉਡਾਈ ਜਾਂਦੀ।"

"ਲੇਕਨ ਮੈਥੋਂ ਇਹ ਛੁਪਾ ਕੇ ਕਿਉਂ ਰੱਖਿਆ?"

"ਮੈਂ ਕੁਛ ਛੁਪਾ ਕੇ ਨਹੀਂ ਰੱਖਿਆ।"

"ਪਤਨੀ ਨੂੰ ਲਿਆਂਦੇ ਕਿਉਂ ਨਹੀਂ?"

"ਮੇਰੀ ਮਰਜ਼ੀ।"

"ਬਦਚਲਨ ਇਨਸਾਨ ਲਈ ਮੇਰੇ ਇੰਸਟੀਚਿਊਸ਼ਨ 'ਚ ਕੋਈ ਜਗ੍ਹਾ ਨਹੀਂ।"

"ਬਦਚਲਨ ਨਜ਼ਰ ਨੂੰ ਦੁਨੀਆ ਬਦਚਲਨ ਨਜ਼ਰ ਆਉਂਦੀ ਹੈ।"

"ਸ਼ੱਟ-ਅੱਪ।"

"ਯੂ ਸ਼ੱਟ-ਅੱਪ ਔਲਡ ਕਰੇਨ ਯੂ ਆਰ ਕਰੌਸਿੰਗ ਦੀ ਲਿਮਿਟਜ਼।"

ਰਣਜੀਤ ਆਪੇ ਤੋਂ ਬਾਹਰ ਸੀ। ਮੈਂ ਜਾਣਦਾ ਮੈਥੋਂ ਬਦਲਾ ਲਿਆ ਜਾਏਗਾ ਪਰ ਯਾਦ ਰੱਖ ਕਾਠ ਦੀ ਹਾਂਡੀ ਰੋਜ਼ ਰੋਜ਼ ਨਹੀਂ ਚੜ੍ਹਦੀ।

"ਯੂ ਆਰ ਡਿਸਮਿਸਡ ਫਾਰ ਯੂਅਰ ਮਿਸ-ਬੀਹੇ।"

"ਆਈ ਡਾਮ ਕੇਅਰ ਯੂਅਰ ਐਮਪਲਾਇਮੈਂਟ।"

'ਯੂ ਆਰ ਏ ਚਾਰਡਰਲੈੱਸ ਪਰਸਨ।"

"ਡੌਂਟ ਬਾਰਕ।"

ਰਣਜੀਤ ਬਾਹਰ ਆ ਗਿਆ ਸੀ।

"ਤੁਹਾਨੂੰ ਇਸ ਤਰ੍ਹਾਂ ਨਹੀਂ ਬੋਲਣਾ ਚਾਹੀਦਾ ਸੀ।" ਬਜ਼ੁਰਗ ਕਲਰਕ ਨੇ ਕਿਹਾ।

"ਲੇਕਿਨ ਬਜ਼ੁਰਗੋ, ਉਸ ਨੇ ਮੈਨੂੰ ਮਜਬੂਰ ਕਰ ਦਿੱਤਾ।"

"ਫਿਰ ਵੀ ਉਹ ਅਫ਼ਸਰ ਹੈ।"

"ਮੈਂ ਆਪਣੀ ਇੱਜ਼ਤ ਅਫ਼ਸਰਾਂ ਹੱਥੋਂ ਰੁਲਣ ਨਹੀਂ ਦੇਵਾਂਗਾ।"

ਰਣਜੀਤ ਚਲਾ ਗਿਆ।

ਕਲਰਕ ਅੰਦਰ ਗਿਆ। ਪ੍ਰਿੰਸੀਪਲ ਦਾ ਮੂੰਹ ਪੋਂਝੂ ਵਾਂਗ ਸੁਰਖ਼ ਸੀ। ਸਾਹ ਨਾਲ ਸਾਹ ਨਹੀਂ ਰਲਦਾ ਸੀ।

"ਇਸ ਸੀਓਯੂਨਡਰਲ ਦਾ ਰੀਜ਼ਨ ਲਾਓ।"

"ਲੇਕਿਨ ਉਹ ਤਾਂ ਪਾੜ ਦਿੱਤਾ ਸੀ ਮੈਡਮ ਜੀ।"

"ਵਟ ਨਾਨਸੈਂਸ।"

"ਜਨਾਬ ਨੇ ਖ਼ੁਦ ਪਾੜਿਆ ਸੀ।"

ਪ੍ਰਿੰਸੀਪਲ ਗ਼ੁੱਸੇ 'ਚ ਮੁੱਠੀਆਂ ਮੀਚ ਕੇ ਰਹਿ ਗਈ।

## 11.

**ਕੂੜ ਨਿਖੁਟੇ ਨਾਨਕਾ,**
**ਓੜਕ ਸੱਚ ਰਹੀ।**

ਰਣਜੀਤ ਨੂੰ ਮੁਅੱਤਲ ਕਰ ਦਿੱਤਾ ਗਿਆ। ਉਸ ਨੂੰ ਚਾਰਜਸ਼ੀਟ ਕੀਤਾ ਗਿਆ। ਹੇਠ ਲਿਖੇ ਦੋਸ਼ ਸਨ।

1. ਬਦਸਲੂਕੀ।
2. ਹੁਕਮ ਅਦੂਲੀ।
3. ਭੈੜਾ ਚਲਨ।

ਰਣਜੀਤ-ਚਾਰਜਸ਼ੀਟ ਪੜ੍ਹ ਕੇ ਹੱਸ ਪਿਆ। ਗ਼ੁੱਸੇ ਨਾਲ ਪਾਗਲ ਹੋਈ ਪ੍ਰਿੰਸੀਪਲ ਆਪਣੇ ਹੀ ਪੈਰਾਂ 'ਤੇ ਕੁਹਾੜਾ ਮਾਰ ਰਹੀ ਸੀ। ਰਣਜੀਤ ਸ਼ਹਿਰ ਦੇ ਮਸ਼ਹੂਰ ਵਕੀਲ ਪਾਸ ਗਿਆ। ਚਾਰਜਸ਼ੀਟ ਦਿਖਾਈ।

"ਮਿਸਟਰ ਰਣਜੀਤ ਇੱਜ਼ਤ-ਹੱਤਕ ਦਾ ਦਾਅਵਾ ਕਰ ਦਿਓ। ਪ੍ਰਿੰਸੀਪਲ ਦਾ ਸਾਰਾ ਕੋੜਮਾਂ ਹੱਥ ਬੰਨ੍ਹ ਕੇ ਛੁਟੂ।"

ਵਕੀਲ ਬਹੁਤ ਸੁਲਝਿਆ ਸੀ। ਰਣਜੀਤ ਵੀ ਜਾਣਦਾ ਸੀ ਕਿ ਪ੍ਰਿੰਸੀਪਲ ਪਾਸ ਸਬੂਤ ਨਹੀਂ ਸੀ ਕਿ ਉਸ ਨੂੰ ਬਦਚਲਨ ਸਾਬਤ ਕਰ ਸਕੇ।

ਉਹ ਪ੍ਰਿੰਸੀਪਲ ਦੀ ਕੋਠੀ ਚਲਾ ਗਿਆ।

"ਕਿਉਂ ਆਇਐਂ?" ਉਹ ਗ਼ੁੱਸੇ 'ਚ ਹਰ ਅਦਬ ਭੁੱਲ ਚੁੱਕੀ ਸੀ।

"ਘਰ ਆਏ ਦੀ ਬੇਇਜ਼ਤੀ ਕਰਨਾ ਉੱਚੇ ਇਖ਼ਲਾਕ ਦੀ ਨਿਸ਼ਾਨੀ ਨਹੀਂ।"

"ਇਖ਼ਲਾਕ ਦੇ ਮਾਅਨੇ ਦੱਸਣ ਆਇਐਂ?"

"ਨਹੀਂ। ਇਹ ਦੱਸਣ ਆਇਆਂ ਕਿ ਤੁਸੀਂ ਗ਼ਲਤ ਚਾਰਜ ਲਾਏ ਨੇ।"

"ਇਸ ਦਾ ਫ਼ੈਸਲਾ ਕਮੇਟੀ ਕਰੇਗੀ?"

"ਅਦਾਲਤ ਵੀ ਤਾਂ ਕਰ ਸਕਦੀ ਹੈ।"

ਪ੍ਰਿੰਸੀਪਲ ਦਾ ਮੂੰਹ ਅੱਡਿਆ ਰਹਿ ਗਿਆ।

"ਮੈਡਮ ਪ੍ਰਿੰਸੀਪਲ ਜੇਕਰ ਮੈਂ ਇੱਜ਼ਤ-ਹੱਤਕ ਦਾ ਦਾਅਵਾ ਕਰ ਦਿਆਂ, ਲੈਣੇ ਦੇ ਦੇਣੇ ਪੈ ਜਾਣਗੇ।"

"ਰੋਕਿਆ ਕਿਸ ਨੇ ਹੈ।"

"ਅਦਬ ਨੇ-ਮੈਂ ਅਜਿਹੀ ਕੋਈ ਹਰਕਤ ਨਹੀਂ ਕਰਨਾ ਚਾਹੁੰਦਾ ਜਿਸ ਨਾਲ ਤੁਹਾਡਾ ਨੀਚਾ ਦਿਖਾ ਸਕਾਂ।

"ਇਸ ਮਿਹਰਬਾਨੀ ਦਾ ਕਾਰਨ ?"

"ਅਦਬ-ਲੇਕਨ ਮੈਡਮ ਇਹ ਸਾਰਾ ਕੁਛ ਤੁਸੀਂ ਮੈਨੂੰ ਕਾਲਜ 'ਚੋਂ ਕੱਢਣ ਲਈ ਕਰ ਰਹੇ ਹੋ ਨਾ? ਮੈਂ ਵੈਸੇ ਹੀ ਅਸਤੀਫ਼ਾ ਦੇ ਜਾਂਦਾ ਹਾਂ। ਮੈਂ ਇਥੇ ਸੁਖੀ ਹਾਂ ਨਾ ਖ਼ੁਸ਼-ਜਿਥੇ ਇਨਸਾਨ ਸਾਹ ਵੀ ਡਰ ਕੇ ਲਵੇ ਉਸ ਸਵਰਗ ਨਾਲੋਂ ਜਹੱਨਮ ਲੱਖ ਦਰਜੇ ਚੰਗਾ ਹੈ।"

"ਜੋ ਕਮੇਟੀ ਨੂੰ ਚੰਗਾ ਲੱਗੇਗਾ ਕਰੇਗੀ।"

"ਪਰ ਕਮੇਟੀ ਮੈਨੂੰ ਕੱਢ ਨਹੀਂ ਸਕੇਗੀ?"

"ਉਹ ਕਿਸ ਤਰ੍ਹਾਂ।"

"ਯੂਨੀਵਰਸਿਟੀ ਵੀ ਕੋਈ ਤਾਕਤ ਹੈ-ਅੱਛਾ ਮੈਡਮ ਮੈਨੂੰ ਕਹੇ ਸੁਣੇ ਦੀ ਮਾਫ਼ੀ ਦੇਣੀ, ਜੇਕਰ ਮੇਰਾ ਅਸਤੀਫਾ ਤੁਹਾਡਾ ਗੁੱਸਾ ਠੰਢਾ ਕਰ ਸਕੇ ਤਾਂ ਬੁਲਵਾ ਲੈਣਾ।"

ਰਣਜੀਤ ਬਾਹਰ ਆ ਗਿਆ। ਉਹ ਹੈਰਾਨ ਸੀ ਇਤਨੀ ਅਨਾੜੀ ਔਰਤ ਨੂੰ ਪ੍ਰਿੰਸੀਪਲ ਕਿਸ ਨੇ ਬਣਾ ਦਿੱਤਾ ਸੀ। ਫੇਰ ਉਸ ਨੂੰ ਪ੍ਰਧਾਨ ਸਾਹਿਬ ਦੀ ਯਾਰੀ ਦਾ ਧਿਆਨ ਆ ਗਿਆ ਤੇ ਉਹ ਬੇ-ਤਹਾਸ਼ਾ ਹੱਸ ਪਿਆ।

ਅਜੇ ਤਕ ਸਟੂਡੈਂਟਸ ਨੂੰ ਇਸ ਘਟਨਾ ਦਾ ਪਤਾ ਨਹੀਂ ਲੱਗਿਆ ਸੀ।

ਮੈਡਮ ਪ੍ਰੋਫੈਸਰ ਆਈ ਤਾਂ ਸੁਣ ਕੇ ਘਬਰਾ ਗਈ। ਉਹ ਰਣਜੀਤ ਪਾਸ ਪਹੁੰਚ ਗਈ।

"ਇਹ ਨਵੀਂ ਆਫ਼ਤ ਕਿਵੇਂ ਆ ਗਈ?"

ਰਣਜੀਤ ਨੇ ਸਾਰੀ ਹੀਰ ਕਹਿ ਸੁਣਾਈ।

"ਡਰੋ ਨਾ-ਇਸ ਕੁੜੀ ਦੀ ਸ਼ਾਮਤ ਆਈ ਸਮਝੋ।"

ਗੁੱਸੇ 'ਚ ਮੈਡਮ ਕੀ ਬੋਲ ਗਈ-ਉਸ ਨੂੰ ਖ਼ੁਦ ਪਤਾ ਨਹੀਂ ਲੱਗਿਆ।

"ਸਟੂਡੈਂਟਸ ਕਾਲਜ ਦੀ ਇੱਟ ਨਾਲ ਇੱਟ ਵਜਾ ਦੇਣਗੇ।" ਮੈਡਮ ਨੇ ਕਿਹਾ।

"ਨਹੀਂ ਮੈਡਮ ਆਪਾਂ ਇਹ ਤਰੀਕਾ ਨਹੀਂ ਅਪਨਾਣਾ। ਲੜਾਈ ਕਰਨੀ ਫੇਰ ਉਸੀ ਜਗ੍ਹਾ ਰਹਿਣਾ-ਠੀਕ ਨਹੀਂ ਲਗਦਾ-ਆਪਾਂ ਨੂੰ ਸਰਵਿਸ ਦੀ ਕਮੀ ਨਹੀਂ।"

"ਪਰ ਹਾਰ ਮੰਨਣਾ।"

"ਹਾਰ ਮੰਨਣਾ ਹੀ ਵੱਡੀ ਜਿੱਤ ਹੈ। ਫੇਰ ਦੇਖੋ ਕਮੇਟੀ ਕੀ ਕਰਦੀ ਹੈ।"

ਚੁਗ਼ਲ ਔਰਤਾਂ ਨੂੰ ਰਣਜੀਤ ਖ਼ਿਲਾਫ ਜੀਭ ਦਾ ਜੇਰਾ ਲਾਹੁਣ ਦਾ ਚੰਗਾ ਮੌਕਾ ਮਿਲ ਗਿਆ। ਸਟੂਡੈਂਟਸ ਵਿਚ ਹਿਲਜੁਲ ਮਚ ਗਈ ਸੀ ਪਰ ਕੁਛ ਤਾਂ ਘਰ

ਗਏ ਸਨ ਤੇ ਦੂਜਾ ਮੈਡਮ ਪ੍ਰੋਫੈਸਰ ਨੇ ਉਨ੍ਹਾਂ ਨੂੰ ਚੁੱਪ ਰਹਿਣ ਲਈ ਸਮਝਾ ਦਿੱਤਾ ਸੀ।

ਕਮੇਟੀ ਦੀ ਮੀਟਿੰਗ ਹੋਈ।

ਰਣਜੀਤ ਨੂੰ ਬੁਲਾਇਆ ਗਿਆ। ਪ੍ਰਧਾਨ ਦਾ ਮੱਥਾ ਤਿਊੜੀਆਂ ਨਾਲ ਭਰਿਆ ਹੋਇਆ ਸੀ।

"ਮਿਸਟਰ ਰਣਜੀਤ ਤੁਸਾਂ ਮੈਡਮ ਪ੍ਰਿੰਸੀਪਲ ਨਾਲ ਬਦਸਲੂਕੀ ਕੀਤੀ?"

"ਜੀ ਹਾਂ।"

"ਤੁਸਾਂ ਹੁਕਮ ਅਦੂਲੀ ਕੀਤੀ?"

"ਜੀ ਹਾਂ ਕੀਤੀ।"

"ਤੁਹਾਡਾ ਚਾਲਚਲਨ ਠੀਕ ਨਹੀਂ ਹੈ?"

"ਜੀ ਹਾਂ-ਮੈਂ ਬਦਚਲਣ ਹਾਂ।"

ਪ੍ਰਧਾਨ ਸਾਹਿਬ ਦੇ ਚਿਹਰੇ 'ਤੇ ਖ਼ੁਸ਼ੀ ਆ ਗਈ।

"ਕੇਸ ਸਭ ਦੇ ਸਾਹਮਣੇ ਹੈ-ਜੋ ਸਜ਼ਾ ਹੈ ਦੇ ਦਿੱਤੀ ਜਾਏ।"

ਪ੍ਰਧਾਨ ਜਿਵੇਂ ਆਪਣਾ ਫ਼ਰਜ਼ ਨਿਭਾ ਚੁੱਕਿਆ ਸੀ।

"ਹਾਂ ਅੱਜ ਫ਼ੈਸਲਾ ਹੋਣਾ ਹੀ ਚਾਹੀਦਾ ਹੈ।" ਕਿਸੇ ਬਹੁਤ ਸੰਜੀਦਾ ਮੈਂਬਰ ਨੇ ਕਿਹਾ।

"ਕੀ ਫ਼ੈਸਲਾ ਕੀਤਾ ਜਾਵੇ?" ਇਕ ਹੋਰ ਨੇ ਸਾਰਿਆਂ ਪਾਸੋਂ ਪੁੱਛਿਆ।

ਰਣਜੀਤ ਅਡੋਲ ਹੀ ਬੈਠਾ ਸੀ ਜਿਵੇਂ ਉਸ ਨੂੰ ਕਿਸੇ ਵੀ ਫ਼ੈਸਲੇ ਦਾ ਭੈ ਨਹੀਂ ਸੀ।

"ਪ੍ਰਿੰਸੀਪਲ ਨੂੰ ਹਟਾ ਦਿੱਤਾ ਜਾਵੇ।"

ਮੈਂਬਰ ਦੀ ਅਜੀਬ ਗੱਲ ਝੂਠ ਜਾਪੀ।

"ਆਪ ਕੀ ਕਹਿ ਰਹੇ ਹੈਂ?" ਪ੍ਰਧਾਨ ਨੇ ਪੁੱਛਿਆ।

"ਔਰ ਅੱਜ ਤੋਂ ਆਪ ਵੀ ਅਹੁਦੇ 'ਤੇ ਨਹੀਂ ਰਹਿ ਸਕਦੇ। ਪ੍ਰਿੰਸੀਪਲ ਕੀ ਹੈ-ਕੀ ਕਰਦੀ ਹੈ-ਇਹ ਨੌਜਵਾਨ ਕਿਸ ਗੁਣ ਦਾ ਮਾਲਕ ਹੈ, ਮੈਂ ਚੰਗੀ ਤਰ੍ਹਾਂ ਜਾਣਦਾ ਹਾਂ-ਇਸ ਤਰ੍ਹਾਂ ਦੀਆਂ ਪ੍ਰਿੰਸੀਪਲ ਸੈਂਕੜੇ ਮਿਲਣਗੀਆਂ ਪਰ ਇਸ ਵਰਗਾ ਵਿਦਵਾਨ ਟੀਚਰ ਨਹੀਂ ਮਿਲ ਸਕੇਗਾ- ਕੋਈ ਪੱਖਪਾਤੀ ਕਰੇਗਾ ਤਾਂ ਮੈਂ ਕਾਲਜ ਨੂੰ ਤਾਲਾ ਲਾ ਦਿਆਂਗਾ ਕਿ ਸਭ ਜਾਣਦੇ ਹਨ ਉਸ ਨੇ ਕਮਜ਼ੋਰ ਬੰਦੇ ਕੀ ਬਣਾ ਦਿੱਤੇ ਹਨ?"

ਮੈਂਬਰ ਸੀ, ਜਿਸ ਦੇ ਬਜ਼ੁਰਗ ਨੇ ਕਾਲਜ ਬਣਾਇਆ ਸੀ। ਅਜੇ ਵੀ ਉਨ੍ਹਾਂ ਪਾਸੋਂ ਬੇਅੰਤ ਮਾਇਕ ਸਹਾਇਤਾ ਮਿਲਦੀ ਸੀ।

ਸਾਰੇ ਦੇ ਸਾਰੇ ਚੁੱਪ ਕਰ ਗਏ। ਵਿਚ ਵਿਚ ਮੈਂਬਰ ਬਜ਼ੁਰਗ ਦੀ ਗੱਲ ਦੀ ਹਮਾਇਤ ਕਰਨ ਲੱਗ ਪਏ।

ਪ੍ਰਿੰਸੀਪਲ ਨੇ ਰਣਜੀਤ ਨਾਲ ਸਮਝੌਤਾ ਕਰ ਲਿਆ। ਕਹਾਣੀ ਖ਼ਤਮ ਹੋ ਗਈ।

ਇਹ ਜਿੱਤ ਨਹੀਂ ਰਣਜੀਤ ਨੂੰ ਹਾਰ ਮਹਿਸੂਸ ਹੋ ਰਹੀ ਸੀ। ਉੱਕਾ ਹੀ ਦਿਲ ਨਹੀਂ ਕਰਦਾ ਸੀ ਉਹ ਇਸ ਕਾਲਜ ਵਿਚ ਰਹੇ। ਪਰ ਕੋਈ ਰਾਹ ਹੀ ਨਹੀਂ ਸੀ।

"ਮੈਡਮ ਮੁਸੀਬਤ ਮਗਰੋਂ ਮੁਸੀਬਤ ਹੈ।"

"ਕੀ ਹੋ ਗਿਆ ਯਾਰ?"

"ਯਾਰ ਦਿਲ ਕਰਦੈ ਤੇਰੇ ਗਲ ਲੱਗ ਕੇ ਰੋ ਲਾਂ।"

"ਆ ਜਾ ਨਾ ਯਾਰ-ਹੰਝੂ ਪੂੰਝਣ ਦਾ ਵੀ ਮਜ਼ਾ ਆ ਜਾਏ।"

ਰਣਜੀਤ ਨੇ ਮੁਕੱਦਮੇ ਦੀ ਕਹਾਣੀ ਦੱਸੀ।

ਮੈਡਮ ਕਿੰਨਾ ਹੀ ਚਿਰ ਚੁੱਪ ਰਹੀ। ਸੋਚਦੀ ਸੀ ਵਿਧਾਤਾ ਉਸ ਦਰਵੇਸ਼ ਮਨੁੱਖ ਤੋਂ ਕੀ ਚਾਹੁੰਦਾ ਸੀ। ਅਜੀਬ ਭਾਗ ਸੀ ਕਿ ਇਕ ਦੌੜ ਮੁੱਕਣ ਦੀ ਆਸ ਹੁੰਦੀ ਸੀ ਦੂਜੀ ਸ਼ੁਰੂ ਹੋ ਜਾਂਦੀ ਸੀ।

"ਕਦੋਂ ਦੀ ਤਾਰੀਖ਼?"

"10 ਅਪ੍ਰੈਲ।"

"ਕੋਈ ਵਕੀਲ ਕੀਤਾ?"

"ਸੋਚਦਾ ਹਾਂ ਨਾ ਕਰਾਂ।"

"ਉਹ ਕਿਉਂ?"

"ਜੋ ਅਦਾਲਤ ਪੁੱਛੇਗੀ ਹਾਂ ਜਾਂ ਨਾਂਹ 'ਚ ਜਵਾਬ ਦੇ ਛੱਡਾਂਗਾ।"

"ਅਗਰ ਕੋਈ ਗ਼ਲਤ ਬਿਆਨੀ ਹੋ ਗਈ।"

"ਭਾਗਾਂ ਦੀ ਗ਼ਲਤ ਬਿਆਨੀ ਨਾਲੋਂ ਵੱਡਾ ਕੀ ਹੋ ਜਾਏਗਾ?"

ਮੈਡਮ ਬੜਾ ਚਿਰ ਚੁੱਪ ਰਹੀ।

"ਰਣਜੀਤ ਕਿਸੇ ਤਰ੍ਹਾਂ ਵੀ ਇਕੱਠੇ ਨਹੀਂ ਰਹਿ ਸਕਦੇ?"

"ਨਹੀਂ ਮੈਡਮ।"

"ਕੋਸ਼ਿਸ਼ ਕਰਨੀ ਸੀ।"

"ਕੀਤੀ ਸੀ।"

"ਫੇਰ।"

"ਭਾਗਾਂ ਨੂੰ ਮਨਜ਼ੂਰ ਨਹੀਂ ਸੀ-ਮੈਡਮ ਮੈਨੂੰ ਕਿਸੇ ਸੁਹਣੇ ਸਰੀਰ ਦੀ ਲੋੜ ਨਹੀਂ ਸੀ-ਸੁਹਣੀ ਸੀਰਤ ਚਾਹੀਦੀ ਸੀ।"

"ਤਾਂ ਕੀ?"

"ਐਸੀ ਕੋਈ ਗੱਲ ਨਹੀਂ।"

"ਰਣਜੀਤ ਵਿਆਹ ਕਿਸ ਤਰ੍ਹਾਂ ਹੋ ਗਿਆ?"

"ਬੜੀ ਲੰਬੀ ਕਹਾਣੀ ਹੈ।"

"ਸੁਣਾਉਗੇ ਨਹੀਂ?"

"ਸੁਣੋ। ਮੈਂ ਮਸਾਂ ਦਸ ਕੁ ਸਾਲ ਦਾ ਸਾਂ, ਮਾਂ ਬਾਪ ਮਰ ਗਏ। ਮੇਰੀ ਚਾਚੀ ਜੀ ਨੇ ਸੰਭਾਲਿਆ-ਵੱਡਾ ਕੀਤਾ......।

ਮੇਰਾ ਚਾਚਾ ਜੀ ਦਾ ਸੁਭਾਅ ਚੰਗਾ ਨਹੀਂ। ਚਾਚੀ ਜੀ ਪੜ੍ਹਨ ਭੇਜ ਦਿੰਦੀ

ਪਰ ਮੈਨੂੰ ਬਰਾਬਰ ਘਰ ਦਾ ਵੀ ਕੰਮ ਕਰਨਾ ਪੈਂਦਾ ਸੀ। ਮੈਂ ਦਸਵੀਂ ਪਾਸ ਕਰ ਲਈਂ ਵਜ਼ੀਫ਼ਾ ਵੀ ਲੱਗ ਪਿਆ।

ਚਾਚਾ ਜੀ ਕਾਲਜ ਭੇਜਣ ਲਈ ਤਿਆਰ ਨਹੀਂ ਸਨ ਪਰ ਕਿਸੇ ਤਰ੍ਹਾਂ ਮੈਂ ਕਾਲਜ ਜੁਆਇਨ ਕਰ ਲਿਆ। ਬੀ.ਏ. ਕਰ ਲਈ। ਹਰ ਸਾਲ ਵਜ਼ੀਫ਼ਾ ਪ੍ਰਾਪਤ ਕੀਤਾ।

ਚਾਚਾ ਜੀ ਦਾ ਕੋਈ ਦੋਸਤ ਸੀ। ਉਹ ਰਿਸ਼ਤਾ ਲੈ ਆਇਆ। ਮੈਂ ਪਿੰਡ ਛੁੱਟੀਆਂ ਕੱਟਣ ਗਿਆ ਸਾਂ ਕਿ ਸ਼ਗਨ ਪੁਆ ਆਇਆ।

ਛੇ ਮਹੀਨੇ ਬਾਅਦ ਜ਼ਬਰਦਸਤੀ ਵਿਆਹ ਕਰ ਦਿੱਤਾ। ਇਹ ਸਾਰਾ ਕੁਛ ਬੀ.ਏ. ਤੋਂ ਪਹਿਲਾਂ ਹੀ ਹੋਇਆ ਸੀ।

"ਸ਼ਾਦੀ ਲਈ ਰਜ਼ਾਮੰਦ ਨਹੀਂ ਹੋਣਾ ਚਾਹੀਦਾ ਸੀ।"

"ਰਜ਼ਾਮੰਦੀ ਦਾ ਸਵਾਲ ਹੀ ਨਹੀਂ। ਪਤਾ ਲੱਗਿਆ ਅਗਲੇ ਦਿਨ ਵਿਆਹੁਣ ਜਾ ਰਹੇ ਹਾਂ। ਭੂਰੇ 'ਚ ਲਪੇਟ ਕੇ ਅਗਲਿਆਂ ਨੇ ਧੀ ਤੋਰ ਦਿੱਤੀ। ਪਤਾ ਲੱਗਿਆ ਬਹੂ ਮੁੰਡੇ ਨਾਲੋਂ ਵੀਹ ਸਾਲ ਵੱਡੀ। ਅੱਜ ਮੇਰੀ ਉਮਰ 25 ਸਾਲ ਹੈ, ਉਹ ਜ਼ਰੂਰ 45 ਸਾਲਾਂ ਦੀ ਹੋਵੇਗੀ। ਮੈਂ ਇਹ ਵੀ ਜਰ ਲੈਂਦਾ-ਪਰ ਮੇਰੀ ਐਮ.ਏ. ਦੀ ਪੜ੍ਹਾਈ ਬੰਦ ਕਰ ਦਿੱਤੀ। ਇੰਗਲਿਸ਼ ਐਮ.ਏ. ਮੇਰਾ ਅਤਿ ਪਿਆਰਾ ਸੁਪਨਾ ਸੀ। ਮੈਂ ਨਹੀਂ ਰੁਕ ਸਕਿਆ। ਚਾਚਾ ਜੀ ਨਾਲ ਝਗੜਾ ਹੋ ਗਿਆ। ਉਸ ਮੈਨੂੰ ਸੋਟਿਆਂ ਨਾਲ ਇਤਨਾ ਮਾਰਿਆ ਕਿ ਜਾਨ ਦੀ ਫ਼ਿਕਰ ਪੈ ਗਈ। ਮੇਰੇ ਪੰਦਰਾਂ ਦਿਨਾਂ 'ਚ ਹਸਪਤਾਲ ਜਾ ਕੇ ਸੱਟਾਂ ਠੀਕ ਹੋਈਆਂ। ਸੱਟਾਂ ਦੇ ਠੀਕ ਹੁੰਦਿਆਂ ਹੀ ਐਮ.ਏ. ਜੁਆਇਨ ਕੀਤੀ। ਮਿਤੀ ਲੰਘ ਚੁੱਕੀ ਸੀ ਪਰ ਵਾਈਸ-ਚਾਂਸਲਰ ਨੇ ਮੇਰਾ ਰਿਕਾਰਡ ਦੇਖ ਕੇ, ਮਜਬੂਰੀ ਸੁਣ ਕੇ ਮੈਨੂੰ ਦਾਖ਼ਲ ਕਰ ਲਿਆ।

ਸ਼੍ਰੀਮਤੀ ਕਹੇ ਯੂਨੀਵਰਸਿਟੀ 'ਚ ਨਾਲ ਰਹਾਂਗੀ-ਉਹ ਵੀ ਸੱਚੀ ਸੀ-ਮੈਂ ਵੀ ਸੱਚਾ ਸੀ-ਝਗੜਾ ਵੱਧ ਗਿਆ। ਚਾਚਾ ਜੀ ਨੇ ਫੇਰ ਹੱਲਾ ਬੋਲ ਦਿੱਤਾ ਪਰ ਇਸ ਵਾਰ ਮੈਂ ਸੱਟਾਂ ਨਾ ਖਾਧੀਆਂ। ਚਾਚਾ ਜੀ ਤੇ ਸ਼੍ਰੀਮਤੀ ਨੇ ਗੰਡਾਸਿਆਂ ਦੇ ਵਾਰ ਕੀਤੇ। ਪਰ ਕੋਈ ਵਸ ਨਾ ਚੱਲਿਆ-ਮੈਂ ਯੂਨੀਵਰਸਿਟੀ 'ਚੋਂ ਪੜ੍ਹ ਕੇ ਅਲੋਪ ਹੋ ਜਾਣਾ। ਟੈਸਟਾਂ 'ਚ ਚੰਗੇ ਨੰਬਰ ਲੈਂਦਾ ਸਾਂ, ਪ੍ਰੋਫੈਸਰ ਨਾਲ ਚੰਗੀ ਡਿਸਕਸ਼ਨ ਕਰਦਾ ਸਾਂ ਕਿ ਸਭ ਦੀ ਨਜ਼ਰ ਦਾ ਕੇਂਦਰ ਬਣ ਗਿਆ। ਮੁੰਡਿਆਂ ਮੇਰੀ ਮਾਇਕ ਮਦਦ ਵੀ ਕਰਨੀ ਸ਼ੁਰੂ ਕਰ ਦਿੱਤੀ। ਬਾਹਰ ਪ੍ਰਾਈਵੇਟ ਜਗ੍ਹਾ ਦਾ ਪ੍ਰਬੰਧ ਕਰ ਦਿੱਤਾ। ਮੇਰਾ ਕਮਰਾ ਮੁੰਡੇ ਕੁੜੀਆਂ ਲਈ ਡਿਸਕਸ਼ਨ ਸੈਂਟਰ ਬਣ ਗਿਆ ਸੀ।

ਐਮ.ਏ. ਕਰ ਲਈ। ਫਸਟ ਆ ਗਿਆ। ਸਾਲ ਭਰ ਅਵਾਰਾ ਤੁਰਿਆ ਫਿਰਿਆ। ਪਿੰਡ ਗਿਆ ਪਰ ਚਾਚਾ ਜੀ ਦਾ ਤੌਰ ਵੇਖ ਕੇ ਵਾਪਸ ਆ ਗਿਆ। ਹੁਣ ਸਾਲੇ ਸਹੁਰੇ ਵੀ ਚਾਚਾ ਜੀ ਨਾਲੋਂ ਵੱਧ ਤਿਆਰ-ਬਰ-ਤਿਆਰ ਸਨ। "ਹਿੱਕ ਦੇ ਜ਼ੋਰ ਨਾਲ ਵਸਾਉਣੀ ਹੈ।"

"ਪੰਜਾਬ ਛਡਾ ਕੇ ਹਟਾਂਗੇ" "ਜਿਥੇ ਮਿਲ ਗਿਆ ਡੱਕਰੇ ਕਰ ਦਿਆਂਗੇ।" ਪੂਰਾ ਵਰ੍ਹਾ ਇਹ ਚੱਕਰ ਚਲਦਾ ਰਿਹਾ। ਅਚਾਨਕ ਉਨ੍ਹਾਂ ਦੀ ਪਿੰਡ 'ਚ ਕਿਸੇ

ਨਾਲ ਲੜਾਈ ਹੋ ਗਈ। ਮੁਕੱਦਮੇ ਤੁਰ ਪਏ। ਉਹ ਉਲਝ ਗਏ। ਮੈਂ ਇਸ ਕਾਲਜ ਨੂੰ ਅਪਲਾਈ ਕਰ ਦਿੱਤਾ, ਮੈਨੂੰ ਜ਼ਰਾ ਵੀ ਉਮੀਦ ਨਹੀਂ ਸੀ ਮੇਰੀ ਸੀਲੈਕਸ਼ਨ ਹੋ ਜਾਏਗੀ। ਇੰਟਰਵਿਊ 'ਤੇ ਦਰਜਨਾਂ ਹੀ ਲੜਕੀਆਂ ਆਈਆਂ ਸਨ। ਮਨਿਸਟਰਾਂ ਦੀਆਂ ਚਿੱਠੀਆਂ ਵੀ ਨਾਲ ਸਨ ਪਰ ਅੰਤ ਜਦ ਮੇਰੀ ਇੰਟਰਵਿਊ ਹੋਈ ਤਾਂ ਗੱਲ ਹੀ ਅਜੀਬ ਬਣ ਗਈ। ਮੈਡਮ-ਪ੍ਰਿੰਸੀਪਲ ਵੀ ਮੇਰੇ ਸਾਹਮਣੇ ਅੰਗਰੇਜ਼ੀ ਬੋਲਦੀ ਘਬਰਾਏ। ਮੈਂ ਤੁਹਾਡੇ ਸਾਹਮਣੇ ਬੈਠਾ ਹਾਂ।"

"ਬੜੀ ਨਿੱਕੀ ਕਹਾਣੀ ਹੈ ਪਰ ਦੁੱਖ ਨਾਲ ਭਰਪੂਰ।"

"ਜੇਕਰ ਇਸ ਤਰ੍ਹਾਂ ਦੇ ਹਾਲਾਤ ਨਾ ਹੁੰਦੇ, ਮੈਂ ਜ਼ਰੂਰ ਉਸ ਨਾਲ ਜ਼ਿੰਦਗੀ ਗੁਜ਼ਾਰ ਲੈਣੀ ਸੀ।"

"ਪਸ਼ੂ ਨਾਲ ਬੱਝ ਕੇ ਜੀਵਨ ਗੁਜ਼ਾਰਨਾ ਕੋਈ ਪੁੰਨ ਨਹੀਂ ਹੈ ਰਣਜੀਤ।"

"ਕਹਿੰਦੇ ਹਨ ਦੁੱਧ ਫਟ ਜਾਏ ਤਾਂ ਕਦੇ ਠੀਕ ਨਹੀਂ ਹੁੰਦਾ।"

"ਟੁੱਟੇ ਦਿਲ ਕਦੇ ਇਕ ਸੁਰ ਨਹੀਂ ਹੋ ਸਕਦੇ।" ਮੈਡਮ ਕਹਿ ਰਹੀ ਸੀ।

"ਪਰ ਹੁਣ ਕਚਹਿਰੀ ਵਿਚ ਡੀਫੈਂਸ ਕੀ ਲੈਣੈ?"

"ਸਚਾਈ ਨਾਲੋਂ ਵੱਡਾ ਕੋਈ ਡੀਫੈਂਸ ਨਹੀਂ ਹੈ ਮੈਡਮ।"

"ਕੁਛ ਸੋਚਿਆ ਤਾਂ ਹੋਵੇਗਾ?"

"ਇਕਬਾਲ ਕਰਾਂਗਾ, ਖਰਚਾ ਦੇਵਾਂਗਾ-ਪਰ ਕਾਸ਼! ਇਹੀ ਸਮਨ ਦੋ ਹਫ਼ਤੇ ਪਹਿਲਾਂ ਆ ਜਾਂਦਾ ਤਾਂ ਮੈਂ ਡੇਹਰਾਦੂਨ ਪਾਪ ਨਾ ਕਰਕੇ ਆਉਂਦਾ।"

"ਤਾਂ ਕੀ ਤੂੰ ਸੋਚਦੈਂ, ਸ਼ੀਤਲ ਤੈਨੂੰ ਭੁੱਲ ਜਾਂਦੀ।"

"ਸ਼ਾਇਦ।"

"ਨਾ ਮੁਮਕਿਨ।"

"ਕਮ-ਅਜ਼-ਕਮ ਮੇਰੇ ਦਿਲ 'ਤੇ ਬੋਝ ਨਾ ਹੁੰਦਾ-ਲੇਕਨ ਮੈਡਮ ਅਸੀਂ ਵਿਆਹ ਕਿਸ ਤਰ੍ਹਾਂ ਕਰ ਸਕਦੇ ਹਾਂ?"

"ਹਾਂ। ਕਾਨੂੰਨਨ ਜੁਰਮ ਹੈ।"

"ਤਾਂ ਕੀ ਕਰਾਂਗੇ। ਭੁਲਾ ਸਕਣ ਵਾਲੀ ਵੀ ਤਾਂ ਕੋਈ ਕਹਾਣੀ ਨਹੀਂ।"

"ਖ਼ੈਰ ਮੁਕੱਦਮਾ ਇਕ ਪਾਸੇ ਨਿਬੇੜੋ ਫਿਰ ਕੁਛ ਸੋਚਾਂਗੇ।"

"ਮੁਕੱਦਮਾ ਤਾਂ ਪਹਿਲੀ ਜਾਂ ਦੂਜੀ ਪੇਸ਼ੀ 'ਤੇ ਖਤਮ ਹੋ ਜਾਵੇਗਾ।"

ਰਣਜੀਤ ਚਲਾ ਗਿਆ।

ਮੈਡਮ ਬੈਠੀ ਸੋਚਦੀ ਰਹੀ। ਅਜੀਬ ਔਰਤ ਸੀ, ਦੂਜੇ ਦੀ ਅੱਗ 'ਚ ਸੜ ਰਹੀ। ਪਰ ਉਸਦਾ ਦਿਲ 'ਤੇ ਕੋਈ ਵਸ ਨਹੀਂ ਸੀ-ਉਸ ਨੇ ਆਪਣੇ ਆਪ ਨੂੰ ਦੱਸਿਆ ਸੀ।

ਚਾਰ ਦਿਨ ਗੁਜ਼ਰ ਗਏ ਸਨ। ਸ਼ੀਤਲ ਦੀ ਮੈਡਮ ਨੂੰ ਚਿੱਠੀ ਵੀ ਆ ਗਈ ਸੀ। ਮੈਡਮ ਜਿਵੇਂ ਸੁੰਨ ਹੋਈ ਫਿਰਦੀ ਸੀ। ਕਹਾਣੀ ਇਤਨੀ ਗੁੰਝਲਦਾਰ ਸੀ ਕਿ ਕੋਈ ਹੱਲ ਸੁੱਝਦਾ ਨਹੀਂ ਸੀ।

ਮਾਈ ਨੇ ਦੱਸਿਆ, ਉਸਨੂੰ ਕੋਈ ਮਿਲਣ ਆਇਆ ਸੀ। ਉਸ ਦੇ ਕੇਸ ਕੁਛ

ਉਲਝੇ ਹੀ ਸਨ ਕਿ ਉਹ ਸ਼ਾਲ ਲਪੇਟ ਕੇ ਬਾਹਰ ਗਈ, ਹੱਕੀ ਬੱਕੀ ਰਹਿ ਗਈ।

ਜੀਪ ਨਾਲ ਲੱਗਿਆ ਜਸਵੰਤ ਹੱਸ ਰਿਹਾ ਸੀ।

ਜੀਪ ਸਾਮਾਨ ਨਾਲ ਭਰੀ ਹੋਈ ਸੀ।

ਮੈਡਮ ਥੋੜ੍ਹਾ ਘਬਰਾਈ ਪਰ ਧੀਰਜ ਧਰ ਗਈ।

ਜਸਵੰਤ ਭੁੱਖਿਆਂ ਵਾਂਗ ਝਾਕਦਾ ਸੀ-ਜੇ ਉਹ ਮੂਲੀ ਹੁੰਦੀ ਤਾਂ ਉਹ ਸਣੇ ਪੱਤਰਾਂ ਦੇ ਚੱਬ ਜਾਂਦਾ।

"ਇਤਨਾ ਕੁਛ।"

"ਮੂਰਤੇ ਤੇਰੇ ਲਈ ਜਾਨ ਹਾਜ਼ਰ ਹੈ।" ਉਹ ਮੈਡਮ ਦੇ ਗੋਡੀਂ ਲੱਗ ਰਿਹਾ ਸੀ।

ਕੱਪੜੇ, ਡਰਾਈ ਫਰੂਟ, ਸੇਬ ਆਦਿ ਦੇਖ ਕੇ ਉਹ ਅੰਦਰ ਹੀ ਅੰਦਰ ਡਰ ਗਈ।

ਜਸਵੰਤ ਨੇ ਅੱਗਾ ਪਿੱਛਾ ਦੇਖ ਕੇ ਮੈਡਮ ਦੀ ਬੁਕਲ 'ਚ ਇਕ ਡੱਬਾ ਦਿੱਤਾ। ਦੁਚਿੱਤੀ 'ਚ ਮੈਡਮ ਨੇ ਉਹ ਡੱਬਾ ਲਕੋ ਲਿਆ।

"ਚਲ ਘੁਮਾ ਲਿਆਵਾਂ ਮੂਰਤੇ।"

"ਅੱਜ ਨਹੀਂ ਫੇਰ ਕਦੀ ਸਹੀ।"

"ਅੱਜ ਵੀ ਸਹੀ ਫਿਰ ਵੀ ਸਹੀ।"

ਮੈਡਮ ਖੁਸ਼ਕ ਹੱਸ ਪਈ। ਇਕ ਨਜ਼ਰ ਨਾਲ ਹੀ ਹਾਥੀ ਜਿੱਡਾ ਬੰਦਾ ਫੱਟੜ ਸ਼ਿਕਾਰ ਵਾਂਗ ਉਸਦੇ ਕਦਮਾਂ 'ਚ ਡਿੱਗ ਪਏਗਾ।

ਉਹ ਅੰਦਰੋਂ ਹੱਸ ਰਹੀ ਸੀ।

"ਸੁਹਣੀਏ ਕੋਈ ਤਕਲੀਫ਼?"

"ਤੁਹਾਡੇ ਹੁੰਦਿਆਂ ਕਾਹਦੀ।"

"ਹੋਵੇ ਦੱਸੀਂ-ਛੇ ਦੀਆਂ ਛੇ ਵਿਚ ਦੀ ਪਾਰ ਕਰ ਛੱਡਾਂਗੇ।"

ਜਸਵੰਤ ਨੇ ਮਾਊਜ਼ਰ ਹੱਥਾਂ 'ਚ ਬੁੜਕਾਇਆ।

"ਤੁਸੀਂ ਬਹੁਤ ਖ਼ਿਆਲ ਕਰਨ ਲੱਗ ਪਏ।"

"ਮੂਰਤੇ ਬਸ ਤੇਰਾ ਹੀ ਨਾਮ ਜਪਦਾਂ।"

"ਝੂਠ!" ਮੈਡਮ ਨੇ ਨਖਰਾ ਕੀਤਾ।

"ਤੇਰੀ ਸਹੁੰ-ਵੱਸ ਹੋਵੇ ਤਾਂ ਕਲੇਜਾ ਚੀਰ ਕੇ ਦਿਲ ਦਿਖਾਵਾਂ ਜਿਸ 'ਤੇ ਤੇਰੀ ਮੂਰਤ ਲਿਖੀ ਪਈ ਹੈ।"

"ਪਰ ਕਦੋਂ ਕੁ ਤੋਂ?"

"ਜਦ ਤੋਂ ਮੂਰਤ ਦੇ ਦਰਸ਼ਨ ਹੋਏ।"

"ਸ਼ਿਕਾਰੀਆਂ ਦਾ ਕੀ ਭਰੋਸਾ, ਕਦੋਂ ਹੋਰ ਸ਼ਿਕਾਰ ਮਗਰ ਤੁਰ ਜਾਣੈ।"

"ਅਸਲੀ ਸ਼ਿਕਾਰੀ ਇਕ ਹੀ ਸ਼ਿਕਾਰ ਕਰਦੈ।"

"ਹੋ ਸਕਦੈ ਪਹਿਲਾਂ ਸ਼ਿਕਾਰ ਹੋ ਚੁੱਕਿਆ ਹੋਵੇ।"

"ਝੂਠ ਬੋਲਾਂ ਇਸ ਨਾਲ ਹੀ ਜਾਨ ਕੱਢ ਲੀਂ," ਜਸਵੰਤ ਨੇ ਮਾਊਜ਼ਰ ਵੱਲ ਇਸ਼ਾਰਾ ਕੀਤਾ।

"ਜੋ ਕਹਾਂਗੀ, ਕਰੋਗੇ ?"

"ਇਸ਼ਾਰੇ 'ਤੇ ਨੱਚਾਂਗਾ ਬਿੱਲੋ।"

"ਸਿਰਫ਼ ਇਕ ਗੱਲ ਪੂਰੀ ਕਰੋਗੇ ?"

"ਇਹ ਜਾਨ ਹਾਜ਼ਰ ਹੈ। ਮੈਡਮ ਜਸਵੰਤ ਨੇ ਕਦੇ ਕਿਸੇ ਦੀ ਮੰਨੀ ਨਹੀਂ। ਤੀਵੀਂ ਨਾਲ ਤਾਂ ਉਸਨੂੰ ਸਦਾ ਹੀ ਚਿੜ੍ਹ ਰਹੀ ਹੈ ਪਰ ਮੂਰਤੇ ਪਹਿਲੀ ਨਜ਼ਰ ਨੇ ਹੀ ਗੁਲਾਮ ਬਣਾ ਲਿਆ ਸੀ।"

"ਮੰਗਾਂ ਫਿਰ ?"

"ਛੇਤੀ ਕਰ। ਕਿਉਂ ਲਲਚਾ ਰਹੀ ਹੋਂ ?"

"ਸ਼ੀਤਲ ਮੈਨੂੰ ਦੇ ਦਿਓ।"

"ਕੀ ਮਤਲਬ ?"

"ਮਤਬਲ ਨਾ ਪੁੱਛੋ।"

"ਪਰ ਕੁਛ ਪਤਾ ਤਾਂ ਲੱਗੇ।"

"ਸ਼ੀਤਲ ਦਾ ਵਿਆਹ ਮੇਰੀ ਮਰਜ਼ੀ ਨਾਲ ਹੋਵੇਗਾ।"

"ਤੈਨੂੰ ਸਾਰੀ ਜ਼ਿੰਦਗੀ ਮੇਰੇ ਨਾਲ ਰਹਿਣਾ ਪਵੇਗਾ।"

"ਮੰਨਿਆ।" ਮੈਡਮ ਨੂੰ ਇਕ ਚੱਕਰ ਆ ਗਿਆ ਸੀ।

"ਸ਼ੀਤਲ ਦਾ ਵਿਆਹ ਕਿਸੇ ਛੋਟੇ ਘਰਾਣੇ 'ਚ ਨਹੀਂ ਹੋਵੇਗਾ।"

"ਤੂੰ ਮੈਨੂੰ ਹੱਥ ਨਹੀਂ ਲਾਣਾ ਹੋਵੇਗਾ।"

"ਇਹ ਕਿਸ ਤਰ੍ਹਾਂ ਹੋ ਸਕਦੈ ?"

"ਤੁਹਾਡਾ ਸ਼ੀਤਲ 'ਤੇ ਕੀ ਹੱਕ ਰਹਿ ਜਾਏਗਾ ?"

"ਪਰ ਇਸਦਾ ਮਤਲਬ ਕੀ ਹੈ ?"

"ਮਤਲਬ ਜੋ ਵੀ ਹੈ-ਪੰਦਰਾਂ ਦਿਨਾਂ 'ਚ "ਹਾਂ" ਜਾਂ "ਨਾਂਹ" ਦਾ ਮਨ ਬਣਾ ਕੇ ਆ ਜਾਣਾ।"

ਮੈਡਮ ਉਠ ਕੇ ਅੰਦਰ ਚਲੀ ਗਈ।

ਜਸਵੰਤ ਅਲੋਪ ਹੁੰਦੀ ਮੈਡਮ ਨੂੰ ਤੱਕਦਾ ਰਿਹਾ। ਉਸ ਦਾ ਮੂੰਹ ਲਾਲਾਂ ਨਾਲ ਭਰ ਗਿਆ ਸੀ। ਉਸਦਾ ਕਲੇਜਾ ਪਿਛੇ ਪਿਛੇ ਤੁਰ ਗਿਆ ਸੀ।

ਫੇਰ ਉਹ ਘੋੜੇ ਵਾਂਗ ਪੌੜ ਮਾਰਦਾ ਬਾਹਰ ਆਇਆ। ਜੀਪ ਸਟਾਰਟ ਕਰ ਕੇ ਹਵਾ ਨਾਲ ਰਲ ਗਿਆ।

ਮੈਡਮ ਦੀ ਪ੍ਰਿੰਸੀਪਲ ਨੇ ਜਵਾਬ-ਤਲਬੀ ਕੀਤੀ।

"ਇਹ ਕੌਣ ਸੀ ?"

"ਸ਼ੀਤਲ ਦਾ ਵੱਡਾ ਭਾਈ।"

"ਜਾਗੀਰਦਾਰ-ਪਰ ਤੈਨੂੰ ਕਿਸ ਲਈ ਮਿਲਣ ਆਇਆ ?"

"ਸ਼ੀਤਲ ਮੇਰੀ ਸਹੇਲੀ ਹੈ।"

"ਪਹਿਲਾਂ ਕਦੇ ਨਹੀਂ ਆਇਆ ?"

"ਖ਼ਾਨਦਾਨ 'ਚ ਸ਼ਾਦੀ ਹੋ ਕੇ ਹਟੀ ਹੈ। ਸ਼ੀਤਲ ਨੇ ਫਰੂਟ ਵਗੈਰਾ ਭੇਜਿਆ।"

ਪ੍ਰਿੰਸੀਪਲ ਚੁੱਪ ਕਰ ਗਈ।

ਮੈਡਮ ਨੇ ਕਮਰੇ 'ਚ ਪਹੁੰਚ ਕੇ ਡੱਬਾ ਖੋਲ੍ਹਿਆ। ਉਹ ਹੱਕੀ ਬੱਕੀ ਰਹਿ ਗਈ। ਸੋਨੇ ਦਾ ਸੈਟ-ਨਗ ਅੱਖ-ਮਟੱਕੇ ਕਰ ਰਹੇ ਸਨ।

ਮੈਡਮ ਨੇ ਤੱਕਿਆ-ਜ਼ਰੂਰ 25 ਤੋਲੇ ਦਾ ਹੋਵੇਗਾ।

ਉਹ ਸਿਰ ਫੜ ਕੇ ਬਹਿ ਗਈ।

ਤੂੰ ਗਲਤ ਰਾਹ ਤੁਰ ਪਈ-ਇਹ ਪਰੇਤ ਮਗਰੋਂ ਨਹੀਂ ਲੱਥਣਾ? ਉਸ ਦਾ ਅੰਦਰ ਪੁੱਛ ਰਿਹਾ ਸੀ-ਤਾਂ ਕੀ ਹੋਇਆ-ਕੁਰਬਾਨੀ ਕਰਨ ਲਈ ਸਭ ਕੁਛ ਹੀ ਕਰਨਾ ਪੈਂਦਾ-ਮਨਾ ਜੇਕਰ ਥਿੜਕਣਾ ਸੀ ਤਾਂ ਦੋ ਦਿਲਾਂ ਨੂੰ ਮੇਲਣ ਦਾ ਬਚਨ ਕਿਉਂ ਦੇਣਾ ਸੀ-ਪਰ ਰਣਜੀਤ ਤੈਨੂੰ ਤਾਂ ਮਿਲ ਨਹੀਂ ਸਕੇਗਾ ਫਿਰ ਤੂੰ ਕਿਉਂ ਹੱਥੀਂ ਕੰਡੇ ਬੀਜ ਰਹੀ ਹੈਂ? ਇਸ ਰਾਜ਼ ਦੀ ਹੀ ਤਾਂ ਮੈਨੂੰ ਸਮਝ ਨਹੀਂ ਪੈ ਰਹੀ।

## 12.

**ਚਿਹ ਚੜ੍ਹੀ ਰੰਨ, ਸਾਰੇ ਹੱਦ ਬੰਨ੍ਹੇ ਟੱਪ ਜਾਵੇ,**
**ਫੇਰ ਭਗਵਾਨ ਸਿੰਘਾ ਗੁਰੂ ਦੀ ਨਾ ਪੀਰ ਦੀ।**

ਰਣਜੀਤ ਪੂਰਾ ਖ਼ਬਰਦਾਰ ਸੀ। ਕਚਹਿਰੀ 'ਚ ਉਹ ਸਾਰੇ ਪਾਸੀਂ ਦੇਖ ਕੇ ਪਹੁੰਚਿਆ। ਕਲਰਕ ਨੂੰ ਚਾਰ ਰੁਪਏ ਦੇ ਕੇ ਪੇਸ਼ੀ ਦਾ ਫਿਕਸ ਸਮਾਂ ਲੈ ਆਇਆ।

ਦੂਰ ਹੱਟ ਕੇ ਚਾਹ ਦੇ ਖੋਖੇ 'ਚ ਬੈਠ ਗਿਆ। ਸ੍ਰੀਮਤੀ ਤੇ ਬੰਦਿਆਂ ਦੀ ਧਾੜ ਪਹੁੰਚ ਗਈ। ਚਾਚਾ ਸਭ ਤੋਂ ਅੱਗੇ ਸੀ। ਉਹ ਸਾਰੇ ਇਸ ਤਰ੍ਹਾਂ ਫਿਰ ਰਹੇ ਸਨ ਜਿਵੇਂ ਰਣਜੀਤ ਦੀ ਭਾਲ ਕਰ ਰਹੇ ਸਨ। ਹਰ ਕੋਨੇ ਤੇ ਕਿਰਪਾਨ ਵਾਲਾ ਬੰਦਾ ਤਿਆਰ-ਬਰ-ਤਿਆਰ ਖੜ੍ਹੋ ਗਿਆ।

ਮੌਤ ਦਾ ਡਰ ਸੀ ਪਰ ਰਣਜੀਤ ਦਾ ਸਗੋਂ ਦਿਲ ਕੀਤਾ ਸਭ ਦੇ ਸਾਹਮਣੇ ਜਾ ਖੜ੍ਹਾ ਹੋਏ। ਭਰਵੀਆਂ ਕਿਰਪਾਨਾਂ ਚਲ ਲੈਣ ਦੇਵੇ। ਰੋਜ਼ ਰੋਜ਼ ਦੀ ਕਹਾਣੀ ਦਾ ਅੰਤ ਹੋ ਲੈਣ ਦੇਵੇ।

ਮੈਡਮ ਪ੍ਰੋਫੈਸਰ, ਸ਼ੀਤਲ ਦਾ ਖ਼ਿਆਲ ਉਸ ਨੂੰ ਫੜ ਕੇ ਬਿਠਾ ਲੈਂਦਾ ਸੀ।

ਸਾਰਾ ਦਿਨ ਬੀਤ ਗਿਆ।

ਸਾਰੇ ਹੈਰਾਨ ਨਜ਼ਰ ਆ ਰਹੇ ਸਨ ਕਿ ਰਣਜੀਤ ਪਹੁੰਚਿਆ ਨਹੀਂ ਸੀ।

ਰਣਜੀਤ ਨੇ ਘੜੀ ਤੱਕੀ। ਸਮਾਂ ਹੋ ਗਿਆ ਸੀ। ਉਹ ਵਰਾਂਡੇ ਵਿਚ ਦੀ ਕੋਰਟ-ਰੂਮ ਵਿਚ ਪਹੁੰਚ ਗਿਆ।

ਕਿਰਪਾਨਾਂ ਵਾਲੇ ਦਰਵਾਜ਼ੇ ਸਾਹਮਣੇ ਗਿਰਝਾਂ ਵਾਂਗ ਇਕੱਠੇ ਹੋ ਗਏ।

"ਅੱਜ ਸੁੱਕਾ ਨਹੀਂ ਜਾਣਾ ਚਾਹੀਦਾ।"

"ਪਤਾ ਲੱਗੇ ਦੂਜੇ ਦੀ ਧੀ ਛੱਡਣ ਦਾ।"

"ਗਲ ਤੋਂ ਘਸਾ ਕੇ ਵੱਢ ਦਿਓ।"

ਰਣਜੀਤ ਤਕ ਆਵਾਜ਼ਾਂ ਪਹੁੰਚਾਣ ਦਾ ਜਤਨ ਕੀਤਾ ਜਾ ਰਿਹਾ ਸੀ।

ਆਵਾਜ਼ ਪਈ। ਉਹ ਕਲਰਕ ਦੇ ਕੋਲ ਪਹੁੰਚਿਆ। ਕੋਰਟ ਨੇ ਅਗਲੇ ਮਹੀਨੇ ਦੀ 10 ਤਾਰੀਖ ਪਾ ਦਿੱਤੀ ਸੀ।

ਰਣਜੀਤ ਉਨ੍ਹਾਂ ਦੇ ਅੰਦਰ ਆਉਣ ਤੋਂ ਪਹਿਲਾਂ ਹੀ ਬਾਹਰ ਨਿਕਲ ਗਿਆ। ਖੋਖਿਆਂ ਦੇ ਉਪਰ ਦੀ ਹੋ ਕੇ ਬੱਸ ਅੱਡੇ 'ਚ ਪਹੁੰਚ ਗਿਆ। ਤਿਆਰ ਬਸ 'ਚ ਚੜ੍ਹ ਕੇ ਕਾਲਜ ਪਹੁੰਚ ਗਿਆ।

"ਕੀ ਹੋਇਆ ?" ਮੈਡਮ ਬੜੀ ਉਤਸੁਕ ਸੀ।

"10 ਤਾਰੀਖ਼ ਪੈ ਗਈ।"

"ਕੋਈ ਝਗੜਾ ?"

"ਕੁਛ ਨਹੀਂ। ਪਰ ਲੋਕ ਪੂਰੀ ਤਿਆਰੀ 'ਚ ਸਨ। ਧਮਕਾ ਰਹੇ ਸਨ। ਤੇਰੇ ਵਰਗੇ ਯਾਰਾਂ ਦਾ ਖ਼ਿਆਲ ਨਾ ਹੁੰਦਾ ਗਰਦਨ ਦੇਣ ਨੂੰ ਦਿਲ ਕਰਦਾ ਸੀ।"

"ਮਰਦਾਂ ਵਾਲੀਆਂ ਗੱਲਾਂ ਕਰ ਯਾਰ।"

ਅਪਰੈਲ ਆ ਗਈ। ਕਾਲਜ ਨੂੰ ਛੁੱਟੀਆਂ ਹੋ ਗਈਆਂ ਪਰ ਸਮੱਸਿਆ ਥਾਂ ਦੀ ਥਾਂ ਖੜ੍ਹੀ ਸੀ।

"ਰਣਜੀਤ ਕਲ੍ਹ ਨੂੰ ਢਾਈ ਮਹੀਨਿਆਂ ਲਈ ਵਿਛੜ ਰਹੇ ਹਾਂ। ਜੁਲਾਈ ਮਹੀਨੇ ਕੰਮ ਮੁੱਕਣਾ ਚਾਹੀਦਾ ਸੀ ਪਰ..."

"ਪਤਾ ਨਹੀਂ ਕਿੰਨੀਆਂ ਜੁਲਾਈਆਂ ਲੰਘਣੀਆਂ ਨੇ ਮੈਡਮ।" ਰਣਜੀਤ ਦੇ ਅੰਦਰੋਂ ਦੁੱਖ ਤੇ ਨਿਰਾਸ਼ਾ ਜਿਹੀ ਉਠੀ।

"ਨਿਰਾਸ਼ ਨਹੀਂ ਹੋਣਾ-ਮੈਂ ਸ਼ੀਤਲ ਨੂੰ ਮਿਲ ਆਵਾਂਗੀ। ਆਪਾਂ ਛੁੱਟੀਆਂ ਚਿੱਠੀਆਂ ਰਾਹੀਂ ਮਿਲਦੇ ਰਹਾਂਗੇ। ਤਾਰੀਖ ਤੇ ਜੋ ਕੁਛ ਹੋਵੇ ਮੈਨੂੰ ਸਾਰਾ ਕੁਛ ਲਿਖ ਦੇਣਾ।"

"ਢਾਈ ਮਹੀਨਿਆਂ ਦੀ ਜੁਦਾਈ ਕੱਟਣੀ ਬਹੁਤ ਕਠਿਨ ਹੈ ਯਾਰ।"

ਮੈਡਮ ਸੋਚਦੀ ਰਣਜੀਤ ਦੀਆਂ ਅੱਖਾਂ 'ਚ ਡੁਬ ਗਈ।

"ਇਕ ਗੱਲ ਦੀ ਸਮਝ ਨਹੀਂ ਆਈ ?"

"ਕਿਹੜੀ ਦੀ ?"

"ਜੇਕਰ ਸੰਜੋਗ ਨਹੀਂ ਸਨ ਕੁਦਰਤ ਨੇ ਸਾਡੀ ਸਾਂਝ ਇਤਨੀ ਗਹਿਰੀ ਕਿਉਂ ਬਣਾਈ ?"

"ਕੁਛ ਪਤਾ ਨਹੀਂ ਰਣਜੀਤ। ਕਿਹੜੇ ਜਨਮਾਂ ਦਾ ਕਸ਼ਟ ਭੋਗ ਰਹੇ ਹਾਂ।"

ਮੈਡਮ ਦਾ ਦਿਲ ਭਰ ਗਿਆ ਸੀ। ਉਹ ਅਚਾਨਕ ਅੰਦਰ ਚਲੀ ਗਈ।

ਰਾਤ ਬੀਤ ਰਹੀ ਸੀ। ਮੈਡਮ ਦੀ ਜ਼ਿੰਦ ਘਟਦੀ ਸੀ। ਜਸਵੰਤ ਨੂੰ ਉਡੀਕਦੀ ਮੁੱਕਦੀ ਜਾ ਰਹੀ ਸੀ। ਤੁਰਨ ਦਾ ਸਮਾਂ ਹੋ ਗਿਆ ਤਾਂ ਮਾਈ ਨੇ ਆ ਕੇ ਸੁਨੇਹਾ ਦਿੱਤਾ।

ਮੈਡਮ ਬਾਹਰ ਆਈ। ਜਸਵੰਤ ਬੈਠਾ ਉਡੀਕ ਰਿਹਾ ਸੀ। ਮੈਡਮ ਦਾ ਉਦਾਸ ਮੁਖ ਫੁੱਲ ਵਾਂਗ ਖਿੜ ਉਠਿਆ।

"ਕੀ ਫੈਸਲਾ ਕੀਤਾ ?"

"ਮੂਰਤੇ ਜੋ ਤੂੰ ਚਾਹੇਂ।"

"ਸੱਚ!"

"ਤੇਰੀ ਮਰਜ਼ੀ ਤੋਂ ਸਭ ਕੁਛ ਕਰਬਾਨ।"

"ਤਾਂ-ਤਾਂ-ਮੈਂ ਸੱਚ ਮੰਨ ਲਾਂ ?" ਮੈਡਮ ਖ਼ੁਸ਼ੀ ਨਾਲ ਫਾਵੀ ਹੋ ਰਹੀ ਸੀ।

"ਛੁੱਟੀਆਂ ਕਦੋਂ ਹੋ ਰਹੀਆਂ ਹਨ ?"

"ਮੈਂ ਬਸ ਤੁਰ ਹੀ ਰਹੀ ਸੀ।"

"ਚਲ ਇਕੱਠੇ ਚਲਾਂਗੇ।"

"ਇਸ ਤਰ੍ਹਾਂ ਨਹੀਂ। ਚਰਚਾ ਹੋਵੇਗੀ।"

"ਚਰਚਾ ਦੀ ਕਿਸ ਨੂੰ ਪਰਵਾਹ ਹੈਂ।"

"ਪਰ ਮੈਨੂੰ ਪਰਵਾਹ ਕਰਨੀ ਜ਼ਰੂਰੀ ਹੈ।"

"ਮੂਰਤੇ ਕੌਲਾਂ ਤੋਂ ਨਾ ਮੁੱਕਰ।"

"ਮੈਂ ਲੁਧਿਆਣੇ ਤਕ ਨਾਲ ਜਾ ਸਕਦੀ ਹਾਂ। ਰਾਤ ਤਕ ਮੈਂ ਘਰ ਪਹੁੰਚਣਾ ਹੋਵੇਗਾ।"

"ਠੀਕ ਹੈ-ਕਹੇਂ ਤਾਂ ਘਰ ਛੱਡ ਆਵਾਂਗਾ।"

"ਸੋਨੇ ਦਾ ਸੈਟ ਵਾਪਸ ਲੈ ਜਾਓ।"

"ਕਿਉਂ ?"

"ਮਹਿੰਗੀ ਚੀਜ਼ ਹੈ।"

"ਤੇਰੇ ਨਾਲੋਂ ਵੀ।"

"ਚੰਗਾ ਤੁਸੀਂ ਬਸ ਅੱਡੇ 'ਤੇ ਚਲੋ। ਮੈਂ ਪਹੁੰਚਦੀ ਹਾਂ।"

ਜਸਵੰਤ ਜੀਪ ਘੁਮਾ ਕੇ ਅੱਡੇ 'ਚ ਪਹੁੰਚ ਗਿਆ। ਮੈਡਮ ਰਣਜੀਤ ਤੋਂ ਮਸਾਂ ਵਿਛੜੀ ਸੀ।

ਰਣਜੀਤ ਦਾ ਮਨ ਉਛਲ ਪਿਆ। ਹਰ ਕੋਈ ਘਰ ਛੁੱਟੀਆਂ ਕੱਟਣ ਜਾ ਰਿਹਾ ਸੀ। ਉਹ ਅਭਾਗਾ ਸੀ ਜਿਸ ਦਾ ਕੋਈ ਘਰ ਸੀ ਨਾ ਕੋਈ ਕੋਠਾ ਸੀ ਜਿਥੇ ਚਲਾ ਜਾਂਦਾ। ਇਕ ਪਾਸੇ ਪਈ ਤਾਂ ਰੋਟੀ ਵੀ ਮੱਚ ਜਾਂਦੀ ਹੈ।

ਮੈਡਮ ਜਸਵੰਤ ਨਾਲ ਜੀਪ 'ਤੇ ਬੈਠ ਗਈ।

ਜਸਵੰਤ ਦਾ ਦਿਲ ਬਾਘੀਆਂ ਪਾਣ ਲੱਗ ਪਿਆ। ਉਸ ਨੂੰ ਪਹਿਲੇ ਤੋੜ ਦੀ ਬੋਤਲ ਜਿਡਾ ਨਸ਼ਾ ਹੋ ਗਿਆ ਸੀ। ਜੀਪ ਹਵਾ ਨਾਲ ਗੱਲਾਂ ਕਰਦੀ ਜਾ ਰਹੀ ਸੀ। ਜੀਪ 'ਚ ਲਾਲ ਗੁਲਾਬ ਵਰਗੀ ਮੈਡਮ ਨੇ ਦਿਨ ਚੜ੍ਹਾ ਰੱਖਿਆ ਸੀ।

ਰਸਤੇ ਵਿਚ ਜਸਵੰਤ ਨੇ ਮੈਡਮ ਦੇ ਪੱਟ, ਛਾਤੀ ਤੇ ਹੱਥ ਮਾਰ ਮਾਰ ਜ਼ਖਮੀ ਕਰ ਦਿੱਤੀ ਸੀ। ਕਈ ਵਾਰ ਚੱਭਾ ਵੀ ਸੁੱਟਿਆ ਸੀ ਪਰ ਮੈਡਮ ਕਿਸੇ ਨਾ ਕਿਸੇ ਤਰ੍ਹਾਂ ਆਪਣਾ ਮੂੰਹ ਬੋਚ ਜਾਂਦੀ ਸੀ।

ਖ਼ੁਸ਼ੀ 'ਚ ਕਿਸੇ ਕਿਸੇ ਸਮੇਂ ਜਸਵੰਤ ਜੀਪ ਦਾ ਐਕਸੀਲੇਟਰ ਇਤਨਾ ਦੱਬ ਦੇਂਦਾ ਸੀ ਕਿ ਜੀਪ ਦੇ ਪਹੀਏ ਹਵਾ 'ਚ ਘੁੰਮਦੇ ਮਹਿਸੂਸ ਹੁੰਦੇ ਸਨ।

"ਡਰਦੀ ਕਿਉਂ ਹੈ ਕਬੂਤਰੀਏ ਸ਼ਿਕਾਰੀਆਂ ਦੀ ਗੱਡੀ ਕਦੇ ਉਲਟਦੀ ਨਹੀਂ।"

"ਰੱਬ ਦੇ ਵਾਸਤੇ ਹੌਲੀ ਚਲਾਓ।"

"ਅਜੇ ਤਾਂ ਤੇਜ਼ ਕੀਤੀ ਹੀ ਨਹੀਂ।"

"ਇਸ ਤਰ੍ਹਾਂ ਕਰੋਗੇ ਤਾਂ ਰੁੱਸ ਜਾਵਾਂਗੀ।"

ਜੀਪ ਦੀ ਚਾਲ ਮੱਠੀ ਹੋ ਗਈ।

"ਗੱਲ ਸੁਣ ?"

"ਦੱਸ।"

"ਰਾਤ ਯਾਰਾਂ ਨਾਲ ਰਹਿ ਜਾ।"

"ਫੇਰ ਸਹੀ।"

"ਨਾਲੇ ਫਿਰ ਸਹੀ ਨਾਲੇ ਅਜ।"

ਦੋਵੇਂ ਹੱਸ ਪਏ।

ਜਸਵੰਤ ਨੇ ਜੀਪ ਸੜਕ ਤੋਂ ਲਾਹ ਲਈ ਤੇ ਉਜਾੜ ਵੱਲ ਨੂੰ ਲੈ ਤੁਰਿਆ।

"ਕਿਧਰ ਨੂੰ ?"

"ਘੜੀ ਮੌਜ ਮੇਲਾ ਤਾਂ ਕਰ ਲਈਏ ਚੀਨੀਏ ਕਬੂਤਰੀਏ!"

"ਵੇਖੋ ਇਸ ਤਰ੍ਹਾਂ ਦੀਆਂ ਗੱਲਾਂ ਕਰੋਗੇ ਤਾਂ ਰੁਸ ਜਾਵਾਂਗੀ!"

ਜਸਵੰਤ ਨੇ ਜੀਪ ਰੋਕ ਲਈ।

"ਕਿਉਂ ਤੜਪਾਂਦੀ ਹੈਂ।"

"ਜੋ ਮਜ਼ਾ ਤੜਪ ਵਿਚ ਹੈਂ।"

"ਸਾਨੂੰ ਇਸ ਤਰ੍ਹਾਂ ਦੇ ਮਜ਼ੇ ਨਾਲ ਸਬਰ ਨਹੀਂ ਆਉਂਦਾ।"

"ਪਰ ਇਤਨੇ ਕਾਹਲੇ ਕਾਹਨੂੰ ਪੈਂਦੇ ਹੋ।" ਮੈਡਮ ਨੇ ਥੋੜ੍ਹਾ ਲਾਡ ਕੀਤਾ। ਨਖਰੇ ਨਾਲ ਕਿਹਾ।

"ਲੁਧਿਆਣੇ ਗੁਲਮੋਹਰ 'ਚ ਅਜ ਦੀ ਰਾਤ ਰਹਿ ਜਾ ਪਾਨ ਦੀਏ ਬੇਗੀਏ-ਸਾਡੀ ਜੂਨ ਸੰਵਰ ਜੂ।"

"ਸਾਡੀ ਭਾਵੇਂ ਜੂਨ ਖਰਾਬ ਹੋ ਜੇ।"

"ਉਹ ਕਿਸ ਤਰ੍ਹਾਂ ਸੋਹਣੀਏ।"

"ਘਰ ਵਾਲੇ ਘਰੋਂ ਨਾ ਕੱਢ ਦੇਣਗੇ।"

"ਤੇ ਤੂੰ ਯਾਰਾਂ ਦੇ ਘਰ ਆ ਜੀਂ ?"

"ਅਗਲੀ ਘਰੇ ਨਹੁੰ ਰੱਖਣ ਦਿਊ ?"

"ਉਹਦੀ ਕੀ ਹਿੰਮਤ ਹੈ-ਰਗਾਂ ਨਾ ਘੁਟ ਦਿਊਂ।"

"ਨਹੀਂ ਜਸਵੰਤ ਲੜਕੀ ਦੀ ਮਜਬੂਰੀ ਕੇਵਲ ਲੜਕੀ ਹੀ ਸਮਝ ਸਕਦੀ ਹੈ।"

"ਪਰ ਮਖਣੀਏਂ ਫੱਕਰਾਂ ਦੀ ਮਜਬੂਰੀ ਵੀ ਸਮਝ।"

"ਉਹ ਵੀ ਸਮਝ ਲਾਂਗੀ। ਫੱਕਰ ਕਾਹਲੇ ਕਾਹਨੂੰ ਪੈਂਦੇ ਨੇ।"

ਜੀਪ ਸੜਕ ਤੇ ਸੀ। ਖ਼ੁਸ਼ੀ ਦੇ ਲਾਰੇ ਤੇ ਜਸਵੰਤ ਦੀ ਚੀਕ ਜਿਹੀ ਨਿਕਲ

ਗਈ ਸੀ। ਜੀਪ ਅਸਤ-ਬਾਜ਼ੀ ਵਾਂਗ ਚਲੀ ਤੇ ਉਸ ਸਮੇਂ ਮੱਠੀ ਹੋਈ ਜਦੋਂ ਮੈਡਮ ਚੀਕਾਂ ਮਾਰਨ ਲੱਗ ਪਈ।

"ਗੱਲ ਸੁਣ?"

"ਹਾਂ ਦੱਸੋ।"

"ਚੀਕਾਂ ਭਲਾ ਕਿਉਂ ਮਾਰਨ ਲਗ ਜਾਨੀ ਐਂ?"

"ਤੁਸੀਂ ਫੇਰ ਹਟਦੇ ਨੀ।"

"ਗੱਲ ਸੁਣ?"

"ਦੱਸੋ।"

"ਇਕ ਚੁੰਮੀ ਦੇ ਦੇ, ਫੇਰ ਦੇਖ ਜੀਪ ਕਿਹੜੇ ਹੌਸਲੇ ਨਾਲ ਚਲਾਂਦਾ।"

"ਨਾ ਬਾਬਾ ਨਾ ਮੈਂ ਜੀਪ ਹਵਾਈ ਜਹਾਜ਼ ਨਹੀਂ ਬਣਾਨੀ।"

ਮੈਡਮ ਨੇ ਨਖਰੇ ਨਾਲ ਕੰਨਾਂ ਤੇ ਹੱਥ ਧਰੇ। ਪਰ ਜਸਵੰਤ ਨਾ ਨਾ ਕਰਦੀ ਮੈਡਮ ਦੇ ਸਕਿੰਟ 'ਚ ਸਰੀਰ ਦੇ ਪੋਟੇ ਪੋਟੇ ਨੂੰ ਟੋਹ ਗਿਆ।

ਜਸਵੰਤ ਨੂੰ ਪਤਾ ਤਕ ਨਾ ਲਗਿਆ ਕਦੋਂ ਲੁਧਿਆਣੇ ਦਾ ਅੱਡਾ ਆ ਗਿਆ। ਉਸ ਨੇ ਮੱਥੇ ਤੇ ਹੱਥ ਮਾਰਿਆ।

"ਗੁਲਮੋਹਰ ਦੀ ਰਾਤ ਮਨਜ਼ੂਰ ਨੀ ਮੂਰਤੇ?"

"ਨਾ ਬਾਬਾ ਨਾ।"

ਮੈਡਮ ਛਾਲ ਮਾਰ ਕੇ ਬਸ 'ਚ ਜਾ ਬੈਠੀ। ਬਸ ਤੁਰ ਪਈ ਤਾਂ ਮੈਡਮ ਦਾ ਸਾਹ 'ਚ ਸਾਹ ਆਇਆ। "ਹਾਏ ਨੀ ਜਿੰਦੜੀਏ ਤੂੰ ਕੈਸੀ ਮਜ਼ਬੂਰੀ ਹੈਂ।" ਮੈਡਮ ਨੇ ਮਨ 'ਚ ਕਿਹਾ। ਉਹ ਦੀਆਂ ਅੱਖਾਂ 'ਚੋਂ ਹੰਝੂ ਉਤਰ ਆਏ ਸਨ।

ਸੋਨੇ ਦਾ ਸੈਟ ਕੀਮਤੀ ਕਪੜੇ ਮੈਡਮ ਨੇ ਸ਼ੀਤਲ ਪਾਸ ਪਹੁੰਚਾ ਦਿੱਤੇ ਸਨ।

## 13.

ਕੱਲੀ ਜਿੰਦੜੀ ਤੇ ਦਰਦ ਹਜ਼ਾਰਾਂ।

ਕਾਲਜ ਬੰਦ ਸੀ। ਰੌਣਕ ਦਾ ਦਰਵਾਜ਼ਾ ਬੰਦ ਸੀ। ਛੋਟਾ ਜਿਹਾ ਸ਼ਹਿਰ ਖਾਲੀ ਖਾਲੀ ਸੀ। ਪੰਛੀ ਆਪਣੇ ਆਪਣੇ ਆਹਲਣਿਆਂ ਨੂੰ ਉਡਾਰੀ ਮਾਰ ਗਏ ਸਨ।

ਰਣਜੀਤ ਦਾ ਮਨ ਭਰ ਭਰ ਉਛਲਦਾ ਸੀ-ਅੱਖਾਂ ਛਮ-ਛਮ ਡੁਲ੍ਹਦੀਆਂ ਸਨ। ਉਸ ਦੀ ਨਜ਼ਰ ਸ਼ਰਾਬ ਦੇ ਠੇਕੇ ਤੇ ਰੁਕ ਗਈ। ਉਸ ਬੋਤਲ ਖਰੀਦੀ। ਸਿੱਧਾ ਕਮਰੇ ਵਿਚ ਪਹੁੰਚ ਗਿਆ। ਇਕੋ ਸਾਹ ਬੋਤਲ ਅੱਧੀ ਕਰ ਦਿੱਤੀ। ਨਸ਼ਾ ਝੂਟੇ ਦੇਣ ਲਗ ਪਿਆ ਸੀ।

ਅੱਖ ਖੁਲ੍ਹੀ ਤਾਂ ਅੱਧੀ ਰਾਤ ਸੀ। ਰਣਜੀਤ ਨੂੰ ਲਗਦਾ ਸੀ ਸਾਰਾ ਜਹਾਨ ਹੀ ਉਜੜ ਗਿਆ ਸੀ। ਉਸ ਨੇ ਸ਼ਰਾਬ ਦਾ ਗਲਾਸ ਭਰ ਕੇ ਅੰਦਰ ਸੁਟ ਲਿਆ। ਭੁਖ ਅੰਦਰ ਨੂੰ ਵੱਢ ਰਹੀ ਸੀ। ਪਰ ਉਹ ਉਠ ਨਹੀਂ ਸਕਿਆ। ਸ਼ਰਾਬ ਦੀ ਬੋਤਲ ਖਾਲੀ

ਹੋ ਗਈ। ਉਸ ਦੀ ਸੁਰਤ ਉਡ ਗਈ। ਧੁੱਪਾਂ ਚੜ੍ਹ ਗਈਆਂ ਸਨ ਜਦ ਉਸ ਅੱਖ ਖੁੱਲ੍ਹੀ।

ਸਰੀਰ ਟੁੱਟ ਰਿਹਾ ਸੀ।

ਉਹ ਥਾਂ ਤੇ ਹੀ ਖਾਲੀ ਝਾਕਦਾ ਦੀਵਾਰ ਵਲ ਤਕਦਾ ਰਿਹਾ। ਚਾਹ ਨੂੰ ਦਿਲ ਕਰਦਾ ਸੀ। ਠੰਡੇ ਪਾਣੀ ਨੂੰ ਮਨ ਕਰਦਾ ਸੀ-ਸ਼ਰਾਬ ਨੂੰ ਦਿਲ ਕਰਦਾ ਸੀ।

ਉਹ ਉਠਿਆ। ਮੂੰਹ ਹੱਥ ਧੋਤਾ। ਪਾਣੀ ਪੀਤਾ। ਬਾਹਰੋਂ ਕੱਪ ਚਾਹ ਪੀਤੀ ਪਰ ਘਰੇ ਪਹੁੰਚਦਾ ਹੀ ਉਛਲ ਗਿਆ। ਸਿਰ ਚਕਰਾ ਰਿਹਾ ਸੀ। ਦਿਲ ਘਿਰ ਰਿਹਾ ਸੀ, ਮੰਜਾ ਹੇਠੋਂ ਨਿਕਲਦਾ ਲਗਦਾ ਸੀ।

ਦੋ ਚਮਚੇ ਦਹੀਂ ਦੇ ਖਾਧੇ ਪਰ ਮਨ ਝਲ ਨਹੀਂ ਰਿਹਾ ਸੀ। ਦਿਲ ਕਰਦਾ ਸੀ ਕਮਰੇ 'ਚ ਢਾਹਾਂ ਮਾਰ ਮਾਰ ਰੋਏ। ਦੀਵਾਰਾਂ ਨਾਲ ਟੱਕਰਾਂ ਮਾਰ ਮਾਰ ਜਾਨ ਦੇ ਦੇਵੇ-ਇਤਨੇ ਵੱਡੇ ਸੰਸਾਰ 'ਚ ਕਿਸੇ ਦਾ ਵੀ ਆਸਰਾ ਨਹੀਂ ਸੀ। ਉਹ ਗਲਤ ਸੋਚ ਰਿਹਾ ਸੀ, ਇਸ ਸੰਸਾਰ 'ਚ ਸ਼ੀਤਲ ਸੀ ਜਿਹੜੀ ਨੇਹਮਤਾਂ ਨੂੰ ਠੁਕਰਾ ਉਸ ਦੇ ਸਾਹਾਂ 'ਚ ਸਾਹ ਲੈ ਰਹੀ ਸੀ। ਉਹ ਪਛਤਾਇਆ।

ਸ਼ੀਤਲ ਨੂੰ ਵਿਛੜਿਆਂ ਚਵ੍ਹੀ ਘੰਟੇ ਬੀਤੇ ਸਨ। ਉਸ ਨੂੰ ਲਗਦਾ ਸੀ ਜੁਗੜੇ ਬੀਤ ਗਏ ਸਨ। ਸ਼ਾਇਦ ਸ਼ੀਤਲ ਦਾ ਉਦਰੇਵਾਂ ਉਸ ਦੀ ਜਾਨ ਇਤਨੀ ਨਾ ਖਾਂਦਾ-ਮੈਡਮ ਤਾਂ ਉਸ ਦੀ ਰੂਹ-ਉਸ ਦਾ ਜੀਵਨ ਹੀ ਨਾਲ ਲੈ ਕੇ ਤੁਰ ਗਈ ਸੀ। ਉਸ ਨੂੰ ਪਤਾ ਸੀ ਮੈਡਮ ਉਸ ਦੀ ਰੂਹ ਬਣ ਚੁੱਕੀ ਸੀ। ਮੈਡਮ ਉਸ ਦੀ ਕੀ ਲਗਦੀ ਸੀ? ਕੁਛ ਵੀ ਤਾਂ ਨਹੀਂ। ਕੀ ਮੈਡਮ ਉਸ ਦੀ ਮਾਸ਼ੂਕ ਸੀ? ਉਸ ਨੂੰ ਉੱਤਰ ਨਹੀਂ ਲੱਭਿਆ? ਕੀ ਮੈਡਮ ਨਾਲ ਕਦੇ ਉਸ ਦਾ ਸਰੀਰਕ ਰਿਸ਼ਤਾ ਹੋ ਸਕਦਾ ਸੀ? ਕਦੀ ਵੀ ਨਹੀਂ-ਉਸ ਦਾ ਮਨ ਇਕ ਦਮ ਬੋਲਿਆ-ਉਸ ਨੂੰ ਲਗਿਆ ਸੀ ਜਿਵੇਂ ਉਸ ਨੇ ਇਕ ਸੁੱਚੀ, ਪਾਕ ਰੂਹ ਨੂੰ ਗਾਲ੍ਹ ਕੱਢੀ ਸੀ-ਉਸ ਕਿੰਨੀ ਵਾਰੀ ਕੰਨਾਂ ਨੂੰ ਹੱਥ ਲਾਏ ਸਨ।

ਉਸ ਨੇ ਸ਼ਰਾਬ ਫਿਰ ਪੀਣੀ ਸ਼ੁਰੂ ਕਰ ਦਿੱਤੀ ਸੀ। ਤਕਰੀਬਨ ਅੱਧੀ ਬੋਤਲ ਅੰਦਰ ਜਾ ਚੁੱਕੀ ਸੀ-ਸਾਡੇ ਸਮਾਜਕ ਰਿਸ਼ਤੇ। ਉਹ ਹੱਸਿਆ-ਮੈਨੂੰ ਕੁਟ ਕੁਟ ਕੇ ਵਸਾਇਆ ਜਾ ਰਿਹਾ ਹੈ। ਸਾਹ 'ਚ ਸਾਹ ਲੈਣ ਲਈ ਪਤੀ ਪਤਨੀ ਦਾ ਜੀਵਨ ਜੀਣਾ ਕਦੀ ਤੜੀ ਨਾਲ ਇਕੱਠਾ ਕੀਤਾ ਜਾ ਰਿਹੈ-ਪਤਨੀ-ਪਤਨੀ ਦੀ ਜ਼ਰਾ ਪੀੜ ਤੇ ਮੁਕ ਮਰਨ ਵਾਲਾ ਰਿਸ਼ਤਾ ਮੈਨੂੰ ਕਚਹਿਰੀਆਂ 'ਚ ਧੂਈ ਫਿਰਦੈ। ਕਚਹਿਰੀਆਂ 'ਚੋਂ ਕੀ ਲਭਣਗੇ-ਰਣਜੀਤ? ਨਹੀਂ ਰਣਜੀਤ ਕਦੇ ਨਹੀਂ ਮਿਲ ਸਕਦਾ। ਰਣਜੀਤ ਮਰ ਸਕਦੈ-ਪਾਪੀ ਅਖਵਾ ਸਕਦੈ ਪਰ ਪਤੀ ਨਹੀਂ ਬਣ ਸਕਦਾ-ਇਹ ਪਸ਼ੂਆਂ ਦੀ ਦੁਨੀਆ-ਪਤੀ ਪਤਨੀ ਦੇ ਰਿਸ਼ਤੇ ਨੂੰ ਪਸ਼ੂਆਂ ਦਾ ਨਰੜ ਸਮਝਣ ਵਾਲੀ ਦੁਨੀਆ ਰਣਜੀਤ ਨੂੰ ਕਦੇ ਨਹੀਂ ਸਮਝ ਸਕਦੀ।

-ਪਰ ਰਣਜੀਤ ਤੂੰ ਜ਼ਿੰਦਾ ਕਿਉਂ ਹੈ? ਮੈਂ-ਮੈਂ ਮੈਡਮ ਲਈ ਜ਼ਿੰਦਾ ਹਾਂ, ਸ਼ੀਤਲ ਲਈ ਜ਼ਿੰਦਾ ਹਾਂ ਜਿਸ ਦਾ ਮੈਂ ਪਾਪੀ ਨੇ ਕੰਵਾਰ ਤੋੜਿਆ ਹੈ। ਮੈਂ ਸ਼ੀਤਲ ਬਿਨਾਂ ਰਹਿ ਸਕਦਾ ਸਾਂ ਪਰ ਹੁਣ ਨਹੀਂ ਰਹਿ ਸਕਦਾ। ਮੈਡਮ ਬਿਨਾਂ ਮੈਂ ਕਦੇ ਵੀ ਜ਼ਿੰਦਾ

ਨਹੀਂ ਰਹਿ ਸਕਦਾ-ਮੈਡਮ ਤੂੰ ਚਲੀ ਗਈ ਮੈਡਮ-ਮੈਨੂੰ ਇਕੱਲੇ ਨੂੰ ਛੱਡ ਕੇ ਚਲੀ ਗਈ। ਉਹ ਚੀਕਾਂ ਮਾਰਦਾ ਪਤਾ ਨਹੀਂ ਕਦੋਂ ਸੌਂ ਗਿਆ।

ਸ਼ਰਾਬ ਪੀਂਦਿਆਂ ਸਾਤਾ ਬੀਤ ਗਿਆ ਸੀ। ਉਸ ਦਾ ਅੰਦਰ ਛਲਨੀ ਹੋ ਗਿਆ ਸੀ। ਉਠ ਕੇ ਖੜ੍ਹਾ ਹੋਣਾ ਮੁਸ਼ਕਲ ਸੀ। ਉਸ ਦੀ ਨਜ਼ਰ ਦੀਵਾਰ ਦੇ ਲਟਕ ਰਹੇ ਕੈਲੰਡਰ ਤੇ ਪਈ-ਮੈਂ ਜਾਵਾਂਗਾ-ਪਸ਼ੂ ਨਹੀਂ ਤਾਂ ਸਮਝਣਗੇ ਡਰਦਾ ਜਾਨ ਲਕੋ ਰਿਹਾ ਹੈ।

ਰਣਜੀਤ ਨੇ ਕਸੀਸ ਵੱਟੀ। ਮੂੰਹ ਧੋਤਾ, ਕੱਪੜੇ ਪਾਏ। ਬਸ ਚੜ੍ਹ ਗਿਆ।

ਕਚਹਿਰੀ 'ਚ ਪਹੁੰਚਿਆ। ਰਿਸ਼ਤੇਦਾਰਾਂ ਦਾ ਮੇਲਾ ਲੱਗਿਆ ਸੀ। ਹਰ ਇਕ ਦੇ ਹੱਥ 'ਚ ਹਥਿਆਰ ਸੀ।

ਉਸ ਪਤਾ ਕੀਤਾ ਆਵਾਜ਼ ਨਹੀਂ ਪਈ ਸੀ। ਉਹ ਨਿਧੜਕ ਇਕ ਦਰਖ਼ਤ ਕੋਲ ਖੜ੍ਹ ਗਿਆ। ਸ਼ਰਾਬ ਨੇ ਚੂਰ ਕੀਤਾ ਸਰੀਰ ਸੁਕੇ ਕੱਖ ਵਾਂਗ ਡੋਲ ਰਿਹਾ ਸੀ।

"ਕਾਕਾ ਜੀ ਕੀ ਹਾਲ ਹੈ?" ਕੋਈ ਬਜ਼ੁਰਗ ਉਸ ਪਾਸ ਆਇਆ।

"ਠੀਕ ਹਾਂ ਜੀ।"

"ਸੁਲਾਹ ਕਰ ਲਓ।"

"ਹੁਣ ਸੁਲਾਹ ਕੀ ਹੋਵੇਗੀ?"

"ਲੜਕੀ ਵਸਾ ਲਓ-ਧੀਆਂ ਭੈਣਾਂ ਸਭ ਦੀਆਂ ਸਾਂਝੀਆਂ ਹੁੰਦੀਆਂ ਨੇ,"

"ਹੁਣ ਕਿਵੇਂ ਵਸ ਸਕਦੀ ਹੈ?"

ਬਜ਼ੁਰਗ ਚੁੱਪ ਰਿਹਾ।

"ਹਾਂ ਮੁਕੱਦਮਾ ਕਰਨ ਵਾਲਾ ਮਾੜਾ ਕੰਮ ਕੀਤਾ।"

"ਟੁੱਟੀ ਤਾਰ 'ਚੋਂ ਮਿੱਠੀ ਸੁਰ ਨਹੀਂ ਨਿਕਲ ਸਕਦੀ।"

"ਇਹ ਗੱਲ ਇਨ੍ਹਾਂ ਖੇਸਾਂ ਵਾਲਿਆਂ ਦੀ ਸਮਝ ਵਿਚ ਨਹੀਂ ਆ ਸਕਦੀ।"

"ਜੋ ਸਮਝ ਆਉਂਦੈ ਕਰੀ ਜਾਂਦੇ ਐ।"

"ਖ਼ੈਰ! ਜਾਨ ਦਾ ਧਿਆਨ ਕਰੀਂ।"

"ਜਾਨ ਦੀ ਕੋਈ ਪਰਵਾਹ ਨਹੀਂ।"

ਆਵਾਜ਼ ਪਈ। ਰਣਜੀਤ ਸਿਰ ਝੁਕਾ ਕੇ ਮੈਜਿਸਟਰੇਟ ਦੇ ਸਾਹਮਣੇ ਖੜ੍ਹ ਗਿਆ।

ਅਗਲੇ ਮਹੀਨੇ ਦੀ 10 ਤਾਰੀਖ ਪੈ ਗਈ ਸੀ।

ਰਣਜੀਤ ਮੁੜਨ ਲੱਗਿਆ।

"ਸੁਣੋ!" ਮੈਜਿਸਟਰੇਟ ਸੀ।

"ਜੀ ਜਨਾਬ।"

"ਸਾਹਮਣੇ ਬੈਂਚ ਤੇ ਬੈਠ ਜਾਓ।" ਉਸ ਇਸ਼ਾਰਾ ਕੀਤਾ। "ਇਨ੍ਹਾਂ ਸਭ ਲੋਕਾਂ ਨੂੰ ਬਾਹਰ ਕੱਢ ਦਿਓ।"

ਮੈਜਿਸਟਰੇਟ ਘੰਟਾ ਭਰ ਕੰਮ ਕਰਦਾ ਰਿਹਾ। ਰਣਜੀਤ ਉਡੀਕ ਰਿਹਾ ਸੀ। ਬਾਹਰ ਜਾਣ ਲਈ ਕਾਹਲਾ ਸੀ। ਮੈਜਿਸਟਰੇਟ ਸਭ ਕੰਮ ਭੁਗਤਾ ਚੁੱਕਿਆ ਸੀ।

"ਸੁਣੋ।"

"ਜੀ।"

"ਅੰਗਰੇਜ਼ੀ ਦੇ ਪ੍ਰੋਫੈਸਰ ਹੋ ?"

"ਜੀ।"

"ਕੀ ਪਰਸੈਂਟਏਜ ਸੀ ਅੰਗਰੇਜ਼ੀ 'ਚੋਂ।"

"62% ਜਨਾਬ।"

ਮੈਜਿਸਟਰੇਟ ਮੂੰਹ 'ਚ ਉਂਗਲ ਪਾ ਕੇ ਉਸ ਵਲ ਤਕਦਾ ਰਿਹਾ। ਅਸਲ ਗੱਲ ਉਹ ਖ਼ੁਦ ਲਿਟਰੇਚਰ ਦਾ ਸਟੂਡੈਂਟ ਸੀ।

"ਕੋਈ ਵਕੀਲ ?"

"ਕੋਈ ਲੋੜ ਹੀ ਨਹੀਂ ਜਨਾਬ।"

"ਅੱਛਾ ਜਾਓ-ਧਿਆਨ ਰਖਣਾ।"

ਮੈਜਿਸਟਰੇਟ ਕਿਰਪਾਨਾਂ ਵਾਲਿਆਂ ਨੂੰ ਤਾੜ ਗਿਆ ਸੀ। ਇਸ ਲਈ ਉਸ ਰਣਜੀਤ ਨੂੰ ਚਾਰ ਘੰਟੇ ਕਮਰੇ 'ਚ ਬਹਾ ਰੱਖਿਆ ਸੀ। ਉਹ ਲੋਕ ਬਹੁਤ ਦੇਰ ਆਸੇ ਪਾਸੇ ਝਾਕਦੇ ਰਹੇ।

ਅਖ਼ੀਰ ਨਿਰਾਸ਼ ਹੋ ਕੇ ਤੁਰ ਗਏ ਸਨ।

ਰਣਜੀਤ ਘਰ ਪਹੁੰਚਿਆ। ਸ਼ਰਾਬ ਦੀ ਬੋਤਲ ਰਾਹ 'ਚੋਂ ਹੀ ਖ਼ਰੀਦ ਲਿਆਇਆ ਸੀ। ਮੈਡਮ ਪ੍ਰੋਫੈਸਰ ਉਸ ਦੀਆਂ ਅੱਖਾਂ 'ਚ ਸਮਾਈ ਹੋਈ ਸੀ। ਉਸ ਲਿਖਣਾ ਸ਼ੁਰੂ ਕਰ ਦਿੱਤਾ।

"ਯਾਰ ਮੈਡਮ,

ਤੈਨੂੰ ਵਿਛੜਿਆਂ ਜੁਗੜੇ ਬੀਤ ਗਏ। ਮੈਂ ਰਿਸ਼ੀ ਦੀ ਸਰਾਪੀ ਰੂਹ ਦੇ ਦੋਜ਼ਖ 'ਚ ਭਟਕਣ ਵਾਂਗ ਸੁੰਨੀਆਂ ਗਲੀਆਂ 'ਚ ਭਟਕ ਰਿਹਾ ਹਾਂ। ਹਾੜਾ ਈ ਰੂਹ ਦਿਖਾ ਜਾ, ਨਹੀਂ ਤਾਂ ਇਹ ਮੂਸਾ ਤੂਰ ਦੇ ਜਲਵੇ ਨੂੰ ਤਰਸਦਾ ਰਾਖ ਹੋ ਜਾਏਗਾ। ਅੰਤ ਬਹੁਤ ਕਰੀਬ ਦਿਖ ਰਿਹਾ ਹੈ ਤੇਰੀ ਰੂਹ ਦੇ ਦਰਸ਼ਨਾਂ ਬਿਨਾਂ ਮਰ ਗਿਆ ਤਾਂ ਇਸ ਪਿਆਸੀ ਰੂਹ ਨੂੰ ਕੋਈ ਟਿਕਾਣਾ ਵੀ ਨਹੀਂ ਮਿਲਣਾ।

ਤੇਰਾ ਰਣਜੀਤ",

ਉਸ ਚਿੱਠੀ ਲਿਖੀ ਪਰ ਉਸ ਨੂੰ ਯਾਦ ਨਹੀਂ ਰਿਹਾ ਕਿ ਉਹ ਪੋਸਟ ਵੀ ਕਰ ਦਿੱਤੀ ਸੀ ਜਾਂ ਨਹੀਂ।

ਬਿਨਾਂ ਰੋਟੀ, ਚਾਹ-ਸ਼ਰਾਬ ਹੀ ਸ਼ਰਾਬ ਚਲ ਰਹੀ ਸੀ। ਰੁੱਖੀ ਸ਼ਰਾਬ ਖ਼ੂਨ 'ਚ ਰੱਚ ਗਈ ਲੱਗਦੀ ਸੀ।

ਕਮਰਾ ਖਾਲੀ ਬੋਤਲਾਂ ਨਾਲ ਭਰ ਗਿਆ ਸੀ। ਅੰਦਰੋਂ ਸ਼ਰਾਬ ਦੀ ਬੂ ਉਠ ਰਹੀ ਸੀ।

ਰਣਜੀਤ ਬੇਸੁਰਤ ਸੀ।

ਉਸ ਨੂੰ ਲਗਿਆ ਜਿਵੇਂ ਉਸਦੀ ਤਪਦੀ ਰੂਹ ਨੂੰ ਕਿਸੇ ਕੋਰੇ ਘੜੇ ਦਾ ਪਾਣੀ ਪਿਲਾ ਦਿੱਤਾ ਸੀ। ਚਸਕਦੇ ਫੱਟ ਤੇ ਠੰਢੀ ਮਰਹਮ ਦਾ ਫਹਾ ਰੱਖ ਦਿੱਤਾ ਸੀ।

ਯਾਰ ਮੈਡਮ ਉਸ ਬੁਕਲ 'ਚ ਲਈ ਰੋ ਰਹੀ ਸੀ। ਮੈਡਮ ਵੀ ਅੰਤਾਂ ਦੀ ਹਾਬੜੀ ਹੋਈ ਸੀ।

ਮੈਡਮ ਨੇ ਰਣਜੀਤ ਦਾ ਮੂੰਹ ਧੋਤਾ। ਅੱਖਾਂ 'ਚ ਪਾਣੀ ਛਿਟੇ ਮਾਰੇ। ਰਣਜੀਤ ਨੂੰ ਹੌਲੀ ਹੌਲੀ ਸੁਰਤ ਆਈ। ਮਿਹਰਬਾਨ ਮੁਖੜੇ ਦਾ ਦੀਦਾਰ ਪਾ ਕੇ ਰਣਜੀਤ ਬਿਲਕ ਉਠਿਆ। ਜਿਵੇਂ ਉਹ ਮੌਤ ਦੇ ਮੂੰਹ 'ਚੋਂ ਯਾਰ ਦੀ ਗਲਵਕੜੀ 'ਚ ਆ ਗਿਆ ਸੀ।

ਮੈਡਮ ਨੇ ਸਭ ਬੋਤਲਾਂ ਬਾਹਰ ਸੁੱਟ ਦਿੱਤੀਆਂ। ਕਮਰਾ ਸਾਫ ਕੀਤਾ। ਧੂਫ ਜਗਾਈ ਰਣਜੀਤ ਨੇ ਨਹਾ ਲਿਆ। ਪਰ ਉਸ ਤੋਂ ਖੜ੍ਹਿਆ ਨਹੀਂ ਜਾ ਰਿਹਾ ਸੀ। ਮੈਡਮ ਨੇ ਉਸ ਨੂੰ ਨਿੰਬੂ ਪਿਲਾਇਆ। ਫੇਰ ਮਿੱਠੀ ਦਹੀਂ ਦੇ ਦੋ ਚਮਚੇ ਦਿੱਤੇ। ਰਣਜੀਤ ਦਾ ਦਿਲ ਥਾਵੇਂ ਆ ਗਿਆ ਸੀ।

ਅਗਲੀ ਸਵੇਰ ਤਕ ਰਣਜੀਤ ਠੀਕ ਸੀ। "ਕੀ ਸਜ਼ਾ ਦਿਆਂ?" ਮੈਡਮ ਦੇ ਗ਼ੁੱਸੇ 'ਚ ਵੀ ਯਾਰਾਂ ਵਾਲੀ ਮੁਸਕਾਨ ਲੁਕੀ ਸੀ।

"ਜੋ ਮਰਜ਼ੀ ਪਰ ਵਿਛੋੜਾ ਨਹੀਂ।"

"ਤੂੰ ਵਿਛੋੜੇ ਦੇ ਹੀ ਕਾਬਲ ਹੈਂ।"

"ਇਉਂ ਨਾ ਕਹਿ ਯਾਰਾ ਦੁੱਖ ਲਗਦੈ।"

"ਰਣਜੀਤ ਕਈ ਵਾਰ ਅਸੀਂ ਖ਼ੁਦ ਲਈ ਨਹੀਂ, ਦੂਜਿਆਂ ਲਈ ਜਿਉਂਦੇ ਹਾਂ। ਤੁਸੀਂ ਕੀ ਕਰ ਰਹੇ ਸੀ, ਨਾ ਸ਼ੀਤਲ ਦਾ ਤੇ ਨਾ ਮੇਰਾ ਖ਼ਿਆਲ ਕੀਤਾ ਸੀ?"

"ਮੈਡਮ ਮੇਰਾ ਦਿਮਾਗ਼ ਖ਼ਤਮ ਹੋਇਆ ਲਗਦੈ-ਤੂੰ ਤੁਰ ਗਈ ਮੈਨੂੰ ਲੱਗਿਆ, ਮੇਰੀ ਰੂਹ ਵਿਛੜ ਗਈ-ਜਹਾਨ ਸੁੰਨਾ ਹੋ ਗਿਆ।"

ਮੈਡਮ ਬੇ-ਬਸ ਹੋ ਕੇ ਦੌੜੀ, ਰਣਜੀਤ ਦਾ ਸਿਰ ਛਾਤੀ ਨਾਲ ਲਾ ਕੇ ਕਿਸੇ ਅਕਹਿ ਆਨੰਦ 'ਜ ਡੁੱਬੀ ਰਹੀ।

ਆਸੇ ਪਾਸੇ ਚਰਚਾ ਸੀ ਪਰ ਮੈਡਮ ਅਗਲੀ ਰਾਤ ਕਾਲਜ ਦੇ ਹੋਸਟਲ ਚਲੀ ਗਈ। ਦਰਵਾਜ਼ਾ ਹਰ ਸਮੇਂ ਖੁਲ੍ਹਾ ਰਹਿੰਦਾ ਸੀ, ਜਿਸ ਕਰਕੇ ਚਰਚਾ ਗਲਤ ਰੂਪ ਨਾ ਧਾਰ ਸਕੀ।

"ਹੁਣ ਕੀ ਪ੍ਰੋਗਰਾਮ ਹੈ?" ਮੈਡਮ ਨੇ ਪੁੱਛਿਆ।

"ਤੂੰ ਚਲ ਘਰ-ਛੁੱਟੀਆਂ ਨਾ ਖਰਾਬ ਕਰ।"

"ਛੁੱਟੀਆਂ ਦੀ ਪ੍ਰਵਾਹ ਨਹੀਂ। ਚਲ ਡੇਹਰਾਦੂਨ ਚੱਲੀਏ। ਵੈਸੇ ਮੈਂ ਪਰਸੋਂ ਹੀ ਆਈ ਹਾਂ-ਸ਼ੀਤਲ ਠੀਕ ਠਾਕ ਹੈ।"

"ਯਾਰ ਮੈਡਮ-ਤੇਰੇ ਮੂੰਹੋਂ ਸ਼ੀਤਲ ਦਾ ਜ਼ਿਕਰ ਕਿਵੇਂ ਲਗਦੈ।"

"ਕਿਉਂ?" ਮੈਡਮ ਦੇ ਕਿਉਂ 'ਚ ਨਖ਼ਰਾ, ਸ਼ੋਖੀ ਤੇ ਸੁਆਦ ਘੁਲਿਆ ਹੋਇਆ ਸੀ। ਉਸ ਦੀਆਂ ਟੋਪੀਦਾਰ ਅੱਖਾਂ ਪਤਾ ਨਹੀਂ ਕੀ ਕੁਛ ਕਹਿ ਗਈਆਂ।

ਉਹ ਰਾਤ ਦੀ ਗੱਡੀ ਡੇਹਰਾਦੂਨ ਨੂੰ ਰਵਾਨਾ ਹੋ ਗਏ। ਫਸਟ-ਕਲਾਸ ਦਾ ਕਿਊਬੀਕਲ ਸੀ। ਡੱਬੇ 'ਚ ਵੜਦਿਆਂ ਪਤਾ ਨਹੀਂ ਕੀ ਹੋਇਆ, ਦੋਹਾਂ ਨੇ ਹੀ

ਇਕ ਦੂਜੇ ਨੂੰ ਜੱਫੀ ਪਾ ਲਈ। ਧੜਕਦੇ ਸੀਨੇ ਪਤਾ ਨਹੀਂ ਇਕ ਦੂਜੇ ਨੂੰ ਕੀ ਦੱਸਦੇ ਰਹੇ।

ਫੇਰ ਉਹ ਸੌਂ ਗਏ। ਗੱਡੀ ਭਜਦੀ ਗਈ-ਦੋ ਰੂਹਾਂ ਸੁੱਤੀਆਂ ਪਈਆਂ ਸਨ। ਮੰਜ਼ਲ ਇਕ ਸੀ। ਰਾਹ ਵੱਖਰੇ ਵੱਖਰੇ। ਜਿੰਦ ਇਕ ਸੀ ਪਰ ਵਿਚਕਾਰ ਕੋਈ ਹੱਦ ਸੀ। ਪਿਛਲੇ ਜਨਮ ਦੀ ਭਗਤੀ 'ਚ ਕੋਈ ਵਿਘਨ ਪਿਆ ਸੀ। ਰਣਜੀਤ ਤੋਂ ਕੋਈ ਖ਼ਨਾਮੀ ਹੋਈ ਜਾਂ ਮੈਡਮ ਤੋਂ ਗਲਤੀ। ਕੁਦਰਤ ਦਾ ਸਜ਼ਾ ਦੇਣ ਦਾ ਵੀ ਕੈਸਾ ਤਰੀਕਾ ਹੈ। ਚਸ਼ਮੇਂ ਦੇ ਕੋਲ ਵੀ ਪਿਆਸੇ ਰਹਿਣਾ ਪੈਂਦੇ। ਸ਼ਾਇਦ ਪਿਛੇ ਜਨਮ ਦਾ ਸ਼ੀਤਲ ਦਾ ਕੋਈ ਉਧਾਰ ਸੀ ਜਿਸ ਦਾ ਸੂਦ ਇਤਨਾ ਬਣ ਗਿਆ ਸੀ। ਕਿਸੇ ਦਰਵੇਸ਼ ਦੀ ਰੂਹ ਨੂੰ ਸਤਾਇਆ ਸੀ ਕਿ ਰਣਜੀਤ ਦਾ ਵਿਆਹ ਹੋਇਆ ਸੀ। ਕਿਸੇ ਭਗਤਣੀ ਨੂੰ ਤੰਗ ਕੀਤਾ ਸੀ ਕਿ ਮੈਡਮ ਪ੍ਰੋਫੈਸਰ ਚਸ਼ਮੇਂ ਕੋਲ ਸੁੱਕੇ ਬੁਲ੍ਹਾਂ 'ਤੇ ਜੀਭ ਫੇਰ ਰਹੀ ਸੀ। ਰਣਜੀਤ ਦਾ ਉਪਕਾਰ ਦੇਣਾ ਸੀ ਕਿ ਉਹ ਆਪਣੀ ਮਲੂਕ ਜਿਹੀ ਜਿੰਦ ਮਾਊਜ਼ਰ ਵਾਲੇ ਜਸਵੰਤ ਦੇ ਕਰੜੇ ਹੱਥਾਂ 'ਚ ਦੇ ਰਹੀ ਸੀ।

ਸ਼ਾਇਦ ਦੋਹਾਂ ਦੇ ਮਨ ਇਹੀ ਸੋਚ ਰਹੇ ਸਨ-ਜਦ ਰਣਜੀਤ ਸ਼ੀਤਲ ਦਾ ਵਿਆਹ ਹੋ ਜਾਏਗਾ ਤਾਂ ਕੀ ਮੈਡਮ ਜਿੰਦਾ ਰਹੇਗੀ-ਵਚਨ ਦਿੱਤਾ ਹੈ ਜਸਵੰਤ ਨਾਲ ਰਹਿਣ ਦਾ-ਮੌਤ ਵੀ ਤਾਂ ਹੱਲ ਹੋ ਸਕਦੈ। ਕਿਤੇ ਫੇਰ ਕੋਈ ਉਪਕਾਰ ਬਾਕੀ ਰਹਿ ਜਾਏ ਜਿਹੜਾ ਅਗਲੇ ਜਨਮ ਜਸਵੰਤ, ਸ਼ੀਤਲ, ਰਣਜੀਤ ਮੰਗ ਖੜ੍ਹੇ।

ਮੈਂ ਜ਼ਿੰਦਾ ਮੌਤ ਜੀਅਗੀ। ਸੁੱਤੀ ਯਾਰ ਮੈਡਮ ਸੋਚ ਰਹੀ ਸੀ।

## 14.

**ਗੋਰਾ ਰੰਗ ਟਿਬਿਆਂ ਦਾ ਰੇਤਾ,**
**ਵਾ ਆਈ ਉਡ ਜੂ ਗਾ।**

ਰਤਨ ਹੋਟਲ ਵਿਚ ਕਮਰਾ ਲੈ ਲਿਆ।
"ਇਹ ਤਾਂ ਉਹੀ ਕਮਰਾ ਹੈ।"
"ਜਿਥੇ ਗਊ ਹੱਤਿਆ ਹੋਈ ਸੀ-ਤਾਂ ਮੈਂ ਚਲੀ।"
ਦੋਵੇਂ ਹਸਦੇ ਰਹੇ।
"ਨਹੀਂ ਇਥੇ ਹੱਤਿਆ ਨਹੀਂ ਹੋਈ ਸੀ।'
"ਯਾਰ ਰਣਜੀਤ ਦਿਲ ਬੇਇਮਾਨ ਹੁੰਦਾ ਜਾਂਦੈ।"
"ਮੇਰਾ ਵੀ।"
ਦੋਵੇਂ ਫੇਰ ਹੱਸ ਪਏ।
"ਚਲ ਕਿਤੇ ਚਲੇ ਚਲੀਏ-ਨਾ ਸ਼ੀਤਲ ਮਿਲੇ ਨਾ ਕੋਈ ਹੋਰ।"
"ਚਲ ਯਾਰ-ਨਾਲੇ ਕਿੰਨੇ ਹੀ ਝਗੜਿਆਂ ਤੋਂ ਜਾਨ ਛੁਟ ਜੂ"
"ਪਰ ਜੇ ਕੋਈ ਸਜ਼ਾ ਅਗਲੇ ਜਨਮ ਲਈ ਬਾਕੀ ਰਹਿ ਗਈ ?"
"ਯਾਰ ਇਹੀ ਗੱਲ ਮੈਂ ਗੱਡੀ 'ਚ ਸੋਚਦਾ ਸਾਂ।"

"ਮੈਂ ਵੀ ਇਹੀ ਸੋਚਦੀ ਰਹੀ ਹਾਂ।" ਫੇਰ ਮੈਡਮ ਉਸ ਦੇ ਮੋਢੇ ਨਾਲ ਸਿਰ ਲਾ ਕੇ ਖੜ੍ਹ ਗਈ। "ਯਾਰ ਕਦ ਇਹ ਵਿਛੋੜਾ ਮੁਕੂਗਾ ?"

"ਕੱਟ ਲਾ ਮਨਾ ਚਿੱਤ ਲਾ ਕੇ, ਲਿਖੀਆਂ ਲੇਖ ਦੀਆਂ।"

ਦੋਵੇਂ ਹੱਸਦੇ ਪਰ ਹੰਝੂ ਭਰੀਆਂ ਅੱਖਾਂ ਨਾਲ ਇਕ ਦੂਜੇ ਵੱਲ ਤਕਦੇ ਰਹੇ।

ਨਹਾ ਕੇ ਕਪੜੇ ਬਦਲੇ। ਨਾਸ਼ਤਾ ਕੀਤਾ-ਬਾਹਰ ਝਾਤੀ ਮਾਰੀ। ਗੁਲਮੋਹਰ ਦੇ ਦਰਖ਼ਤ ਸੁਰਖੀ ਵੰਡ ਰਹੇ ਸਨ। ਕੁਛ ਦਰਖ਼ਤ ਚਿੱਟੀਆਂ ਚੁੰਨੀਆਂ ਲਏ ਖੜ੍ਹੇ ਸਨ। ਧਰਤੀ ਤੇ ਚਿੱਟੇ, ਲਾਲ, ਗੁਲਾਬੀ ਡੱਬ ਪਏ ਸਨ।

ਮੈਡਮ ਨੇ ਹਉਕਾ ਲੈ ਕੇ ਰਣਜੀਤ ਨੂੰ ਜੱਫੀ ਪਾ ਲਈ।

ਪਲਟਨ ਬਾਜ਼ਾਰ ਸੁੰਨਾ ਸੀ। ਦੁਕਾਨਾਂ ਅਜੇ ਖੁਲ੍ਹ ਹੀ ਰਹੀਆਂ ਸਨ। ਫੁੱਲਾਂ ਕੱਜੀਆਂ ਡਾਹਣੀਆਂ ਨੂੰ ਹਵਾ ਛੇੜਦੀ ਲੰਘ ਰਹੀ ਸੀ।

ਉਨ੍ਹਾਂ ਨੂੰ ਤੁਰਨ ਵਿਚ ਆਨੰਦ ਆ ਰਿਹਾ ਸੀ। ਢਲਕੀ ਸੜਕ ਤੇ ਤੇਜ਼ ਜਾਂਦੀ ਪੱਥਰਾਂ ਦੇ ਹੁਕਮ 'ਚ ਬੱਝੀ ਨਦੀ ਦੇ ਕਿਨਾਰੇ ਉਹ ਪਾਣੀ ਵਾਂਗ ਤਰਦੇ ਗਏ।

"ਮੈਨੂੰ ਅੱਗੇ ਨਹੀਂ ਜਾਣਾ ਚਾਹੀਦਾ।"

"ਅਸੀ ਠੀਕ ਦੋ ਵਜੇ ਲਕਸ਼ਮੀ ਰੈਸਟੋਰੈਂਟ ਵਿਚ ਪਹੁੰਚਾਂਗੀਆਂ।"

ਰਣਜੀਤ ਪਰਤ ਆਇਆ।

ਮੈਡਮ ਸਿੱਧੀ ਸ਼ੀਤਲ ਦੇ ਕਮਰੇ ਵਿਚ ਪਹੁੰਚ ਗਈ।

"ਕਿਸ ਦੇ ਖ਼ਿਆਲਾਂ ਦੀ ਕਿਤਾਬ ਖੋਲ੍ਹ ਰੱਖੀ ਹੈ ?"

"ਮੈਡਮ ਜੀ ਦੀ ਜਾਂ ਕਿਸੇ ਹੋਰ ਦੀ।"

ਦੋਵੇਂ ਸਹੇਲੀਆਂ ਵਾਂਗ ਮਿਲੀਆਂ।

"ਅਚਾਨਕ ਹੀ ਮੈਡਮ ਜੀ ?"

"ਤੂੰ ਇਤਬਾਰ ਨਹੀਂ ਕਰਨਾ।"

"ਦੱਸੋ ਨਾ ਮੈਡਮ ਜੀ।"

"ਹੀਰ ਆਖਦੀ ਜੋਗੀਆ ਝੂਠ ਬੋਲੇਂ
ਕੌਣ ਵਛੜੇ ਯਾਰ ਮਿਲਾਉਂਦਾ ਈ।"

ਮੈਡਮ ਹੀਰ ਬਹੁਤ ਮਿਠੀ ਗਾਂਦੀ ਸੀ।

"ਸੱਚ ਮੈਡਮ ਜੀ ?"

"ਦੱਸ ਹੁਣੇ ਮਿਲਾਵਾਂ-ਇਸ ਮੁੱਠੀ 'ਚੋਂ।"

"ਮਜ਼ਾਕ ਨਾ ਕਰੋ ਮੈਡਮ ਜੀ।"

"ਅੱਛਾ ਜੀ ਅਸੀਂ ਸਫਰ ਕਰਦੇ ਥੱਕ ਲੱਥੇ ਨਵਾਬਜ਼ਾਦੀ ਨੂੰ ਮਜ਼ਾਕ ਹੀ ਲਗਦੇ ਐਂ।" ਮੈਡਮ ਹੱਸਣ ਦੇ ਮੂਡ 'ਚ ਸੀ। ਉਸ ਦੇ ਅੰਦਰ ਮਿਠਾ ਮਿਠਾ ਸੁਆਦ ਸੀ। ਮਨ 'ਚ ਨਿਮ੍ਹਾ ਨਿਮ੍ਹਾ ਸਰੂਰ ਸੀ। ਉਹ ਖ਼ੀਵੀ ਸੀ। ਉਸ ਦਾ ਸਰੀਰ ਉਡੂ ਉਡੂ ਕਰਦਾ ਸੀ, ਨਚੂੰ ਨਚੂੰ ਕਰਦਾ ਸੀ।

"ਕਿਥੇ ਨੇ ਮੈਡਮ ਜੀ ?" ਸ਼ੀਤਲ ਬੇਤਾਬ ਹੋ ਗਈ।

"ਸ਼ੀ-ਸ਼ੀ-ਸ਼ੀ।" ਮੈਡਮ ਨੇ ਬੁੱਲ੍ਹ ਤੇ ਉਂਗਲ ਧਰੀ ਕਿ ਉਹ ਚੁੱਪ ਰਹੇ। "ਆਹਿਸਤਾ ਬੋਲ-ਕੋਈ ਸੁਣ ਲੇ ਗਾ-ਕਹਿੰਦੇ ਐ ਦੀਵਾਰਾਂ ਦੇ ਕੰਨ ਹੁੰਦੇ ਐ।"

ਮੈਡਮ ਸੋਲਾਂ ਸਾਲਾਂ ਦੀ ਸ਼ਰਾਰਤਨ ਲੜਕੀ ਬਣੀ ਖੜ੍ਹੀ ਸੀ।

ਬਾਹਰੋਂ ਸ਼ਰਮਾ ਆ ਗਈ।

ਚਾਹ ਪੀਤੀ ਗਈ।

"ਬਾਜ਼ਾਰ ਚੱਲੀਏ ?" ਮੈਡਮ ਨੇ ਕਿਹਾ।

"ਪਰ ਛੁੱਟੀ ਨਹੀਂ ਮਿਲਣੀ।"

ਮੈਡਮ ਵਾਰਡਨ ਪਾਸ ਚੱਲੀ ਗਈ।

"ਮੇਰੇ ਬਸ ਕਾ ਨਹੀਂ।" ਵਾਰਡਨ ਤੁਰੰਤ ਹੀ ਕੰਨਾਂ ਤੇ ਹੱਥ ਧਰ ਗਈ।

ਮੈਡਮ ਪ੍ਰਿੰਸੀਪਲ ਪਾਸ ਚਲੀ ਗਈ।

"ਆਪ ਵਾਰ ਵਾਰ ਡੇਹਰਾਦੂਨ ਕਿਸ ਲੀਏ ਆਤੇ ਹੈਂ।"

"ਸ਼ੀਤਲ ਮੇਰੀ ਸਟੂਡੈਂਟ ਕੇ ਸਾਥ ਸਾਥ ਸਹੇਲੀ ਹੈ-ਉਸ ਕਾ ਮਨ ਠੀਕ ਨਹੀਂ। ਮੁਝੇ ਸਮਰ ਕੀ ਛੁੱਟੀਆਂ ਹੈਂ।"

"ਲੇਕਨ ਮੈਂ ਉਸੇ, ਅਕੇਲੀ ਕੋ ਨਹੀਂ ਭੇਜ ਸਕਤੀ।"

"ਮੈਂ ਜੋ ਸਾਥ ਹੂੰ।"

"ਭਲੇ ਹੋਂ-ਮੁਝੇ ਉਸ ਲੜਕੀ ਸੇ ਡਰ ਲਗਤਾ ਹੈ। ਅਗਰ ਕੋਈ ਗੜਬੜ ਹੋ ਗਈ ਤੋ ਮੈਂ ਉਸ ਕੇ ਘਰ ਵਾਲੋਂ ਕੋ ਕਿਆ ਜਵਾਬ ਦੂੰਗੀ।"

ਪ੍ਰਿੰਸੀਪਲ ਅੱਜ ਵੀ ਜਸਵੰਤ ਦੀ ਤਸਵੀਰ ਅੱਖਾਂ ਸਾਹਮਣੇ ਲਿਆਂਦੀ ਸੀ ਤਾਂ ਉਹ ਡਰ ਨਾਲ ਕੰਬ ਜਾਂਦੀ ਸੀ।

"ਤੋ ਐਸਾ ਕਰੀਏ ਕਿਸੀ ਮਾਈ ਕੋ ਸਾਥ ਭੇਜ ਦੋ।"

ਪ੍ਰਿੰਸੀਪਲ ਮਾਈ ਭੇਜਣ ਲਈ ਰਜ਼ਾਮੰਦ ਹੋ ਗਈ।

ਲਕਸ਼ਮੀ ਪਾਸ ਪਹੁੰਚਦਿਆਂ ਦੋ ਵਜ ਗਏ ਸਨ। ਸ਼ੀਤਲ ਰਣਜੀਤ ਨੂੰ ਦੂਰੋਂ ਦੇਖ ਹੀ ਤਕ ਤਕ ਕੇ ਖਿਲ ਉੱਠੀ ਸੀ। ਉਹ ਅੰਦਰ ਕੈਬਨ ਵਿਚ ਬੈਠ ਗਿਆ।

"ਮਾਈ ਜੀ, ਹਮ ਚਾਏ ਪੀ ਕਰ ਆਤੇ ਹੈ।" ਮੈਡਮ ਨੇ ਮਾਈ ਨੂੰ ਹੋਟਲ ਤੋਂ ਬਾਹਰ ਰੁਕਣ ਲਈ ਇਸ਼ਾਰਾ ਕੀਤਾ।

"ਠੀਕ ਹੈ ਮਿਲਾ ਲੋ ਬੇਚਾਰੀ ਕੋ।"

"ਕਿਆ ਕਹਾ ?"

"ਯੇਹ ਸਫੇਦ ਧੂਪ ਮੇਂ ਨਹੀਂ ਹੂਏ।"

"ਤੋ.......।"

"ਮੈਨੇ ਹੰਸਤੇ ਹੂਏ ਲੜਕੇ ਕੋ ਪਹਿਚਾਣ ਲਿਆ ਥਾ...ਲੇਕਨ ਆਪ ਬੇਫ਼ਿਕਰ ਰਹੀਏ, ਮੈਂ ਕਿਸੀ ਸੇ ਕੁਛ ਬੋਲੂੰਗੀ ਨਹੀਂ...ਹਮ ਨੇ ਬੀ ਜਵਾਨੀ ਮੈਂ ਇਸ਼ਕ ਕੀਆ ਥਾ।"

"ਕਾਮਯਾਬੀ ਮਿਲੀ ?"

"ਅਰੇ ਬਾਬਾ ਕਹਾਂ ਕਾਮਯਾਬੀ। ਨਸੀਬ ਹੀ ਖੋਟਾ ਥਾ।"

"ਅੱਛਾ ਤੁਮ ਬੀ ਕੁਛ ਪੀ ਕਰ ਆਉ।" ਮੈਡਮ ਨੇ ਪੰਜ ਦਾ ਨੋਟ ਮਾਈ ਦੇ ਹੱਥ ਵਿਚ ਦਿੱਤਾ।

"ਇਸੇ ਕਹੀਂ ਔਰ ਮਿਲਾਨਾ ਹੈ-ਲੇ ਚਲੋ-ਮੁਝੇ ਸੁਖ ਮਿਲਤਾ ਹੈ ਜਬ ਦੋ ਚਾਹਨੇ ਵਾਲੇ ਮਿਲਤੇ ਹੈਂ ਤੋ।" ਮਾਈ ਬੜੀ ਜ਼ਿੰਦਾ ਦਿਲ ਔਰਤ ਸੀ। ਉਸ ਦੇ ਚਿਹਰੇ ਦੀਆਂ ਝੁਰੜੀਆਂ 'ਚ ਕੋਈ ਵਰ੍ਹਿਆਂ ਦੀ ਪੀੜਾ ਉਸਲਵੱਟੇ ਲੈ ਰਹੀ ਸੀ

ਸ਼ੀਤਲ ਮੈਡਮ ਦੇ ਸਾਹਮਣੇ ਹੀ ਰਣਜੀਤ ਨਾਲ ਜੱਫੀ ਪਾ ਕੇ ਮਿਲੀ। ਉਸਦੇ ਹੰਝੂ ਸੰਭਲਦੇ ਨਹੀਂ ਸਨ। ਹੁਬਕੀਆਂ ਵੀ ਚਲਦੀਆਂ ਰਹੀਆਂ।

ਬੈਹਰਾ ਚਾਹ ਲੈ ਕੇ ਆ ਗਿਆ।

ਮੈਡਮ ਬਹੁਤ ਗੰਭੀਰ ਸੀ।

ਰਣਜੀਤ ਉਦਾਸ ਸੀ। ਸ਼ੀਤਲ ਚੁੱਪ ਚੁੱਪ ਡੁਸਕ ਰਹੀ ਸੀ।

"ਕਲ ਬੀਜੀ ਆ ਰਹੇ ਨੇ।" ਡੁਸਕਦਿਆਂ ਸ਼ੀਤਲ ਨੇ ਕਿਹਾ।

"ਬੜੀ ਚੰਗੀ ਗੱਲ ਹੈ।" ਮੈਡਮ ਦਾ ਆਸ ਨਾਲ ਚਿਹਰਾ ਚਮਕ ਪਿਆ।

ਤਕਰੀਬਨ ਡੇਢ ਘੰਟਾ ਉਹ ਚਾਹ ਦੇ ਬਹਾਨੇ ਬੈਠੇ ਰਹੇ। ਦੁਬਾਰਾ ਕੁਛ ਖਾਣ ਵਾਸਤੇ ਮੰਗਵਾ ਲਿਆ।

ਮੈਡਮ ਸ਼ੀਤਲ ਨੂੰ ਛੱਡ ਕੇ ਰਾਤ ਨੂੰ ਹੋਟਲ ਆਈ। ਅਜੀਬ ਚੁੱਪ ਤਣੀ ਸੀ। ਖਾਣਾ ਖਾ ਕੇ ਉਹ ਸੜਕ ਤੇ ਘੁੰਮਦੇ ਰਹੇ। ਪਾਰਕ ਦੇ ਪਿਛੇ ਖਾਲੀ ਸੜਕ ਵਲ਼ ਖਾਂਦੀ ਸੀ ਜਿਹੜੀ ਅੱਗੇ ਚਿਨਾਰਾਂ ਦੇ ਹਨੇਰਿਆਂ 'ਚ ਮੁਕ ਜਾਂਦੀ ਸੀ।

"ਅਗੇ ਸੜਕ ਦਿਸਦੀ ਨਹੀਂ-ਇਸੀ ਤਰ੍ਹਾਂ ਸਾਡੀ ਮੰਜ਼ਲ ਹੈ।"

"ਪਰ ਸੜਕ ਤਾਂ ਹੈ-ਹਨੇਰੇ 'ਚ ਤੁਰਦਿਆਂ ਨੂੰ ਜ਼ਰੂਰ ਡਰ ਲਗਦੈ। ਬੰਦਾ ਡਿਗਦਾ ਵੀ ਜ਼ਰੂਰ ਹੈ।"

"ਕੀ ਤੈਨੂੰ ਆਸ ਹੈ ਅਸੀਂ ਹਨੇਰੇ 'ਚ ਤੁਰਦੇ ਮੰਜ਼ਲ 'ਤੇ ਪਹੁੰਚ ਜਾਵਾਂਗੇ?"

"ਹਾਂ ਪੂਰੀ ਆਸ ਹੈ।"

"ਯਾਰ ਮੈਡਮ ਕਿਸੇ ਕਿਸੇ ਸਮੇਂ ਮੈਨੂੰ ਇਹ ਕਹਾਣੀ ਨਿਰਾਰਥਕ ਜਾਪਣ ਲੱਗ ਜਾਂਦੀ ਹੈ। ਆਪੂ ਸਹੇੜਿਆ ਸੰਤਾਪ।"

"ਰਣਜੀਤ ਜੀਵ ਕਿਸਮਤ ਦੇ ਹੱਥਾਂ 'ਚ ਇਕ ਮੋਹਰਾ ਹੈ- ਕਠਪੁਤਲੀ ਵਾਂਗ ਨਾਚ ਨਚਦੈ।"

ਬਹੁਤ ਦੇਰ ਉਹ ਚੁੱਪ ਤੁਰਦੇ ਰਹੇ। ਹਨੇਰਾ ਚੀਰ ਕੇ ਉਹ ਚਾਨਣ ਵਿਚ ਵੀ ਪਹੁੰਚ ਗਏ ਸਨ। ਪਰ ਉਨ੍ਹਾਂ ਨੂੰ ਕੋਈ ਖ਼ਬਰ ਨਹੀਂ ਸੀ।

ਹੋਰ ਬਹੁਤੀਆਂ ਗੱਲਾਂ ਨਹੀਂ ਹੋਈਆਂ। ਇਕ ਦੂਜੇ ਦਾ ਹੱਥ ਸਹਿਜ ਹੀ ਫੜਿਆ ਗਿਆ-ਅਚੇਤ ਮਨ ਕਿਤਨੇ ਬੇਤਾਬ ਸਨ-ਕਿਤੇ ਮੁੜ ਨਾ ਵਿਛੜ ਜਾਣ।

ਜਾਗ ਖੁਲ੍ਹੀ। ਦੋਵੇਂ ਹੈਰਾਨ ਸਨ। ਦੋਵੇਂ ਇਕ ਦੂਜੇ ਦੀ ਛਾਤੀ ਨਾਲ ਲੱਗੇ ਪਏ ਸਨ।

"ਯਾਰ ਮੈਡਮ ਆਪਾਂ ਕੁਛ ਹੋਰ ਫੈਸਲਾ ਕਰ ਲਈਏ।" ਖਿੜਿਆ ਮਨ ਬੋਲ ਰਿਹਾ ਸੀ।

"ਇਕ ਹੋਰ ਜੀਵ ਦੀ ਹੱਤਿਆ ਪਤਾ ਨਹੀਂ ਕਿੰਨੇ ਜਨਮ ਵਿਛੋੜੀ ਰਖੇਗੀ ਰਣਜੀਤ।" ਮੈਡਮ ਨੇ ਕੱਸ ਕੇ ਗਲਵਕੜੀ ਪਾਈ ਲਈ ਸੀ।

ਮੈਡਮ ਕਿੰਨੀ ਪਿਆਰੀ ਰੂਹ ਸੀ। ਰਣਜੀਤ ਦਾ ਦਿਲ ਕੀਤਾ ਉਸ ਨੂੰ ਡੀਕ ਲਾ ਕੇ ਪੀ ਜਾਏ। ਕੋਈ ਪਰਉਪਕਾਰੀ ਫਰਿਸ਼ਤਾ ਮੈਡਮ ਦੇ ਰੂਪ 'ਚ ਉਸਦੇ ਗਲ ਹਾਰ ਬਣ ਲਟਕ ਰਿਹਾ ਸੀ।

ਤਿਆਰ ਹੋ ਕੇ ਮੈਡਮ ਕਾਲਜ ਚਲੀ ਗਈ ਸੀ।

ਰਣਜੀਤ ਇਕੱਲਾ ਰਹਿ ਗਿਆ ਸੀ। ਥੱਕੇ ਬੰਦੇ ਵਾਂਗ ਉਹ ਦਿਮਾਗੀ ਕਸ਼ਮਕੱਸ਼ ਦੀਆਂ ਲਹਿਰਾਂ ਵਿਚ ਡੁੱਬਦਾ-ਰੁੜ੍ਹਦਾ ਜਾ ਰਿਹਾ ਸੀ।

ਸ਼ੀਤਲ ਦੇ ਬੇਜੀ ਦੀ ਸ਼ਕਲ ਤਕ ਕੇ ਮੈਡਮ ਦਾ ਦਿਲ ਹੱਲਿਆ। ਪੂਰੀ ਡੈਣ ਦੀ ਸ਼ਕਲ। ਮੈਡਮ ਹੈਰਾਨ ਸੀ ਉਸ ਨੇ ਸ਼ੀਤਲ ਵਰਗੀ ਕੋਮਲ ਜਿਹੀ ਧੀ ਨੂੰ ਜਨਮਿਆ ਸੀ?

ਉਹ ਦੇਰ ਦੀ ਆਈ ਹੋਈ ਸੀ।

ਸ਼ੀਤਲ ਨੇ ਮੈਡਮ ਦੀ ਜਾਣ ਪਛਾਣ ਕਰਾਈ।

"ਕਿੰਨੇ ਦਿਨ ਰਹੋਗੇ ਬੀਜੀ?"

"ਜਦੋਂ ਤਕ ਇਸ ਦਾ ਇਮਤਿਹਾਨ ਨਹੀਂ ਹੋ ਜਾਂਦਾ।"

ਸ਼ੀਤਲ ਤੇ ਮੈਡਮ ਦੋਹਾਂ ਦਾ ਮੂੰਹ ਬੱਗਾ ਹੋ ਗਿਆ।

ਚੁੱਪ ਤਣ ਗਈ।

"ਅਸੀਂ ਇਸ ਨੂੰ ਪੜ੍ਹਾ ਕੇ ਕੀ ਕਰਨੈ।"

"ਕਿਉਂ ਮਾਂ ਜੀ?"

"ਰਾਜੇ ਘਰ ਜਾਏਗੀ-ਪੜ੍ਹਾਈ ਕਿਸ ਕੰਮ।"

ਥੋੜ੍ਹਾ ਚੁੱਪ ਰਹਿ ਕੇ ਮੈਡਮ ਨੇ ਪੁੱਛਿਆ।

"ਘਰ ਦੇਖ ਰੱਖਿਆ ਹੈ ਮਾਂ ਜੀ?"

"ਹਾਂ ਬਹੁਤ ਦੇਰ ਦਾ।"

"ਕੀ ਕਰਦੈ ਲੜਕਾ?"

"ਬਹੁਤ ਵੱਡਾ ਜਾਗੀਰਦਾਰ ਹੈ।"

"ਪੜ੍ਹਿਆ ਲਿਖਿਐ?"

"ਪੜ੍ਹਾਈ ਤੋਂ ਕੀ ਕਰਾਣੈ-ਜਦੋਂ ਇਤਨੀ ਜਾਇਦਾਦ ਹੈ?"

"ਮਾਂ, ਮੈਂ ਅਜਿਹੇ ਥਾਂ ਵਿਆਹ ਨਹੀਂ ਕਰਾਣਾ।" ਸ਼ੀਤਲ ਰੋ ਪਈ।

"ਤੂੰ ਤਾਂ ਕਹੇਂਗੀ ਕਿਸੇ ਕੰਗਾਲ ਨਾਲ ਵਿਆਹ ਕਰਾਣੈ-ਅਸੀਂ ਮੰਨ ਜਾਂਗੇ-ਸੋਚ ਤੇਰੇ ਪਿਉ-ਤੇਰੇ ਵੀਰ ਦੀ ਇਲਾਕੇ 'ਚ ਕੀ ਇਜ਼ਤ ਹੈ।"

"ਮੇਰੀ ਜ਼ਿੰਦਗੀ ਏਸ ਇਜ਼ਤ ਦੀ ਬਲੀ ਨਾ ਚੜ੍ਹਾਓ।"

"ਪਾਗਲ ਲੜਕੀ।"

"ਮਾਂ-ਲੋਕ ਕਹਿੰਦੇ ਐ-ਮਾਵਾਂ ਧੀਆਂ ਦਾ ਪਰਦਾ ਇਕ ਹੁੰਦੈ।"

"ਤੂੰ ਰੋਂਦੀ ਕਿਉਂ ਐਂ। ਤੈਨੂੰ ਐਰ ਗੈਰ ਦੇ ਲੜ ਤਾਂ ਨਹੀਂ ਲਾਣ ਲੱਗੇ।" ਮਾਂ ਦਿਲਾਸਾ ਦੇ ਰਹੀ ਸੀ।

"ਬੇਜੀ ਇਸ ਨੂੰ ਐਮ.ਏ. ਤਾਂ ਕਰ ਲੈਣ ਦਿਓ।"

"ਅਗਲੇ ਸਾਲ ਇਹਦਾ ਸਰਦਾਰ ਇਹਨੂੰ ਪੜ੍ਹਾਏ ਨਾ ਪੜ੍ਹਾਏ ਅਸੀਂ ਫ਼ਰਜ਼ ਲਾਹ ਕੇ ਸੁਰਖਰੂ ਹੋ ਜਾਣੈ।"

ਬੜਾ ਹੀ ਚਿਰ ਚੁੱਪ ਤਣੀ ਰਹੀ।

ਸ਼ੀਤਲ ਨਿਰਜਿੰਦ ਹੋਈ ਪਈ ਸੀ।

"ਤੂੰ ਕਾਕੀ ਅਜੇ ਵਿਆਹ ਨਹੀਂ ਕਰਾਇਆ?"

"ਨਹੀਂ ਮਾਂ ਜੀ।"

"ਬੁੱਢੀ ਹੋ ਕੇ ਕਰਾਏਂਗੀ?"

"ਅਜੇ ਤਾਂ ਪੜ੍ਹਾਈ ਖ਼ਤਮ ਹੋਈ ਨੂੰ ਦੋ ਸਾਲ ਹੋਏ ਐ।"

"ਚੜ੍ਹਦੀ ਉਮਰ ਵਿਆਹ ਕਰਾਈਏ ਤਾਂ ਕਿ ਛੇਤੀ ਛੇਤੀ ਧੀਆਂ ਪੁੱਤਰ ਬਰਾਬਰ ਦੇ ਹੋ ਜਾਣ-ਛੇਤੀ ਸੁਖ ਮਿਲੇ-ਨਾਲੇ ਚੜ੍ਹਦੀ ਉਮਰ ਦੇ ਬੱਚੇ ਨਰੋਏ ਤੇ ਤੰਦਰੁਸਤ ਹੁੰਦੇ ਐ।" ਮਾਂ ਤਜਰਬੇ ਦੀਆਂ ਗੱਲਾਂ ਦੱਸ ਰਹੀ ਸੀ। "ਤੈਨੂੰ ਹੁਣ ਤਕ ਦੋ ਬੱਚੇ ਜੰਮ ਦੇਣੇ ਚਾਹੀਦੇ ਸੀ।"

ਚੁੱਪ ਕਮਰੇ 'ਚ ਜ਼ੋਰਦਾਰ ਹਾਸਾ ਮੱਚ ਗਿਆ।

"ਤੇ ਸ਼ੀਤਲ ਨੂੰ?"

"ਇਹਨੂੰ ਵੀ ਇਕ ਦਾ ਕੰਮ ਮੁਕਾ ਲੈਣਾ ਚਾਹੀਦਾ ਸੀ।"

ਫਿਰ ਹਾਸਾ ਮੱਚ ਗਿਆ।

"ਇਹਦਾ ਬਾਪੂ ਜੀ ਨਹੀਂ ਮੰਨਿਆ। ਮੈਂ ਤਾਂ ਬੀ.ਏ. ਕਰਦੀ ਨੂੰ ਹੀ ਜੀਪ ਚਾਹੜ ਦੇਣਾ ਸੀ। ਹੋਰ ਇਹੀ ਤਾਂ ਦਿਨ ਹੁੰਦੇ ਐ ਖਾਣ ਹੰਢਾਣ ਦੇ, ਮੌਜ ਕਰਨ ਦੇ ਤੇ ਇਨ੍ਹਾਂ ਦਿਨਾਂ 'ਚ ਕਿਤਾਬਾਂ ਚੰਦਰੀਆਂ ਨਾਲ ਮੱਥਾ ਮਾਰਦੇ ਰਹੋ।"

"ਬੇ ਜੀ ਤੁਸੀਂ ਕਿਹੜੀ ਉਮਰੇ ਮੌਜ ਸ਼ੁਰੂ ਕੀਤੀ ਸੀ।

"ਚੌਦਵੇਂ ਸਾਲ 'ਚ-ਪਰ ਤਾਕਤ ਐਨੀ ਸੀ ਕਿ ਬੰਦੇ ਦੀ ਬਾਂਹ ਫੜ ਲੈਂਦੀ ਤਾਂ ਮੁੜਕਾ ਲਿਆ ਦਿੰਦੀ ਸਾਂ।"

"ਤਾਂਈਂ ਬੇ ਜੀ ਜਸਵੰਤ ਵਰਗੇ ਜਵਾਨ ਜਨਮੇ-ਜਸਵੰਤ ਤਾਂ ਪਲੇਠੀ ਦਾ ਹੈ ਨਾ?"

"ਦੇਖਿਆ-ਪਹਾੜ ਨੂੰ ਮੱਥਾ ਲਾ ਲੈ ਪਿਛੇ ਧੱਕ ਦੇ।"

ਮਾਂ ਨੂੰ ਬੜਾ ਫਖਰ ਸੀ ਆਪਣੀ ਕੁੱਖ ਤੇ ਆਪਣੇ ਬਲ ਤੇ।

ਸ਼ੀਤਲ ਤੇ ਮੈਡਮ ਉਦਾਸ ਕਰ ਦੇਣ ਵਾਲੀਆਂ ਗੱਲਾਂ ਤੇ ਜ਼ੋਰੀਂ ਹੱਸਦੀਆਂ ਰਹੀਆਂ।

ਸ਼ੀਤਲ ਨੇ ਚੰਗੀ ਤਰ੍ਹਾਂ ਪਤਾ ਕਰ ਲਿਆ ਸੀ ਮਾਂ ਦਾ ਛੇਤੀ ਚਲੇ ਜਾਣ ਦਾ ਕੋਈ ਪ੍ਰੋਗਰਾਮ ਨਹੀਂ ਸੀ।

ਉਹ ਬੜੀ ਉਦਾਸ ਹੋਸਟਲ ਵਿਚੋਂ ਚਲੀ ਆਈ।

ਉਹ ਡੇਹਰਾਦੂਨ ਘੁੰਮੇ, ਮਸੂਰੀ ਦੀਆਂ ਰੰਗੀਨ ਪਹਾੜੀਆਂ ਤੇ ਘੁੰਮੇ, ਹੱਸਦੀਆਂ ਗਾਂਦੀਆਂ ਭੀੜਾਂ ਵਿਚ ਘੁੰਮੇ। ਪਰ ਚੁੱਪ ਚੁੱਪ-ਜਿਵੇਂ ਉਨ੍ਹਾਂ ਪਾਸ ਹੱਸਣ ਲਈ ਕੋਈ ਗੱਲ ਨਹੀਂ ਸੀ। ਵਾਪਸੀ ਤੇ ਮੈਡਮ ਸ਼ੀਤਲ ਨੂੰ ਰਸਮੀ ਤੌਰ ਤੇ ਮਿਲ ਆਈ। ਮਾਂ ਪਰਛਾਵੇਂ ਵਾਂਗ ਨਾਲ ਜੁੜੀ ਬੈਠੀ ਸੀ।

ਜਦ ਉਹ ਲੁਧਿਆਣੇ ਤੋਂ ਵਿਛੜਨ ਲੱਗੇ ਤਾਂ ਉਨ੍ਹਾਂ ਦੀ ਰੂਹ ਕੰਬ ਰਹੀ ਸੀ। ਦਿਲ ਖੁਸ ਰਿਹਾ ਸੀ।

"ਅਗੇ ਕੀ ਸੋਚਿਐ ਯਾਰ?"

"ਸਮਾਂ ਹੀ ਕੋਈ ਰਾਹ ਦੇਵੇਗਾ।" ਮੈਡਮ ਅਜੇ ਵੀ ਆਸਵੰਦ ਸੀ।

"ਨਾ-ਮੁਮਕਿਨ।"

"ਆਸ ਦਾ ਪੱਲਾ ਛਡਣਾ ਮੁਕ ਜਾਣਾ ਹੁੰਦੈ।"

"ਤੇਰੀ ਮਰਜ਼ੀ।"

"ਚੰਗੇ ਦਿਨਾਂ ਦੀ ਉਡੀਕ ਕਰਨੀ ਜ਼ਰੂਰੀ ਹੈ ਰਣਜੀਤ।"

ਉਹ ਇਸ ਤਰ੍ਹਾਂ ਚੁੱਪ ਕਰਕੇ ਖੜ੍ਹ ਗਏ ਜਿਵੇਂ ਜੀਵਨ ਦੀਆਂ ਗੱਲਾਂ ਮੁਕ ਗਈਆਂ ਸਨ। ਤੇ ਤਦ ਤਕ ਚੁੱਪ ਰਹੇ ਜਦ ਬੱਸਾਂ ਵੱਖ ਵੱਖ ਰਾਹ ਨਾ ਤੁਰ ਗਈਆਂ ਤੇ ਚੁੱਪ ਹੰਝੂ ਨਾ ਵਗ ਤੁਰੇ।

## 15.

*ਆਰਾ ਆਰਾ ਆਰਾ*
*ਅੱਜ ਵਿਚ ਲਗੜਾਂ ਦੇ ਘਿਰ ਗਿਆ ਹੰਸ ਵਿਚਾਰਾ।*

ਕਚਹਿਰੀ ਵਿਚ ਅਜ ਤੀਜੀ ਤਰੀਖ ਸੀ।

ਰਿਸ਼ਤੇਦਾਰ ਹਥਿਆਰ ਕੱਸੀ ਮਾਰਚ ਕਰਦੇ ਫਿਰਦੇ ਸਨ। ਖੰਘੂਰੇ ਮਾਰਦੇ। ਮੁੱਛਾਂ ਨੂੰ ਤਾਅ ਦੇਣਾ ਆਦਿ।

ਆਵਾਜ਼ ਪਈ।

ਕਲਰਕ ਨੇ ਮੁਕੱਦਮੇ ਦੀ ਇਬਾਰਤ ਪੜ੍ਹ ਕੇ ਸੁਣਾਈ।

"ਜਸਵੰਤ ਕੌਰ ਤੁਹਾਡੀ ਪਤਨੀ ਹੈ?" ਵਕੀਲ ਨੇ ਸਵਾਲ ਕੀਤਾ।

"ਜੀ ਹਾਂ।"

"ਤੁਹਾਡਾ ਭਾਈਚਾਰਕ ਤੌਰ ਤੇ ਇਸ ਨਾਲ ਵਿਆਹ ਹੋਇਆ ਸੀ?"

"ਜੀ ਹਾਂ।"

"ਤੁਸੀਂ ਇਸ ਨੂੰ ਪਿਛਲੇ 6 ਸਾਲਾਂ ਤੋਂ ਵਸਾ ਨਹੀਂ ਰਹੇ?"

"ਜੀ ਹਾਂ।"

"ਤੁਸੀਂ ਇਸ ਨੂੰ ਵਸਾਣਾ ਚਾਹੁੰਦੇ ਹੋ।"

"ਮੈਂ ਖ਼ੁਦ ਨਹੀਂ ਵਸਣਾ ਚਾਹੁੰਦੀ?" ਜਸਵੰਤ ਅਚਾਨਕ ਭੁੜਕੀ। ਉਹ ਗ਼ੁੱਸਾ ਦਾਹੜ ਥਲੇ ਦੱਬੀ ਖੜ੍ਹੀ ਸੀ।

"ਕਿਉਂ ?" ਮੈਜਿਸਟਰੇਟ ਨੇ ਪੁੱਛਿਆ।

"ਇਹ ਵਸਾਏਗਾ ਨਹੀਂ।"

"ਜੇਕਰ ਵਸਾ ਲਏ ?"

"ਪਹਿਲਾਂ ਇਹ ਕਿਥੇ ਗਿਆ ਸੀ ?"

"ਤੂੰ ਬੀਬੀ ਅੱਗੋਂ ਦੀ ਗੱਲ ਕਰ।" ਮੈਜਿਸਟਰੇਟ ਸੰਜੀਦਗੀ ਨਾਲ ਦਿਲਚਸਪੀ ਲੈ ਰਿਹਾ ਸੀ।

"ਜੇ ਮੈਨੂੰ ਮਾਰ ਦਿੱਤਾ ?"

"ਇਹ ਗੱਲ ਦੀ ਜ਼ਮਾਨਤ ਲੈ ਦੇਂਦੇ ਹਾਂ।"

"ਇਹ ਸ਼ੈਤਾਨ ਆਦਮੀ ਹੈ-ਪਤਾ ਨਹੀਂ ਕਦੋਂ ਮੈਨੂੰ ਮਾਰ ਦੇਵੇ- ਤੇਰੀ ਜ਼ਿੰਮੇਂਵਾਰੀ ਨੂੰ ਮੈਂ ਚੱਟਾਂਗੀ।"

"ਮਜਿਸਟਰੇਟ ਮੂੰਹ ਫੱਟ ਜਸਵੰਤ ਵਲ ਤਕਣ ਲਗ ਪਿਆ। ਫੇਰ ਉਸ ਨੇ ਰਣਜੀਤ ਦੇ ਮੱਥੇ 'ਚੋਂ ਕੁਛ ਪੜ੍ਹਿਆ।

"ਤੂੰ ਬੀਬੀ ਕੀ ਚਾਹੁੰਦੀ ਹੈ ?"

"ਖਰਚਾ... ਜ਼ਮੀਨ ਦਾ ਹਿਸਾ ਤੇ ਤਨਖਾਹ ਦਾ ਅੱਧ।

"ਤੈਨੂੰ ਜ਼ਮੀਨ 'ਚੋਂ ਹਿੱਸਾ ਮਿਲ ਸਕਦੈ।"

"ਤਨਖਾਹ 'ਚੋਂ ਕਿਉਂ ਨਹੀਂ ?"

"ਤੂੰ ਕਿੰਨੀਆਂ ਜਮਾਤਾਂ ਪੜ੍ਹੀ ਹੈਂ ?"

"ਪਰ ਮੈਂ ਸੌਲਾਂ ਪੜ੍ਹੇ ਦੀ ਰੰਨ ਹਾਂ।"

"ਪਰ ਤੂੰ ਕਿੰਨੀਆਂ ਪੜ੍ਹੀ ਹੈਂ ?"

"ਮੈਂ ਭਾਵੇਂ ਅੱਖਰ ਨਹੀਂ ਪੜ੍ਹੀ-ਜੋ ਮਰਦ ਪੜ੍ਹਿਆ ਉਹੀ ਰੰਨ ਪੜ੍ਹੀ।"

"ਤਨਖਾਹ 'ਚੋਂ ਹਿੱਸਾ ਲੈਣ ਲਈ 14 ਜਮਾਤਾਂ ਪਾਸ ਹੋਣੀਆਂ ਚਾਹੀਦੀਆਂ ਨੇ।"

"ਹੁਣ ਮੈਂ 14 ਜਮਾਤਾਂ ਪਾਸ ਕਰਾਂ ?"

ਜਸਵੰਤ ਕਾੜ ਕਾੜ ਬੋਲ ਰਹੀ ਸੀ।

"ਬੀਬੀ ਤੂੰ ਚੁੱਪ ਰਹਿ।" ਵਕੀਲ ਨੇ ਘੂਰਕੀ ਲਈ। ਜਸਵੰਤ ਖੁਦ ਪੈਰ ਕੁਹਾੜਾ ਮਾਰ ਰਹੀ ਸੀ।

"ਤੂੰ ਵਸਣਾ ਨਹੀਂ ਚਾਹੁੰਦੀ ?" ਮੈਜਿਸਟਰੇਟ ਪਿਛੇ ਪੈ ਗਿਆ ਲਗਦਾ ਸੀ।

"ਮੈਂ ਤਾਂ ਖਰਚ ਲਵਾਂਗੀ।"

"ਇਹਨੂੰ ਸਮਝਾ ਕੇ ਲਿਆਓ ਚੁਪ ਕਰਕੇ ਨਾਲ ਤੁਰ ਜਾਏ ਨਹੀਂ ਤਾਂ ਮੈਂ ਮੁਕੱਦਮਾ ਖਾਰਜ ਕਰ ਦਿਆਂਗਾ।" ਮੈਜਿਸਟਰੇਟ 25 ਤਾਰੀਖ ਦੇ ਕੇ ਗੁੱਸੇ ਨਾਲ ਉਠ ਖੜ੍ਹਾ ਹੋਇਆ। ਸਾਰੇ ਜਥੇ ਵਿਚ ਘਬਰਾਹਟ ਜਿਹੀ ਮੱਚ ਗਈ ਸੀ। ਸਾਰੇ ਜਸਵੰਤ ਨੂੰ ਕੋਸ ਰਹੇ ਸਨ।

ਰਣਜੀਤ ਬੱਸ ਤੇ ਚੜ੍ਹ ਕੇ ਘਰ ਪਹੁੰਚ ਗਿਆ। ਮੁਕੱਦਮੇ ਦੀ ਤਾਰੀਖ ਭੁਗਤ ਕੇ ਆਇਆ ਸੀ। ਦਿਲ ਕਰਦਾ ਸੀ ਕੋਈ ਹਾਲ ਚਾਲ ਪੁਛੇ। ਦਿਲਾਸਾ ਦੇਵੇ।

ਕਿੱਡਾ ਅਭਾਗਾ ਸੀ ਕਿ ਕੋਈ ਵੀ ਹਾਲ ਚਾਲ ਪੁਛਣ ਵਾਲਾ ਨਹੀਂ ਸੀ।

ਉਸ ਨੇ ਬੋਤਲ ਖਰੀਦ ਲਈ। ਇਕ ਹੋਟਲ 'ਚ ਬੈਠ ਕੇ ਪੀਣ ਲਗ ਪਿਆ- ਸ਼ਰਾਬ ਭਰੇ ਗਲਾਸ 'ਚ ਸ਼ੀਤਲ ਨਹੀਂ ਯਾਰ ਮੈਡਮ ਦੀ ਤਸਵੀਰ ਮੁਸਕਰਾ ਉਠੀ- ਤੇਰੇ ਨਾਲ ਕਿਹੜੀ ਸਾਂਝ ਹੈ ਯਾਰ?- ਤੂੰ ਮਾਸ਼ੂਕ ਨਹੀਂ, ਪਤਨੀ ਨਹੀਂ, ਭੈਣ ਨਹੀਂ, ਮਾਂ ਨਹੀਂ, ਭਾਬੀ ਨਹੀਂ, ਕਮਾਲ ਗੱਲ ਹੈ, ਸਮਾਜ ਨੇ ਤੇਰੇ ਨਾਲ ਰਿਸ਼ਤੇ ਦਾ ਕੋਈ ਨਾ ਹੀ ਨਹੀਂ ਰੱਖਿਆ-ਰਣਜੀਤ ਹੱਸ ਪਿਆ-ਉਸ ਦੇ ਜ਼ਿਹਨ 'ਚੋਂ ਸ਼ੀਤਲ ਉਤਰ ਰਹੀ ਸੀ-ਮੈਡਮ ਚੜ੍ਹ ਰਹੀ ਸੀ- ਸ਼ੀਤਲ ਦੇ ਕੰਵਾਰੇ ਸਰੀਰ ਨੇ ਅਕਹਿ ਸਰੀਰਕ ਸੁਆਦ ਦਿਤਾ ਸੀ ਪਰ ਮੈਡਮ ਨਾਲ ਕੀਤੇ ਮੈਂਟਲ-ਇੰਟਰਕੋਰਸ ਵਿਚ ਕਿਤੇ ਵੱਧ ਸੁਆਦ ਸੀ। ਮੈਡਮ ਦੀ ਗੱਲ, ਗੱਲ ਕਰਨ ਦਾ ਤਰੀਕਾ, ਖੜ੍ਹਨ, ਬੈਠਣ ਦਾ ਤਰੀਕਾ ਸ਼ੀਤਲ ਦੇ ਸਰੀਰ ਨਾਲੋਂ ਵੱਧ ਸੁਆਦ ਦੇਂਦਾ ਸੀ-ਮੈਡਮ ਨਾਲ ਦਿਮਾਗੀ ਸਾਂਝ ਦੀਆਂ, ਉਚੇ ਪੱਧਰ ਦੀਆਂ ਗੱਲਾਂ ਕਰਕੇ ਰਣਜੀਤ ਦੀ ਸਰੀਰਕ ਭੁਖ ਮਿਟ ਜਾਂਦੀ ਸੀ। ਉਸ ਨੂੰ ਜਾਪਿਆ ਕਰਦਾ ਸੀ ਜਿਵੇਂ ਉਹੀ ਹਾਣੀ ਨਾਲ ਸੌਂ ਕੇ ਉਠਿਆ ਸੀ-ਉਸ ਦੇ ਜੁਆਨ ਸਰੀਰ ਦੇ ਅੰਗ ਅੰਗ ਪੋਟੇ ਪੋਟੇ ਨੂੰ ਮਾਣ ਕੇ ਹਟਿਆ ਸੀ।

ਬੋਤਲ ਜੜ੍ਹੀਂ ਲਗ ਰਹੀ ਸੀ, ਰਣਜੀਤ ਮੈਡਮ ਨਾਲ ਗੱਲਾਂ ਕਰ ਕਰ ਸੁਆਦ ਲੈ ਰਿਹਾ ਸੀ। ਬਰਾਬਰ ਸ਼ੀਤਲ ਦਾ ਵੀ ਖ਼ਿਆਲ ਆ ਰਿਹਾ ਸੀ ਪਰ ਰਣਜੀਤ ਨੂੰ ਲਗਦਾ ਸੀ ਉਹ ਸ਼ੀਤਲ ਨਾਲ ਕੋਈ ਨਾਇਨਸਾਫੀ ਨਹੀਂ ਕਰ ਰਿਹਾ ਸੀ।

ਅਚਾਨਕ ਉਸ ਦੇ ਸਿਰ 'ਚ ਸੱਟ ਵੱਜੀ, ਸੱਜੀ ਬਾਂਹ ਨੂੰ ਕ੍ਰਿਪਾਨ ਚੀਰ ਗਈ, ਸਿਰ 'ਚ ਫੱਟ ਖੁਲ੍ਹ ਗਿਆ, ਕ੍ਰਿਪਾਨ ਨੇ ਪੱਟ ਵੱਢ ਦਿੱਤਾ, ਸੱਜੀ ਵੱਖੀ 'ਚ ਡੂੰਘਾ ਘਾਊ ਹੋ ਗਿਆ, ਰਣਜੀਤ ਪਹਿਲਾਂ ਮੇਜ਼ ਤੇ ਫੇਰ ਧਰਤੀ ਤੇ ਡਿਗ ਪਿਆ। ਉਹ ਚੀਕ ਨਹੀਂ ਰਿਹਾ ਸੀ-ਬੁਕਲ 'ਚ ਮੈਡਮ- ਯਾਰ ਨੂੰ-ਸ਼ੀਤਲ ਨੂੰ ਲੁਕਾਈ ਗਲ ਤੇ ਵਾਰ ਨੂੰ ਉਡੀਕ ਰਿਹਾ ਸੀ, ਉਸ ਵਾਰ ਨੂੰ ਜਿਹੜਾ ਉਸ ਨੂੰ ਸਦਾ ਲਈ ਖ਼ਤਮ ਕਰ ਦੇਵੇ।

ਸ਼ੋਰ ਮਚ ਗਿਆ ਸੀ। ਕ੍ਰਿਪਾਨਾਂ ਲਾਠੀਆਂ ਵਾਲੇ ਅਲੋਪ ਸਨ। ਖੜਾਕ ਹੋਇਆ ਕਿਉਂਕਿ ਡਾਂਗਾਂ, ਕ੍ਰਿਪਾਨਾਂ ਆਸੇ ਪਾਸੇ, ਉਪਰ ਛੱਤ 'ਚ ਵੀ ਲੱਗ ਰਹੀਆਂ ਸਨ।

ਹੋਟਲ ਵਾਲਾ ਭੱਠੀ ਤੇ ਬੈਠਾ ਸੀ, ਕੰਬਦਾ ਖੜ੍ਹਾ ਹੋ ਗਿਆ। ਮੂੰਹੋਂ ਚੀਕ ਵੀ ਨਾ ਨਿਕਲੀ, ਜਿਵੇਂ ਸੰਘ ਹੀ ਬੰਦ ਹੋ ਗਿਆ ਪਰ ਹੇਠੋਂ ਟੱਟੀ ਤੇ ਪੇਸ਼ਾਬ ਨਿਕਲ ਗਿਆ ਸੀ।

ਭੀੜ ਜੁੜ ਗਈ, ਪੁਲਿਸ ਪਹੁੰਚ ਗਈ ਸੀ, ਪੁਲਿਸ ਨੇ ਦੋਸ਼ੀਆਂ ਦਾ ਪਿਛਾ ਕੀਤਾ ਸੀ ਪਰ ਉਨ੍ਹਾਂ ਦੀ ਜੀਪ ਪੰਛੀ ਵਾਂਗ ਉਡਾਰੀ ਮਾਰ ਗਈ ਸੀ।

ਥਾਣੇਦਾਰ ਕਿਸੇ ਨੂੰ ਨੇੜੇ ਨਹੀਂ ਆਣ ਦਿੰਦਾ ਸੀ, ਉਸ ਦੀ ਜਾਚੇ ਰਣਜੀਤ ਮਰ ਚੁਕਿਆ ਸੀ, ਪਾਸੇ ਖ਼ੂਨ ਦਾ ਛੱਪੜ ਲਗ ਗਿਆ ਸੀ।

"ਸਾਹਿਬ, ਇਸ ਦੀ ਨਬਜ਼ ਤਾਂ ਦੇਖੋ।" ਬਜ਼ੁਰਗ ਸਿਪਾਹੀ ਨੇ ਕਿਹਾ।

ਰਣਜੀਤ ਅਜੇ ਜ਼ਿੰਦਾ ਸੀ।

ਹਸਪਤਾਲ 'ਚ ਉਸਨੂੰ ਅਗਲੇ ਦਿਨ ਬਾਰਾਂ ਵਜੇ ਸੁਰਤ ਆਈ।

"ਮੈਡਮ ਤੂੰ ?" ਰਣਜੀਤ ਨੇ ਮੈਡਮ ਪਛਾਣ ਲਈ।

ਮੈਡਮ ਦੀਆਂ ਅੱਖਾਂ ਵਿਚ ਹੰਝੂ ਕੰਬ ਗਏ ਸਨ। ਰਾਤ ਮੈਡਮ ਦੇ ਵੀ ਬਰਾਬਰ ਹੀ ਘਾਉ ਲਗੇ ਸਨ। ਉਸ ਦੀ ਜ਼ਿੰਦ ਮੁਕ ਮੁਕ ਜਾਂਦੀ ਸੀ, ਉਹ ਸਵੇਰੇ ਚਾਰ ਵਜੇ ਹੀ ਗੱਡੀ ਚੜ੍ਹ ਬੈਠੀ ਸੀ।

"ਮੈਨੂੰ ਯਾਰ ਕੁਛ ਨਹੀਂ ਹੋਇਆ-ਤੂੰ ਭਲਾ ਕਿਉਂ ਰੋਨੀ ਐਂ-ਇਹ ਸਜ਼ਾ ਇਤਨੀ ਛੇਤੀ ਖਤਮ ਹੋਣ ਵਾਲੀ ਨਹੀਂ। ਪਰ ਯਾਰ ਮੈਂ ਇਕੱਲਾ ਵੀ ਕਿਵੇਂ ਜਾ ਸਕਦਾ ਸਾਂ ?"

ਹੋਸ਼ ਆਈ ਦੇਖ ਕੇ ਥਾਣੇਦਾਰ ਕੋਲ ਆ ਗਿਆ।

"ਦੋਸ਼ੀਆ ਦੇ ਨਾਂ ਲਿਖਾਓ।" ਉਹ ਵੱਡਾ ਸਾਰਾ ਪੈਨ ਉਂਗਲਾਂ ਵਿਚ ਅੜਾਈ ਪੁਛ ਰਿਹਾ ਸੀ, ਪੁਲਿਸ ਨੂੰ ਦੋਸ਼ੀਆਂ ਦਾ ਕੁਛ ਨਹੀਂ ਪਤਾ ਲੱਗ ਸਕਿਆ ਸੀ।

"ਮੈਨੂੰ ਕੁਛ ਪਤਾ ਨਹੀਂ ਕੌਣ ਸਨ।"

ਸਾਰੇ ਹੱਕੇ ਬੱਕੇ ਝਾਕ ਰਹੇ ਸਨ।

302,154 ਦਾ ਕੇਸ ਜਿਹੜਾ 304,134 ਬਣ ਗਿਆ ਸੀ, ਪੁਲਿਸ ਦੇ ਹਥੋਂ ਜਾ ਰਿਹਾ ਸੀ, ਐਸ.ਪੀ. ਦੀਆਂ ਝਾੜਾਂ, ਸਰਕਾਰ ਦੀ ਜਵਾਬ-ਤਲਬੀ-ਥਾਣੇਦਾਰ ਨੂੰ ਫੀਤੀ ਦਾ ਫਿਕਰ ਪੈ ਗਿਆ।

"ਸ਼ੱਕ 'ਚ ਨਾਂ ਲਿਖਾ ਦਿਓ। ਸਚਾਈ ਅਸੀਂ ਹੱਡਾਂ 'ਚੋਂ ਕੱਢ ਲਵਾਂਗੇ।"

"ਮੇਰਾ ਕੋਈ ਦੁਸ਼ਮਣ ਨਹੀਂ।"

ਪੁਲਿਸ ਦੇ ਹੱਥਾਂ ਦੇ ਤੋਤੇ ਉਡ ਰਹੇ ਸਨ।

"ਤਾਂ ਕੀ ਯਾਰ ਲਾਡ ਕਰਕੇ ਗਏ ਸੀ ?" ਥਾਣੇਦਾਰ ਦਾ ਪਾਰਾ ਚੜ੍ਹ ਗਿਆ ਸੀ।

"ਕਿਉਂ ਭਰਾਵਾ ਸਾਡੇ ਠੂਠੇ ਲੱਤ ਮਾਰਦੈਂ-ਕਿਸੇ ਦਾ ਨਾਂ ਧਰਦੇ।" ਮੁਨਸ਼ੀ ਕਹਿ ਰਿਹਾ ਸੀ।

"ਉਏ ਅਸੀਂ ਤਾਂ ਕਿਸੇ ਨਾ ਕਿਸੇ ਨੂੰ ਤਿਲਾਂ ਦੀ ਪੂਲੀ ਵਾਂਗ ਝਾੜ ਲਈਏ।"

ਦੂਜਾ ਮੁਨਸ਼ੀ ਰਣਜੀਤ ਦੇ ਕੰਨ ਗੱਲ ਪਾ ਰਿਹਾ ਸੀ।

"ਇਕ ਬੰਦਾ ਮਰ ਰਿਹਾ ਹੈ ਤੁਹਾਨੂੰ ਆਪਣੇ ਠੂਠੇ ਦੀ ਪਈ ਐ।" ਮੈਡਮ ਚੁਪ ਨਾ ਰਹਿ ਸਕੀ।

"ਕਾਕੀ ਸਾਡੇ ਲਈ ਤਾਂ ਇਹ ਹੀ ਮੁਕਲਾਵੈ।"

"ਸਾਨੂੰ ਕੋਈ ਵਿਆਹ ਤੇ ਨਹੀਂ ਬੁਲਾਂਦਾ। ਸਾਨੂੰ ਤਾਂ ਉਦੋਂ ਹੀ ਆਵਾਜ਼ ਪੈਂਦੀ ਐ ਜਦੋਂ ਘੰਡੀ ਵੱਢੀ ਜਾਂਦੀ ਐ-ਫੇਰ ਸਾਡੇ ਲਈ ਤਾਂ ਇਹੀ ਵਿਆਹ ਮੁਕਲਾਵਾ ਹੋਇਆ-ਨਾ। ਲਿਖ। ਸ਼ੇਰ ਬਣਕੇ।" ਬੁੱਢਾ ਮੁਨਸ਼ੀ ਚੌਰਿਆਂ ਵਾਂਗ ਬੁਸ਼ਕਰਾ ਮਾਰ ਰਿਹਾ ਸੀ।

ਪੁਲਿਸ ਨਿਰਾਸ਼ ਪਰਤ ਗਈ, ਰਣਜੀਤ ਨੇ ਕਿਸੇ ਦਾ ਵੀ ਨਾਂ ਨਹੀਂ ਲਿਖਾਇਆ।

ਮੈਡਮ ਦਿਨ ਰਾਤ ਰਣਜੀਤ ਦੀ ਸੇਵਾ ਕਰਦੀ ਰਹੀ, ਹੁਣ ਉਹ ਤਕੜਾ ਸੀ।

"ਮੈਡਮ ਯਾਰ, ਚਲ ਕਿਤੇ ਤੁਰ ਚਲੀਏ।" ਰਣਜੀਤ ਹੱਸ ਰਿਹਾ ਸੀ ਜਾਂ ਉਹ ਸੰਜੀਦਾ ਸੀ।

"ਹਿੱਸਾ ਕੌਣ ਭੇਗੂ ਰਣਜੀਤ।"

"ਸਾਡੀ ਨਿਕਲੇ ਜਿੰਦ ਸੁਖ਼ਾਲੀ ਹਿਕ ਉਤੇ ਹੱਥ ਧਰ ਜਾ।" ਰਣਜੀਤ ਨੇ ਮੈਡਮ ਦਾ ਪਿਆਰਾ ਜਿਹਾ ਹੱਥ ਛਾਤੀ 'ਤੇ ਧਰ ਲਿਆ ਸੀ।

"ਯਾਰ ਬੀਮਾਰ ਪਿਆ, ਮੇਰਾ ਚਿੱਤ ਨਾ ਤੀਆਂ ਵਿਚ ਲਗਦਾ।"

ਰਣਜੀਤ ਸੱਚ ਹੀ ਨਵਾਂ ਨਰੋਆ ਹੋ ਗਿਆ ਸੀ, ਤੂਤ ਦੀ ਛਿਟੀ ਜਿਹੀ ਮੈਡਮ ਲੁੰਗੀ ਵਿਚ ਰਣਜੀਤ ਲਈ ਸੰਜੀਵਣੀ ਬੂਟੀ ਬਣੀ ਹੋਈ ਸੀ।

ਰਣਜੀਤ ਠੀਕ ਹੋ ਗਿਆ, ਖ਼ੂਨ ਬਹੁਤ ਵਗ ਗਿਆ ਸੀ, ਕਮਜ਼ੋਰੀ ਬਹੁਤ ਸੀ, ਪਰ ਉਸ ਨੂੰ ਹਸਪਤਾਲੋਂ ਛੁੱਟੀ ਮਿਲ ਗਈ ਸੀ।

ਪੁਲਿਸ ਨੇ ਉਸ ਨੂੰ ਤੰਗ ਕਰ ਦਿਤਾ ਸੀ, ਪੁਲਿਸ ਚਾਹੁੰਦੀ ਸੀ ਉਹ ਯਾਦਦਾਸ਼ਤ ਤੇ ਜ਼ੋਰ ਪਾਵੇ ਤੇ ਦੋਸ਼ੀਆਂ ਦੇ ਨਾਂ ਚੇਤੇ ਕਰੇ। ਪੁਲਿਸ ਨੇ ਹੋਟਲ ਵਾਲਿਆਂ ਨੂੰ ਵੀ ਕੁਟ ਛੱਡਿਆ ਸੀ, ਪਰ ਕਿਸੇ ਨੂੰ ਦੋਸ਼ੀਆਂ ਦੀ ਪਛਾਣ ਹੀ ਨਹੀਂ ਸੀ।

ਦੋਸ਼ੀਆਂ ਦੇ ਮੂੰਹ ਬੱਧੇ ਸਨ, ਇਤਨਾ ਵੱਡਾ ਕੇਸ ਰਫ਼ਾ ਦਫ਼ਾ ਹੋ ਰਿਹਾ ਸੀ-ਪੁਲਿਸ ਦੇ ਕਲੇਜੇ ਛੁਰੀਆਂ ਚਲ ਰਹੀਆਂ ਸਨ।

ਮੈਡਮ ਦਿਨੇ ਰਣਜੀਤ ਪਾਸ ਰਹਿੰਦੀ, ਰਾਤ ਨੂੰ ਹੋਸਟਲ ਵਿਚ, ਪ੍ਰਿੰਸੀਪਲ ਛੁੱਟੀਆਂ ਕੱਟਣ ਗਈ ਹੋਈ ਸੀ।

"ਮੈਂ ਤਾਰੀਕ ਤੇ ਨਾਲ ਚੱਲਾਂ?" ਮੈਡਮ ਨੇ ਪੁੱਛਿਆ।

"ਤੇਰਾ ਜਾਣਾ ਤਾਂ ਉਕਾ ਹੀ ਠੀਕ ਨਹੀਂ।" ਰਣਜੀਤ ਨੇ ਕਿਹਾ।

ਜ਼ਖਮ ਠੀਕ ਸਨ ਪਰ ਅਜੇ ਤਕ ਪੱਟੀਆਂ ਨਹੀਂ ਲਥੀਆਂ ਸਨ। ਉਹ ਉਸੀ ਹਾਲਤ ਵਿਚ ਤਾਰੀਖ ਭੁਗਤਣ ਚਲਾ ਗਿਆ।

ਰਿਸ਼ਤੇਦਾਰਾਂ ਦੇ ਕੋਲੋਂ ਵੀ ਲੰਘਿਆ ਤਾਂ ਉਨ੍ਹਾਂ ਮੁੱਛਾਂ ਨੂੰ ਵੱਟ ਚਾਹੜਿਆ, ਖੰਗੂਰੇ ਮਾਰੇ ਤੇ ਤਾੜੀ ਮਾਰ ਕੇ ਹਾਸਾ ਹੱਸਿਆ, ਸਭ ਨਾਲੋਂ ਵੱਧ ਹੱਸਣ ਵਾਲਾ ਉਸ ਦਾ ਆਪਣਾ ਚਾਚਾ ਸੀ, ਜਸਵੰਤ ਬੜੇ ਫ਼ਖਰ ਨਾਲ ਝਾਕ ਰਹੀ ਸੀ।

"ਹੱਡ ਦਾ ਕਰੜਾ ਨਿਕਲਿਆ।" ਕਈ ਸਾਰੇ ਖ਼ੀ ਖ਼ੀ ਖ਼ੀ ਕਰਕੇ ਹੱਸੇ।

"ਮਾਰਿਆ ਤਾਂ ਬਹੁਤ ਸੀ ਪਰ......।"

"ਚਲੋ ਦੂਜੀ ਵਾਰ ਸਹੀ।"

"ਬੱਕਰੇ ਦੀ ਮਾਂ ਕਿੰਨੇ ਕੁ ਦਿਨ ਖੈਰ ਮਨਾਊ।"

"ਪਾਣੀ ਤਾਂ ਪੁਲਾਂ ਥੱਲੇ ਦੀ ਹੀ ਲੰਘਣੈ।"

ਰੰਗ ਬਰੰਗੀ ਬਾਣੀ ਸੁਣਦਾ ਉਹ ਅੱਗੇ ਮੈਜਿਸਟਰੇਟ ਦੇ ਕਮਰੇ ਪਾਸ ਪਹੁੰਚ ਗਿਆ। ਆਵਾਜ਼ ਪਈ ਤਾਂ ਉਹ ਅੰਦਰ ਪੇਸ਼ ਹੋ ਗਿਆ।

"ਨੌਜਵਾਨ ਇਹ ਕੀ ਹੋਇਆ?" ਮੈਜਿਸਟਰੇਟ ਉਸ ਦੇ ਸਰੀਰ ਦੀਆਂ ਪੱਟੀਆਂ, ਫੱਟਾਂ ਦੇ ਦਾਗ ਦੇਖ ਕੇ ਚੌਂਕ ਪਿਆ ਸੀ।

"ਜਨਾਬ ਐਕਸੀਡੈਂਟ ਹੋ ਗਿਆ ਸੀ।"

"ਉਹ ਕਿਸ ਤਰ੍ਹਾਂ?"

"ਸਕੂਟਰ ਕਿਸੇ ਟਰੱਕ ਨਾਲ ਟਕਰਾ ਗਿਆ ਸੀ।"

"ਉਹ!" ਮੈਜਿਸਟਰੇਟ ਗਹੁ ਨਾਲ ਝਾਕ ਰਿਹਾ ਸੀ, ਉਸ ਦੀਆਂ ਅੱਖਾਂ ਦੱਸ ਰਹੀਆਂ ਸਨ ਕਿ ਉਸ ਨੂੰ ਰਣਜੀਤ ਦੇ ਬਿਆਨ ਤੇ ਸ਼ੱਕ ਸੀ, ਫੇਰ ਉਹਨੇ ਰਿਸ਼ਤੇਦਾਰਾਂ ਦੀ ਧਾੜ ਵਲ ਨਜ਼ਰ ਮਾਰੀ।

"ਤੁਹਾਡਾ ਵਕੀਲ ਨਹੀਂ ਆਇਆ?"

"ਅਜ ਦੀ ਤਾਰੀਖ਼ ਦੇ ਦਿਓ ਉਹ ਬੀਮਾਰ ਹਨ।"

"ਮੈਂ ਦੋ ਟੂਕ ਫੈਸਲਾ ਸੁਣਾ ਦੇਣਾ ਹੈ- ਉਸ ਦਾ ਕੋਈ ਅਸਿਸਟੈਂਟ ਹੈ ਤਾਂ ਬੁਲਾ ਲਿਆਓ।"

ਅਸਲ 'ਚ ਉਨ੍ਹਾਂ ਮੁਕੱਦਮਾ ਬਦਲਣ ਦੀ ਦਰਖਾਸਤ ਦਿੱਤੀ ਸੀ। ਵਕੀਲ ਜਾਣ ਬੁਝ ਕੇ ਖੁੰਝ ਰਿਹਾ ਸੀ ਤਾਂ ਕਿ ਤਾਰੀਖ਼ ਮਿਲ ਜਾਵੇ।

"ਇਸ ਤਰ੍ਹਾਂ ਮੁਕੱਦਮੇ ਬਦਲਦੇ ਨਹੀਂ ਹੁੰਦੇ", ਮੈਜਿਸਟਰੇਟ ਨੇ ਕਿਹਾ, ਅਜ ਸਵੇਰੇ ਸੈਸ਼ਨਜ਼-ਜੱਜ ਨੇ ਉਸ ਨੂੰ ਦਰਖਾਸਤ ਬਾਰੇ ਦੱਸ ਦਿਤਾ ਸੀ, ਰਣਜੀਤ ਨੂੰ ਮੈਜਿਸਟਰੇਟ ਬਹੁਤ ਚੰਗੀ ਤਰ੍ਹਾਂ ਸਮਝ ਚੁੱਕਿਆ ਸੀ, ਇਸ ਲਈ ਉਸ ਨੇ ਸੈਸ਼ਨ ਜੱਜ ਨੂੰ ਮਨਾ ਲਿਆ ਸੀ ਕਿ ਉਨ੍ਹਾਂ ਦੀ ਦਰਖਾਸਤ ਨਾ ਮਨਜ਼ੂਰ ਕਰ ਦੇਵੇ।

"ਤੂੰ ਬੀਬੀ ਇਹਦੇ ਵਸਣੈ ਜਾਂ ਨਹੀਂ?"

"ਮੈਂ ਤਾਂ ਜੀ ਖਰਚਾ ਲੈਣੈ।"

"ਇਹ ਤੇਰਾ ਆਖਰੀ ਫੈਸਲਾ?"

ਮੈਜਿਸਟਰੇਟ ਗ਼ੁੱਸੇ 'ਚ ਭੜਕਿਆ।

"ਇਕ ਅਰਜ਼ ਹੈ ਜਨਾਬ।" ਰਣਜੀਤ ਨੇ ਕਿਹਾ।

"ਬੋਲ।"

"ਇਸ ਨੂੰ ਕੁਛ ਖਰਚਾ ਫਿਕਸ ਕਰ ਦਿੱਤਾ ਜਾਵੇ।"

"ਸਾਲ ਦਾ 350 ਰੁਪਿਆ ਫਿਕਸ ਕਰ ਦਿਤਾ।"

"ਮੈਂ ਇਕ ਹੋਰ ਅਰਜ਼ ਕਰਨੀ ਹੈ ਜਨਾਬ।"

"ਕੀ?"

"ਮੇਰੇ ਨਾਂ ਦੀ ਸਾਰੀ ਜ਼ਮੀਨ ਦੀ ਆਮਦਨ ਤਦ ਤਕ ਇਹ ਖਾਂਦੀ ਰਹੇ ਜਦ ਤਕ ਇਹ ਜ਼ਿੰਦਾ ਹੈ।"

ਸਭ ਦੇ ਦੰਦ ਜਿਹੇ ਜੁੜ ਗਏ।

"ਤੈਥੋਂ ਪਹਿਲਾਂ ਨਹੀਂ ਮਰਦੀ-ਫਿਕਰ ਨਾ ਕਰ।"

ਮੈਜਿਸਟਰੇਟ ਗੁੱਸੇ ਨਾਲ ਝਾਕਿਆ।

"ਸੋਚ ਲੈ।"

"ਮੈਂ ਜਨਾਬ ਸੋਚ ਕੇ ਕਹਿ ਰਿਹਾ ਹਾਂ।"

ਇਕ ਦਰਖਾਸਤ ਲਿਖੀ ਗਈ, ਰਣਜੀਤ ਦੇ ਦਸਖਤ ਕਰਵਾਏ ਗਏ। ਮੈਜਿਸਟਰੇਟ ਨੇ ਦਰਖਾਸਤ ਤਸਦੀਕ ਕਰ ਦਿੱਤੀ।

"ਮੈਂ ਆਜ਼ਾਦ ਹੋ ਕੇ ਸ਼ਾਇਦ ਜੀ ਸਕਾਂ- ਅਜ ਮੇਰੇ ਮਨ ਤੋਂ ਬੋਝ ਉਤਰ ਗਿਆ ਹੈ।"

ਦਸਖਤ ਕਰਦਿਆਂ ਰਣਜੀਤ ਨੇ ਕਿਹਾ।

"ਦੇਖ ਤਾਂ ਸਹੀ-ਜੀਏਂਗਾ ਕਿ ਤੇਰਾ ਚਿਤ ਜਾਣੂ।" ਕਿਸੇ ਨੇ ਰਣਜੀਤ ਦੇ ਕੰਨ ਕੋਲ ਕਿਹਾ

ਰਣਜੀਤ ਨੇ ਮੈਜਿਸਟਰੇਟ ਨੂੰ ਨਮਸਕਾਰ ਕੀਤੀ ਤੇ ਭੀੜ ਚੀਰਦਾ ਬਾਹਰ ਨਿਕਲ ਗਿਆ। ਮੈਜਿਸਟਰੇਟ ਪੱਥਰ ਹੋਇਆ ਝਾਕ ਰਿਹਾ ਸੀ। ਭੀੜ ਕੱਛਾਂ ਵਜਾ ਰਹੀ ਸੀ। ਜਸਵੰਤ ਨੇ ਬੜੇ ਅਭਿਮਾਨ ਨਾਲ ਢਾਕਾਂ ਤੇ ਹੱਥ ਧਰੇ ਸਨ।

ਰਣਜੀਤ ਬਾਹਰ ਪਿੰਜਰੇ 'ਚੋਂ ਨਿਕਲੇ ਪੰਛੀ ਵਾਂਗ ਆਇਆ।

ਉਸ ਦੀ ਰੂਹ ਤੋਂ ਸੱਚ ਹੀ ਕੋਈ ਭਾਰ ਲੱਥ ਗਿਆ ਸੀ।

ਉਹ ਉਡਾਰੀ ਮਾਰਕੇ ਯਾਰ ਮੈਡਮ ਪਾਸ ਪੁਜਿਆ।

"ਕੀ ਹੋਇਆ ?"

"ਝੰਜਟ ਮੁਕ ਗਿਆ ?"

"ਫੈਸਲਾ ਹੋ ਗਿਆ ?"

"ਹਾਂ-ਹੁਣ ਮਰਾਂਗਾ ਵੀ ਤਾਂ ਪਛਤਾਵਾ ਨਹੀਂ ਰਹੇਗਾ।"

"ਤਦ ਵੀ ਹੋਇਆ ਕੀ ?"

"ਇਹ ਜ਼ਰ-ਜ਼ਮੀਨ ਦੀ ਦੁਨੀਆ ਨੂੰ ਸਭ ਕੁਛ ਦੇ ਆਇਆ ਹਾਂ।"

"ਖਰਚਾ ?"

"ਹਾਂ।"

"ਹੁਣ ਆਜ਼ਾਦ ਹੋਂ ਨਾ ?"

"ਕਾਨੂੰਨਨ ਤਾਂ ਪਤਾ ਨਹੀਂ ਪਰ ਮੇਰਾ ਮਨ ਜ਼ਰੂਰ ਕਿਸੇ ਪੰਜਰੇ 'ਚੋਂ ਨਿਕਲ ਆਇਆ। ਸੱਚ ਯਾਰ ਆਜ਼ਾਦ ਹੋ ਕੇ ਜਿਉਣੇ ਦਾ ਮਜ਼ਾ ਅਨੋਖਾ ਹੀ ਹੈ।"

"ਸ਼ੁਕਰ ਹੈ ਰੱਬਾ। ਮੇਰਾ ਯਾਰ ਖ਼ੁਸ਼ ਤਾਂ ਹੋਇਆ।" ਮੈਡਮ ਨੇ ਬਹੁਤ ਸੌਖਾ ਸਾਹ ਲਿਆ।

ਰਣਜੀਤ ਖ਼ੁਸ਼ੀ ਨਾਲ ਉਛਲਦਾ ਫਿਰਦਾ ਸੀ।

"ਅਜ ਪੀਣ ਨੂੰ ਦਿਲ ਕਰਦੈ।"

"ਪੀਲਾ ਨਾ ਯਾਰ।" ਮੈਡਮ ਉਸ ਪਾਸ ਆ ਕੇ ਖੜ ਗਈ। ਉਹ ਸੋਚਣ ਲੱਗ ਪਿਆ।

"ਕੀ ਮੈਂ ਕਿਸੇ ਵਿਸਕੀ ਨਾਲੋਂ ਘੱਟ ਹਾਂ।" ਵਿਸਕੀ ਦੀ ਜਾਮ ਮੈਡਮ ਪੁਛ ਰਹੀ ਸੀ।

"ਰਣਜੀਤ ਨੇ ਵਿਸਕੀ ਦੀ ਬੋਤਲ ਨੂੰ ਬੁੱਕਲ 'ਚ ਲੈ ਲਿਆ।

# 16.

ਜਿਥੇ ਚਲੇਂਗਾ ਚਲੂੰਗੀ ਨਾਲ ਤੇਰੇ,
ਵੇ ਟਿਕਟਾਂ ਦੋ ਲੈ ਲੀਂ।

ਮੈਡਮ ਚਲੀ ਗਈ ਸੀ। ਰਣਜੀਤ ਇਕੱਲਾ ਰਹਿ ਗਿਆ ਸੀ। ਸਿਹਤ ਠੀਕ ਸੀ ਪਰ ਅਜੇ ਵੀ ਥੋੜੀ ਕਮਜ਼ੋਰੀ ਮਹਿਸੂਸ ਹੋ ਰਹੀ ਸੀ।

ਛੁੱਟੀਆਂ ਮੁਕਦੀਆਂ ਜਾ ਰਹੀਆਂ ਸਨ। ਰਣਜੀਤ ਦਾ ਕਿਤੇ ਤੁਰ ਫਿਰ ਕੇ ਆਉਣ ਦਾ ਮਨ ਬਣ ਗਿਆ ਸੀ।

ਹਰਦਵਾਰ ਵਾਲੀ ਗੱਡੀ 'ਚ ਸਵਾਰ ਹੋ ਗਿਆ। ਦੋ ਦਿਨ ਹਰਦਵਾਰ ਫਿਰਦਾ ਰਿਹਾ। ਭੀੜਾਂ 'ਚ ਇਕੱਲਾ ਰਣਜੀਤ ਪ੍ਰਦੇਸੀਆਂ ਵਾਂਗ ਫਿਰਦਾ ਰਹਿੰਦਾ ਸੀ। ਡੇਹਰਾਦੂਨ ਪਹੁੰਚਿਆ। ਬਾਰਸ਼ ਹੋ ਹਟੀ ਸੀ। ਸਾਰਾ ਡੇਹਰਾਦੂਨ ਧੁਲਿਆ ਧੁਲਿਆ ਸੀ।

ਯਾਰ ਦੇ ਸ਼ਹਿਰ ਪੁਜ ਗਿਆ ਸੀ। ਉਸ ਨੂੰ ਉਡ ਕੇ ਮਿਲਣ ਦਾ ਮਨ ਨਹੀਂ ਸੀ। ਯਾਰ ਦੇ ਸ਼ਹਿਰ 'ਚ ਪਹੁੰਚ ਕੇ ਹੀ ਮਨ ਨੂੰ ਧਰਵਾਸ ਮਿਲ ਗਿਆ ਸੀ।

ਰਤਨ ਹੋਟਲ ਦਾ ਕਮਰਾ ਇਸ ਵਾਰ ਵੀ ਉਹੀ ਸੀ। ਇਸ ਨਾਲ ਮੈਡਮ ਦੀ ਯਾਦ, ਸ਼ੀਤਲ ਦੀ ਯਾਦ ਜੁੜੀ ਹੋਈ ਸੀ। ਸਾਹਮਣੇ ਪਹਾੜਾਂ ਦੀਆਂ ਟੀਸੀਆਂ ਤੇ ਬੈਠੇ ਕਾਲੇ ਬਦਲਾਂ ਵੱਲ ਝਾਕਦਾ ਯਾਦਾਂ ਨੂੰ ਫਰੋਲਦਾ ਰਹਿੰਦਾ ਸੀ।

ਫੇਰ ਉਸ ਦਾ ਮਨ ਉਕਤਾ ਗਿਆ। ਡੇਹਰਾਦੂਨ ਦੀ ਸੁੰਦਰ ਵਾਦੀ, ਸੁੰਦਰ ਸੜਕਾਂ ਖਾਲੀ ਤੇ ਬੇ-ਰਸ ਬਣ ਗਈਆਂ।

ਰਾਤ ਦੇ ਦਸ ਵਜੇ ਸਨ। ਨੀਂਦਰ ਨਹੀਂ ਆ ਰਹੀ ਸੀ ਪਰ ਭਰੇ ਬਾਜ਼ਾਰ ਵਲ ਤਕ ਕੇ ਉਸ ਦਾ ਦਿਲ ਹੋਰ ਉਦਾਸ ਹੁੰਦਾ ਸੀ। ਉਹ ਕਮਰੇ 'ਚ ਪਿਆ ਮੈਡਮ-ਯਾਰ ਨੂੰ ਯਾਦ ਕਰ ਰਿਹਾ ਸੀ। ਅੱਖਾਂ 'ਚੋਂ ਹੰਝੂ ਆਪ-ਮੁਹਾਰੇ ਹੀ ਵਗ ਰਹੇ ਸਨ।

ਕਮਰੇ ਦਾ ਦਰਵਾਜ਼ਾ ਖੜਕਿਆ।

"ਯੈਸ-ਕਮ-ਇਨ" ਰਣਜੀਤ ਨੇ ਗਲ 'ਚੋਂ ਹੰਝੂ ਸਾਫ ਕਰ ਕੇ ਕਿਹਾ।

ਦਰਵਾਜ਼ਾ ਖੁਲ੍ਹਿਆ। ਬਾਹਰ ਦੀ ਰੋਸ਼ਨੀ ਅੰਦਰ ਆਈ। ਲੁੰਗੀ ਬੰਨ੍ਹੀ ਮੈਡਮ ਸਾਹਮਣੇ ਖੜ੍ਹੀ ਸੀ।

ਰਣਜੀਤ ਸਿੱਧਾ ਹੀ ਖੜ੍ਹਾ ਹੋ ਗਿਆ। ਜਿਵੇਂ ਉਹ ਸੁੱਤਾ ਕੋਈ ਕਰਿਸ਼ਮਾ ਦੇਖ ਰਿਹਾ ਸੀ। ਡਰਦਾ ਅੱਗੇ ਨਹੀਂ ਹੋ ਰਿਹਾ ਸੀ, ਕਿਤੇ ਸੁਪਨੇ 'ਚ ਉਤਰਿਆ ਆਕਾਰ ਖ਼ਤਮ ਨਾ ਹੋ ਜਾਵੇ।

"ਸੱਚ ਨਹੀਂ ਆਂਦਾ?" ਮੈਡਮ ਹੱਸ ਰਹੀ ਸੀ।

"ਕਿਸ ਤਰ੍ਹਾਂ ਆ ਸਕਦੈ।"

ਮੈਡਮ ਨੇ ਬੱਤੀ ਜਗਾ ਦਿੱਤੀ।

ਰਣਜੀਤ ਨੇ ਉਸ ਦਾ ਹੱਥ ਚੁੰਮ ਲਿਆ।

"ਯਾਰ ਡਰ ਲੱਗਦੈ ਕਿਤੇ ਸੁਪਨਾ ਨਾ ਹੋਵੇ?"

"ਇਹਦੇ 'ਚ ਕੀ ਸ਼ੱਕ ਹੈ-ਸਾਡਾ ਮਿਲਣਾ ਵੀ ਤਾਂ ਝੂਠ ਹੀ ਹੈ ਨਾ?"

"ਨਹੀਂ ਮੈਡਮ-ਇਹ ਸੱਚ ਹੈ ਸ਼ੀਤਲ ਦਾ ਮਿਲਣਾ ਝੂਠ ਹੈ।"

ਮੈਡਮ ਨੇ ਉਸ ਦੇ ਮੂੰਹ ਤੇ ਹੱਥ ਧਰ ਦਿੱਤਾ।

"ਹਾਂ ਮੈਡਮ-ਪਤਾ ਨਹੀਂ ਇਨਸਾਨ ਤੋਂ ਗੁਨਾਹ ਕਿਉਂ ਹੋ ਜਾਂਦੈ ਜਿਸ ਦੇ ਲਈ ਉਸ ਨੂੰ ਸਾਰੀ ਉਮਰ ਸਜ਼ਾ ਭੁਗਤਣੀ ਪੈਂਦੀ ਹੈ।"

"ਇਰਾਦੇ ਦਾ ਇਤਨਾ ਕੱਚਾ?"

"ਕੱਚਾ ਨਹੀਂ ਸਚਾਈ ਕੀ ਹੈ? ਇਹ ਕਹਿ ਰਿਹਾ ਹਾਂ।"

"ਤਾਂ ਗੁਨਾਹਗਾਰ ਮੈਂ ਹਾਂ ਜਿਸ ਹੁਸ਼ਿਆਰੀ ਨਾਲ ਸ਼ੀਤਲ ਨੂੰ ਆਊਟ ਕਰ ਦਿੱਤਾ।"

ਮੈਡਮ ਦੇ ਮੁਖ ਤੇ ਦੋਸ਼ੀ ਝਲਕ ਉਭਰ ਪਈ।

"ਇਹ ਨਾ ਕਹਿ ਯਾਰ।"

"ਦੇਖ ਰਣਜੀਤ ਮੈਂ ਕਦੇ ਨਹੀਂ ਚਾਹਾਂਗੀ ਤੂੰ ਸ਼ੀਤਲ ਨੂੰ ਇਕ ਪਲ ਲਈ ਵੀ ਭੁੱਲੇਂ।"

ਸਿਦਕੀ ਮੈਡਮ ਦੇ ਮੁਖ ਵੱਲ ਤਕ ਤਕ ਰਣਜੀਤ ਸੋਚਦਾ ਰਿਹਾ।

"ਪਰ ਤੂੰ ਯਾਰ ਸਾਡੀ ਅੱਗ 'ਚ ਕਿਉਂ ਸੜ ਰਹੀ ਹੈਂ?"

"ਸ਼ਾਇਦ ਇਹ ਮੇਰੇ ਭਾਗਾਂ 'ਚ ਲਿਖਿਆ ਹੈਂ।"

ਥੋੜਾ ਚਿਰ ਮੈਡਮ ਦਾ ਦਿਲ ਖਰਾਬ ਰਿਹਾ।

ਉਹ ਬਾਹਰ ਆ ਗਏ। ਨਪੋਲੀ 'ਚ ਕਾਫੀ ਪੀਤੀ। ਹੌਲੀ ਹੌਲੀ ਮਨ ਠੀਕ ਹੋ ਗਏ।

ਮੈਡਮ ਕਾਲਜ ਗਈ ਸੀ। ਰਣਜੀਤ ਦਾ ਪਤਾ ਕੀਤਾ ਸੀ। ਉਸ ਦਾ ਦਿਲ ਹਾਮੀ ਭਰ ਗਿਆ ਸੀ ਕਿ ਉਹ ਡੇਹਰਾਦੂਨ ਹੀ ਗਿਆ ਸੀ। ਡੇਹਰਾਦੂਨ ਪਹੁੰਚ ਗਈ ਸੀ।

ਅਗਲੀ ਸਵੇਰ ਉਹ ਸ਼ੀਤਲ ਪਾਸ ਚਲੀ ਗਈ।

"ਕਾਕੀ ਤੂੰ?" ਮਾਂ ਨੇ ਮੈਡਮ ਨੂੰ ਪੁਛਿਆ।

"ਤੁਸੀਂ ਅਜੇ ਵੀ ਏਥੇ ਈ ਹੋ?"

"ਮੈਂ ਤਾਂ ਨਾਲ ਹੀ ਜਾਵਾਂਗੀ।"

ਜੰਮ ਵਾਂਗ ਚੰਬੜੀ ਡੈਣ ਬੁੱਢੀ ਦੇ ਮੂੰਹ ਵੱਲ ਤੱਕਦੀ ਮੈਡਮ ਸ਼ੀਤਲ ਰਣਜੀਤ ਦੀ ਕਿਸਮਤ ਬਾਰੇ ਸੋਚਦੀ ਰਹੀ।

"ਮਸੂਰੀ ਕੈਂਪ ਅਟੈਂਡ ਕਰਕੇ ਆਈ ਹਾਂ। ਸੋਚਿਆ ਸ਼ੀਤਲ ਨੂੰ ਮਿਲਦੀ ਜਾਵਾਂ।"

"ਚੰਗਾ ਕੀਤਾ-ਲੈ ਦੇਖ ਤਸਵੀਰ ਦਿਖਾਵਾਂ।"

"ਕਿਸਦੀ ਹੈ?"

"ਸ਼ੀਤਲ ਦੇ ਮਨੁੱਖ ਦੀ-ਹੈ ਸ਼ੇਰ ਵਰਗਾ ਮੂੰਹ-ਚਾਰ ਚਾਰ ਮੁਰਗੇ ਖਾ ਜਾਂਦੈ।"

ਮੈਡਮ ਸ਼ੀਤਲ ਵੱਲ ਝਾਕੀ-ਮੂਨ ਸ਼ੇਰ ਦੇ ਪੰਜੇ ਦਾ ਸ਼ਿਕਾਰ ਬਣਨ ਲਈ ਪਲ ਰਹੀ ਸੀ।

"ਗੱਲ ਪੱਕੀ ਹੋ ਗਈ ?"

"ਹਾਂ-ਪਰਸੋਂ ਹੀ ਜਸਵੰਤ ਦੀ ਚਿੱਠੀ ਆਈ ਹੈ। ਵੱਡੇ ਕਾਕੇ ਦੀ।"

"ਤਾਰੀਖ ?"

"ਜਾ ਕੇ ਪੱਕੀ ਕਰਾਂਗੇ-ਚੰਦਰਾ ਇਮਤਿਹਾਨ ਹੀ ਆਉਣ 'ਚ ਨਹੀਂ ਆਉਂਦਾ।" ਬੁੱਢੀ ਕਾਹਲੀ ਸੀ। ਦਿਨ ਮਰਜ਼ੀ ਨਾਲ ਤੁਰਦੇ ਸਨ।

ਜੁਲਾਈ ਦਾ ਪਹਿਲਾ ਹਫਤਾ ਚਲ ਰਿਹਾ ਸੀ। ਪੰਦਰਾਂ ਜੁਲਾਈ ਤੋਂ ਮੈਡਮ ਦਾ ਕਾਲਜ ਵੀ ਖੁਲ੍ਹ ਜਾਣਾ ਸੀ।

ਮੈਡਮ ਦਾ ਦਿਮਾਗ ਚੱਕਰ ਖਾ ਗਿਆ। ਸ਼ੀਤਲ ਚੁੱਪ 'ਚ ਡੁੱਬੀ ਬੈਠੀ ਸੀ।

"ਸੁਣਾ ਸਹੇਲੀਏ ਪੜ੍ਹਾਈ ਦਾ ਕੀ ਹਾਲ ਹੈ? ਕਿ ਵਿਆਹ ਦੇ ਚਾਅ 'ਚ ਕਿਤਾਬਾਂ ਫਿੱਕੀਆਂ ਲੱਗਦੀਆਂ ਨੇ?" ਮੈਡਮ ਨੇ ਸ਼ੀਤਲ ਦੀਆਂ ਖਾਮੋਸ਼ ਅੱਖਾਂ 'ਚ ਝਾਕ ਕੇ ਪੁਛਿਆ।

"ਰਾਣੀ ਬਣਨ ਦਾ ਚਾਅ ਕੁੜੀਆਂ ਕਤਰੀਆਂ ਨੂੰ ਹੀ ਹੁੰਦੈ।"

ਸ਼ੀਤਲ ਉਠ ਕੇ ਬਾਹਰ ਚਲੀ ਗਈ।

ਮੈਡਮ ਵੀ ਉਠ ਕੇ ਚਲੀ ਗਈ।

ਸ਼ੀਤਲ ਮੈਡਮ ਦੇ ਮੋਢੇ ਲੱਗ ਕੇ ਰੋਂਦੀ ਰਹੀ। ਉਸ ਦਾ ਮਨ ਮਹੀਨੇ ਤੋਂ ਭਰਿਆ ਪਿਆ ਸੀ ਜਿਹੜਾ ਦੂਜ ਦੇ ਮੀਂਹ ਵਾਂਗ ਵਰ੍ਹ ਪਿਆ ਸੀ।

"ਦਿਲ ਕਰਦਾ ਕੁਛ ਖਾ ਕੇ ਮੁਕ ਜਾਵਾਂ।"

"ਆਪ ਮਰਨ ਦੀ ਗੱਲ ਨਹੀਂ ਸੋਚੀਦੀ।"

"ਕੀ ਇਹਨੂੰ ਫਾਰਾ ਆਉਂਦੈ-ਪਈ ਬੁਲ੍ਹ ਜਿਹੇ ਫ਼ਰਕਾ ਤਮਾਸ਼ੇ ਕਹਿੰਦੀ ਐ।" ਮਾਂ ਨੇ ਬਰਾਛਾਂ ਖਿਚੀਆਂ।

"ਬੇ ਜੀ ਕੁੜੀਆਂ ਇਸ ਤਰ੍ਹਾਂ ਕਰਦੀਆਂ ਹੀ ਹੁੰਦੀਆਂ ਨੇ।"

"ਜਾਣਦੇ ਨਹੀਂ ਭਾਈ-ਅੱਜ ਦੀਆਂ ਕੁੜੀਆਂ ਹੀ ਤਮਾਸ਼ਾ ਨੇ ਸਾਥੋਂ ਤਾਂ ਚਾਅ ਨਹੀਂ ਚੱਕਿਆ ਜਾਂਦਾ ਸੀ।" ਮਾਂ ਨੇ ਮੈਡਮ ਤੇ ਵੀ ਬੁਲ੍ਹ ਅਟੇਰੇ।

"ਕੁੜੀਏ ਇਸ ਤਰ੍ਹਾਂ ਪਾਖੰਡ ਕਰੇਂਗੀ ਅੱਜ ਹੀ ਲੈ ਕੇ ਘਰ ਨੂੰ ਤੁਰ ਪਊਂ।" ਮਾਂ ਦੇ ਮੁਖ ਤੇ ਗੁੱਸਾ ਮੌਤ ਬਣ ਗਿਆ ਸੀ।

ਸ਼ੀਤਲ ਦਾ ਡੁਸਕਣਾ ਬੰਦ ਹੋ ਗਿਆ।

ਬੜਾ ਚਿਰ ਚੁਪ ਤਣੀ ਰਹੀ।

ਮੈਡਮ ਤੁਰ ਜਾਣਾ ਚਾਹੁੰਦੀ ਸੀ।

ਸ਼ੀਤਲ ਸੰਗਲਾਂ ਨਾਲ ਬੱਝੀ ਸੀ। ਲੋਹੇ ਦੀਆਂ ਦੀਵਾਰਾਂ 'ਚ ਕੈਦ ਸੀ। ਉਸ ਨੂੰ ਇਸ ਪਿੰਜਰੇ 'ਚੋਂ ਕੱਢ ਲੈਣਾ ਅਸੰਭਵ ਸੀ। ਸੋਚ ਰਹੀ ਸੀ-ਅਚਾਨਕ ਜਸਵੰਤ ਹੱਲ ਬਣ ਕੇ ਉਸ ਦੇ ਦਿਮਾਗ 'ਚ ਆ ਖੜ੍ਹਾ ਹੋਇਆ। ਮੈਡਮ ਦੇ ਚਿਹਰੇ ਤੇ ਰੌਣਕ ਆ ਗਈ।

"ਜੇ ਮੈਂ ਵਿਆਹ ਕਰਾਣ ਤੋਂ ਨਾਂਹ ਕਰ ਦਿੱਤੀ?"

"ਕੀ ਕਿਹਾ- ? ਫਿਰ ਬੋਲੀ ਖਾਂ।"

"ਮੈਂ ਵਿਆਹ ਨਹੀਂ ਕਰਾਵਾਂਗੀ।"

"ਤੇਰੇ ਜਣਦਿਆਂ ਨੂੰ ਪਿਟਿਆ।"

"ਕੀ ਕਹਿ ਰਹੀ ਹੈ ਸ਼ੀਤਲ?" ਮੈਡਮ ਘਬਰਾ ਉਠੀ।

"ਘਰ ਲਜਾ ਕੇ ਛੱਤ ਨਾਲ ਟੰਗ ਦੂੰਗੀ।"

"ਭਾਵੇਂ ਟੋਟੇ ਕਰ ਦੇ ਮੈਂ ਵਿਆਹ ਨਹੀਂ ਕਰਾਂਗੀ।"

"ਚਲ ਤੁਰ ਘਰ-।"

"ਮੈਂ ਨਹੀਂ ਜਾਂਦੀ।"

"ਜਾਂਦੀ ਕਿਵੇਂ ਨਹੀਂ?"

"ਸ਼ੀਤਲ ਬੱਚੇ ਬੇਅਦਬ ਨਹੀਂ ਹੁੰਦੇ।" ਮੈਡਮ ਮੌਕਾ ਸੰਭਾਲ ਰਹੀ ਸੀ।

"ਦੇਖ ਲਾ ਕਾਕੀ ਕਿਵੇਂ ਟੈਂ-ਟੈਂ-ਬੋਲਦੀ ਹੈ-ਜਸਵੰਤ ਦਾ ਪਤੈ ਜੀਭ ਅੱਧ-ਵਿਚਕਾਰੋਂ ਕੱਟ ਦੂ।"

"ਕੱਟ ਦੇਣ ਦੇ।"

ਸ਼ੀਤਲ ਗੁੱਸੇ 'ਚ ਪਾਗਲ ਹੋ ਚੁੱਕੀ ਸੀ।

"ਸ਼ੀਤਲ ਡੌਂਟ ਸਪੌਇਲ ਦੀ ਸਿਚੂਏਸ਼ਨ। ਯੂ ਵਿਲ ਗੈਟ ਯੂਅਰ ਸਵੀਟ-ਹਰਟ ਬੱਟ ਡੌਂਟ ਕਰੈਿਟ ਅਨ-ਨੀਸੈਸਰੀ ਕੰਪਲੀਕੇਸ਼ਨਜ਼ ਇਨ ਮਾਈ ਵੇ।"

ਸ਼ੀਤਲ ਮੈਡਮ ਵੱਲ ਝਾਕ ਕੇ ਚੁਪ ਹੋ ਗਈ।

"ਕਾਕੀ ਕੀ ਕਿਹੈ ਤੂੰ ਇਹਨੂੰ?" ਮਾਂ ਨੂੰ ਮੈਡਮ ਤੇ ਸ਼ੱਕ ਸੀ।

"ਬੇ ਜੀ ਮੈਂ ਕਿਹੈ ਜੋ ਮਾਪੇ ਬੱਚਿਆਂ ਲਈ ਕਰਦੇ ਐ ਚੰਗਾ ਈ ਕਰਦੇ ਐ।"

"ਸਚੀਂ ਇਹ ਗੱਲ ਕਹੀ ਐ?" ਬੁੱਢੀ ਬੜੀ ਖਚਰੀ ਸੀ।

ਮੈਡਮ ਨੇ ਗੱਲਾਂ ਦਾ ਰੁੱਖ ਬਦਲ ਕੇ ਮਾਹੌਲ ਖ਼ੁਸ਼ਗਵਾਰ ਬਣਾ ਦਿੱਤਾ। ਚਾਹ ਮੰਗਵਾ ਕੇ ਪੀਤੀ। ਮਾਵਾਂ ਧੀਆਂ ਦੀ ਸੁਲ੍ਹਾ ਕਰਾ ਦਿੱਤੀ। ਕਮਰੇ 'ਚ ਮੁੜ ਕਹਿ ਰਹੇ ਗੂੰਜਣ ਲੱਗ ਪਏ।

ਮੈਡਮ ਤੁਰ ਗਈ।

"ਇਹ ਕੁੜੀ ਜ਼ਰੂਰੀ ਕੋਈ ਬਲਾ ਐ। ਇਹ ਹੱਥੀਂ ਲਾਂਦੀ ਐ ਪੈਰੀਂ ਬੁਝਾਂਦੀ ਐ। ਤੇਰਾ ਦਿਮਾਗ ਈ ਇਹਨੇ ਵਗਾੜਿਐ। ਇਹ ਚੌਥੇ ਦਿਨ ਕਾਹਦੇ ਲਈ ਆ ਵੜਦੀ ਹੈ ਸ਼ੀਤਲ?"

"ਮਾਂ ਐਵੇਂ ਨਹੀਂ ਦੂਜਿਆਂ ਨੂੰ ਨਿੰਦੀ ਜਾਈਦਾ-ਬੇਚਾਰੀ ਮੇਰੇ ਸਾਹੀਂ ਸਾਹ ਲੈਂਦੀ ਐ।"

ਪਰ ਮਾਂ ਸ਼ੱਕ ਨਾਲ ਝਾਕਦੀ, ਸੋਚਦੀ ਰਹੀ।

ਮੈਡਮ ਬੜੀ ਦੁੱਬਿਧਾ 'ਚ ਸੀ। ਰਣਜੀਤ ਨੂੰ ਕੀ ਦਸੇਗੀ।

"ਕੀ ਹਾਲ ਹੈ ਸ਼ੀਤਲ ਦਾ?"

"ਪੜ੍ਹਾਈ 'ਚ ਬਿਜ਼ੀ ਹੈ।"

"ਘੰਟਾ ਮਿਲਣ ਵੀ ਨਹੀਂ ਆ ਸਕਦੀ?"

"ਮੈਂ ਠੀਕ ਨਹੀਂ ਸਮਝਿਆ- ਤੈਨੂੰ ਪਤੈ ਰਣਜੀਤ ਮਿਲ ਲਈਏ ਤਾਂ ਹਫ਼ਤਾ

ਮੁਲਾਕਾਤ ਹੀ ਅੱਖਾਂ ਅੱਗੇ ਘੁਮਦੀ ਰਹਿੰਦੀ ਹੈ-ਇਮਤਿਹਾਨ ਵੀ ਤਾਂ ਸਿਰ ਤੇ ਆਏ ਖੜ੍ਹੇ-ਮੈਂ ਤਾਂ ਇਹ ਵੀ ਨਹੀਂ ਦੱਸਿਆ ਤੂੰ ਆਇਐਂ।"

"ਫੇਰ ਕੀ ਦੱਸਿਆ ?"

"ਮੇਰਾ ਦਿਲ ਕੀਤਾ ਮਿਲਣ ਨੂੰ।"

"ਹੁਣ ਕੀ ਕਹਿ ਕੇ ਆਈ ?"

"ਮੈਂ ਕਿਹਾ ਮੇਰੇ ਨਾਲ ਹੋਰ ਸਟਾਫ਼ ਮੈਂਬਰ ਹਨ-ਹੋਸਟਲ 'ਚ ਪੜ੍ਹਾਈ ਦੇ ਖਿਆਲ ਨਾਲ ਨਹੀਂ ਆਏ।"

"ਯਾਰ ਕਿਉਂ ਬਹਾਨੇ ਕਰਦੈਂ-ਸੱਚ ਦਸ ਮੇਰੀ ਮੁਹੱਬਤ ਕੈਦ ਦੀ ਚਾਰ ਦੀਵਾਰੀ 'ਚ ਦਮ ਤੋੜ ਰਹੀ ਹੈ।"

"ਮੇਰੇ ਤੇ ਵਿਸ਼ਵਾਸ ਨਹੀਂ ?"

"ਹੈ-ਪਰ ਜਰ ਤੇਰੀ ਜ਼ਬਾਨ ਛੁਪਾ ਰਹੀ ਹੈ ਪਰ ਮੁਖ ਸੱਚ ਦੱਸ ਰਿਹੈ।"

"ਕੀ ਦੱਸ ਰਿਹੈ ?"

"ਤੇਰੇ ਚਿਹਰੇ ਤੇ ਕੋਈ ਨਵੀਂ ਚਿੰਤਾ ਲਿਖੀ ਪਈ ਐ।"

ਚੁੱਪ ਤਣ ਗਈ। ਕਿੰਨੇ ਚਿਰ ਮਗਰੋਂ ਮੈਡਮ ਨੇ ਰਣਜੀਤ ਨੂੰ ਪਿਛੋਂ ਘੁਟ ਲਿਆ।

"ਯਾਰਾ ਉਦਾਸ ਨਾ ਹੋ-ਸਭ ਠੀਕ ਹੋ ਜਾਏਗਾ।"

"ਮੇਰਾ ਸ਼ੱਕ ਠੀਕ ਹੈ ?"

"ਹਾਂ-ਪਰ ਬਹੁਤੀ ਘਬਰਾਹਣ ਵਾਲੀ ਕੋਈ ਗੱਲ ਨਹੀਂ।"

"ਉਹ ਠੀਕ ਠਾਕ ਤਾਂ ਹੈ ਨਾ ?"

"ਠੀਕ ਹੈ-ਪਰ ਮਾਂ ਹਰ ਸਮੇਂ ਕੋਲ ਹੈ।"

ਤਿੰਨ ਦਿਨ ਹੋਰ ਉਹ ਡੇਹਰਾਦੂਨ 'ਚ ਠਹਿਰੇ ਪਰ ਤਿੰਨ ਦਿਨ ਉਨ੍ਹਾਂ ਤਿੰਨ ਵੀ ਗੱਲਾਂ ਨਹੀਂ ਕੀਤੀਆਂ।

ਉਹ ਲੁਧਿਆਣੇ ਪਹੁੰਚ ਗਏ।

"ਤੁਸਾਂ ਘਰ ਨਹੀਂ ਜਾਣਾ ?"

"ਹਾਂ ਸਾਮਾਨ ਲੈ ਕੇ ਆਉਣੈ-ਤੂੰ ਮੇਰੇ ਨਾਲ ਨਾਰਾਜ਼ ਹੈ ?"

"ਨਹੀਂ। ਕਿਉ ?"

"ਮੈਨੂੰ ਤੁਸਾਂ ਕਿਹਾ ?"

"ਯਾਰ ਮੈਡਮ ਤੂੰ ਮੇਰੇ ਦੁੱਖਾਂ 'ਚ ਸੜ ਰਹੀ ਹੈਂ ਤੇ ਮੈਂ ਤੇਰੇ ਨਾਲ ਨਾਰਾਜ਼ ਹੋਵਾਂ।"

"ਇਹ ਦੁੱਖ ਤੇਰੇ ਨਹੀਂ-ਸਾਡੇ ਸਾਂਝੇ ਹਨ।"

ਰਣਜੀਤ ਉਹਦੀਆਂ ਅੱਖਾਂ 'ਚ ਝਾਕਦਾ ਰਿਹਾ।

ਮੈਡਮ ਘਰ ਚਲੀ ਗਈ।

ਰਣਜੀਤ ਘਰ ਆ ਗਿਆ।

ਕਾਲਜ ਵਿਚ ਟਾਵੀਂ ਟਾਵੀਂ ਰੌਣਕ ਦਿੱਸਦੀ ਹੈ। ਕਾਲਜ ਨੂੰ ਰੰਗ ਕਰਾਇਆ

ਸੀ। ਮੂੰਹ ਮੱਥਾ ਕਾਫ਼ੀ ਚਮਕ ਪਿਆ ਸੀ।

ਕਾਲਜ ਵੱਲ ਝਾਕ ਕੇ ਰਣਜੀਤ ਅੰਦਰ ਕੋਈ ਬਹੁਤਾ ਉਤਸ਼ਾਹ ਨਹੀਂ ਉਠਿਆ।

ਉਸ ਦਾ ਮਨ ਗਹਿਰਾ ਉਦਾਸ ਸੀ। ਜੀਵਨ ਉਸ ਨੂੰ ਅਜੀਬ ਗੁੰਝਲ ਨਜ਼ਰ ਆ ਰਹੀ ਸੀ। ਇਹ ਝਗੜੇ, ਇਹ ਸੁਪਨੇ ਸਭ ਵਾਧੂ ਜਾਪਦੇ ਸਨ। ਸੱਚ ਸੀ ਤਾਂ ਕੇਵਲ 'ਯਾਰ ਮੈਡਮ'।

ਉਸ ਨੇ ਬੋਤਲ ਖਰੀਦੀ ਤੇ ਘਰ ਜਾ ਕੇ ਪੀਣ ਲੱਗ ਪਿਆ। ਪੀਂਦਾ ਰਿਹਾ। ਬੋਤਲ ਖ਼ਤਮ ਹੋਣ ਤਕ ਉਸ ਨੂੰ ਨੀਂਦਰ ਆ ਚੁੱਕੀ ਸੀ।

ਅਜੀਬ ਹਾਲਤ ਸੀ ਕਿ ਉਹ ਨਸ਼ੇ ਦੀ ਲੋਰ 'ਚ ਵੀ ਮੈਡਮ ਯਾਰ ਨੂੰ ਸੀਨੇ ਨਾਲ ਲਾ ਕੇ ਸੁੱਤਾ ਸੀ।

ਸਵੇਰੇ ਉਠਿਆ। ਕਾਲਜ ਜਾਣ ਲਈ ਤਿਆਰੀ ਕਰਨ ਲੱਗ ਪਿਆ।

## 17.

**ਐਵੇਂ ਭੁੱਲ ਕੇ ਛੜੇ ਨੂੰ ਅੱਖ ਮਾਰੀ,**
**ਵੱਢ ਕੇ ਬਰੂਹਾਂ ਖਾ ਗਿਆ।**

ਕਾਲਜ ਖੁਲ੍ਹ ਗਿਆ। ਰੌਣਕ ਹੋ ਗਈ। ਅਣਗਿਣਤ ਨਵੇਂ ਚਿਹਰੇ ਹੁਸਨ ਦੇ ਬਾਗ ਟਹਿਕੇ। ਕਾਲਜ ਦਾ ਹਰ ਖੂੰਜਾ ਭਰਿਆ ਭਰਿਆ ਲੱਗਣ ਲੱਗ ਪਿਆ।

ਕੰਵਲ ਵੀ ਆ ਗਈ ਸੀ। ਮਾਸੂਮ ਚਿਹਰੇ ਤੇ ਜਵਾਨੀ ਦੁਹਾਈਆਂ ਪਾ ਰਹੀ ਸੀ। ਉਸ ਦੀਆਂ ਨਜ਼ਰਾਂ ਰਣਜੀਤ ਤੇ ਆ ਕੇ ਖੜ ਗਈਆਂ।

"ਸਦਾ ਮਜਬੂਰ ਬੰਦੇ ਹੁੰਦੇ ਬੇਕਸੂਰ।" ਰਣਜੀਤ ਨੇ ਕਿਹਾ।

ਕੰਵਲ ਉਸੀ ਤਰ੍ਹਾਂ ਤੱਕਦੀ ਰਹੀ।

"ਸਰ-ਤੁਹਾਡੀ ਕਲਾਸ 'ਚ ਨਾਂ ਲਿਖਾ ਲਾਂ?"

"ਤੇਰੀ ਮਰਜ਼ੀ।"

"ਬੁਰਾ ਤਾਂ ਨਹੀਂ ਮੰਨਦੇ।"

"ਕੰਵਲ ਪਿਆਰ ਦੇ ਬਹੁਤ ਰੂਪ ਨੇ-ਟੀਚਰ ਟਾਟਾ ਦਾ ਵੀ ਤਾਂ ਪਿਆਰ ਹੁੰਦੇ।"

"ਜੀ ਬਹੁਤ ਅੱਛਾ।"

ਰਣਜੀਤ ਸਾਹਮਣੇ ਇਕ ਸਮੱਸਿਆ ਆ ਗਈ। ਟੀਚਰਾਂ ਮੁਤਾਬਕ ਲੜਕੀਆਂ ਨੂੰ ਕਲਾਸਾਂ 'ਚ ਸ਼ਾਮਲ ਹੋਣ ਲਈ ਖੁਲ੍ਹ ਸੀ। ਤਕਰੀਬਨ 80% ਨਾਂ ਰਣਜੀਤ ਦੀਆਂ ਕਲਾਸਾਂ 'ਚ ਸਨ।

"ਮੈਡਮ ਜੀ ਇਸ ਗੱਲ ਤੇ ਦੂਜੇ ਟੀਚਰਾਂ ਨੂੰ ਬੁਰਾ ਲਗੇਗਾ।"

"ਹੈ ਤਾਂ ਠੀਕ ਪਰ ਬੱਚਿਆਂ ਨੂੰ ਕੌਣ ਸਮਝਾਏ।"

"ਇਸ ਦਾ ਕੋਈ ਹੱਲ।"

"ਆਰਡਰ।" ਮੈਡਮ ਹੱਸ ਪਈ।

ਉਸਦੇ ਚਿਹਰੇ ਤੋਂ ਲੱਗਦਾ ਸੀ ਰਣਜੀਤ ਨਾਲ ਪੂਰੀ ਖ਼ੁਸ਼ ਸੀ। ਪਿਛਲੀ ਕੋਈ ਵੀ ਖੁੰਧਕ ਉਸ ਦੇ ਮਨ 'ਚ ਨਹੀਂ ਟਿਕੀ ਹੋਈ ਸੀ। ਰਣਜੀਤ ਨਾਲ ਬੀਤੇ ਭਾਣੇ ਤੇ ਵੀ ਉਸ ਨੇ ਦੁੱਖ ਦਾ ਇਜ਼ਹਾਰ ਕੀਤਾ ਸੀ।

ਦਸਾਂ ਦਿਨਾਂ 'ਚ ਕਲਾਸਾਂ ਬਕਾਇਦਾ ਸ਼ੁਰੂ ਹੋ ਗਈਆਂ ਸਨ। ਰਣਜੀਤ ਕੰਮ 'ਚ ਰੁਝ ਗਿਆ ਸੀ। ਉਸ ਦਾ ਇਹ ਗੁਣ ਸੀ ਜਾਂ ਉਗੁਣ-ਕੰਮ 'ਚ ਪੂਰੀ ਦਿਆਨਤਦਾਰੀ ਨਾਲ ਰੁਝ ਜਾਂਦਾ ਸੀ।

"ਰਣਜੀਤ ਕਲ੍ਹ ਤੋਂ ਸ਼ੀਤਲ ਦੇ ਚਰਚੇ ਸ਼ੁਰੂ ਹਨ। 30 ਜੁਲਾਈ ਨੂੰ ਉਹ ਫਰੀ ਹੋ ਜਾਵੇਗੀ।"

"ਕਹਿੰਦੇ ਨੇ ਦੋ ਕਿਨਾਰੇ ਇਕ ਦੂਜੇ ਵਲ ਝਾਕਦੇ ਹੀ ਰਹਿੰਦੇ ਹਨ ਕਦੇ ਮਿਲ ਨਹੀਂ ਸਕਦੇ।"

"ਫੇਰ ਕਮਜ਼ੋਰ ਗੱਲ।"

"ਕੀ ਕਰਨ ਦਾ ਵਿਚਾਰ ਹੈ? ਮੈਨੂੰ ਕੋਈ ਰਾਹ ਨਜ਼ਰ ਨਹੀਂ ਆਉਂਦਾ। ਉਸ ਦੇ ਘਰ ਦਾ ਕੋਈ ਬੰਦਾ ਵੀ ਹੁੰਦਾ ਜਿਹੜਾ ਸਾਡੀ ਗੱਲ ਸਮਝ ਸਕਦਾ ਤਾਂ ਸ਼ਾਇਦ ਗੱਲ ਬਣ ਜਾਂਦੀ।"

"ਇਕ ਬੰਦਾ ਜਸਵੰਤ ਹੈ।" ਮੈਡਮ ਨੇ ਮੂੰਹ 'ਚ ਹੀ ਕਿਹਾ।

"ਬੀਬੀ ਜੀ ਤੁਹਾਨੂੰ ਕੋਈ ਮਿਲਣ ਆਇਐ।" ਮਾਈ ਕਹਿ ਰਹੀ ਸੀ।

ਮੈਡਮ ਤੇਜ਼ੀ ਨਾਲ ਗੈਸਟ ਰੂਮ 'ਚ ਪਹੁੰਚੀ। ਜਸਵੰਤ ਕਲੀਆਂ ਵਾਲਾ ਕੁੜਤਾ ਪਾਈ ਸੋਫੇ ਤੇ ਡੱਟਿਆ ਬੈਠਾ ਸੀ। ਮਾਊਜ਼ਰ ਦਾ ਕਵਰ ਨਵਾਂ ਸੀ-ਰੇਸ਼ਮ ਦੀ ਡੋਰੀ ਨਵੀਂ ਸੀ-ਸਾਰੀਆਂ ਦੀਆਂ ਸਾਰੀਆਂ ਗੋਲੀਆਂ ਨਵੀਆਂ ਸਨ ਜਿਹੜੀਆਂ ਜਸਵੰਤ ਦੇ ਦੰਦਾਂ ਵਾਂਗ ਹੱਸ ਰਹੀਆਂ ਸਨ ਜਾਂ ਮੈਡਮ ਦਾ ਮੂੰਹ ਚਿੜਾ ਰਹੀਆਂ ਸਨ।

"ਕੀ ਹਾਲ ਹੈ ਫੁੱਲਾ?"

"ਤੇਰਾ ਕੀ ਹਾਲ ਹੈ?"

"ਬੁਰਾ-ਪਤਾ ਨਹੀਂ ਕਿਵੇਂ ਖਿਚ ਧੂ ਕੇ ਛੁੱਟੀਆਂ ਕੱਟੀਆਂ।"

"ਕਾਲਜ ਖੁਲ੍ਹਿਆਂ ਨੂੰ ਤਾਂ 12 ਦਿਨ ਹੋ ਗਏ।" ਮੈਡਮ ਉਡੀਕਦੀ ਰਹੀ ਸੀ।

ਜਸਵੰਤ ਦਾ ਅੰਦਰ ਸੁਆਦ ਸੁਆਦ ਹੋ ਗਿਆ।

"ਸ਼ਿਕਾਰ ਗਏ ਸੀ ਚੇਤਾ ਨਾ ਰਿਹਾ।"

"ਫਾਹੇ ਜਾ ਚੁੱਕੇ ਪੰਛੀ ਦਾ ਕਿਹੜਾ ਚੇਤਾ ਆਉਣਾ ਸੀ।"

ਮੈਡਮ ਦਾ ਮਿੱਠਾ ਜਿਹਾ ਨਹੋਰਾ, ਜਸਵੰਤ ਦੀ ਸਾਰੀ ਸੱਤਿਆ ਕੱਢ ਕੇ ਲੈ ਗਿਆ। ਉਸ ਦਾ ਦਿਲ ਕੀਤਾ ਰਬੜ ਦੀ ਗੁੱਡੀ ਜਿਹੀ ਮੈਡਮ ਮੁਰਗੇ ਵਾਂਗ ਖਾ ਜਾਵੇ-ਮਸਾਲੇ 'ਚ ਭੁੰਨੇ ਮੁਰਗੇ ਨਾਲੋਂ ਮੈਡਮ ਘੱਟ ਨਹੀਂ ਦਿਸਦੀ ਸੀ। ਲੁੰਗੀ 'ਚ ਤਾਂ ਉਹ ਜਸਵੰਤ ਦੇ ਦਿਲ ਤੇ ਹੋਰ ਵੀ ਚੂੰਢੀਆਂ ਭਰ ਰਹੀ ਸੀ।

"ਬੜੀ ਨਿਖਰੀ ਐਂ ਪਾਨ ਦੀਏ ਬੇਗੀਏ?"

"ਕੋਈ ਕਦਰ ਵੀ ਹੈ?"

ਜਸਵੰਤ ਨੇ ਬਘਿਆੜ ਵਾਂਗ ਅੱਖਾਂ ਤੇ ਮੂੰਹ ਅੱਡਿਆ। ਪਰ ਉਹ ਤਾਂ ਬੈਠੀ ਸੀ ਕਮਰੇ ਦੇ ਦੂਜੇ ਕੋਨੇ 'ਚ। ਜਸਵੰਤ ਦੀ ਲੰਬੀ ਬਾਂਹ ਵੀ ਪਹੁੰਚ ਸਕਦੀ ਤਾਂ ਪੋਟਾ ਪੋਟਾ ਟੋਹ ਲੈਂਦਾ।

"ਘਰ ਦਾ ਕੀ ਹਾਲ ਹੈ।"

"ਮਾਰ ਗੋਲੀ-ਫੱਕਰਾਂ ਦੀ ਗੱਲ ਕਰ।"

"ਫੱਕਰ ਤਾਂ ਹੱਟੇ ਕੱਟੇ ਸਾਹਮਣੇ ਬੈਠੇ ਐ।"

"ਦਿਖਦਾ ਈਆਂ-ਵਿਚੋਂ ਤੂੰ ਖਾ ਲਿਆ ਮੈਨੂੰ।"

"ਖਾਣ ਤੇ ਵੀ ਬਹੁਤ ਬਚ ਗਿਆ।"

ਦੋਵੇਂ ਹੱਸ ਪਏ।

ਚਾਹ ਆ ਗਈ।

"ਤੇਰੀ ਜੂਠੀ ਕੀਤੀ ਪੀਊਂਗਾ।"

"ਫੇਰ ਕੀ ਹੋ ਜੂ?"

"ਦੱਸਣ ਨਾਲ ਥੋੜਾ ਪਤਾ ਲਗਦੈ।"

"ਸ਼ੀਤਲ ਦਾ ਕੀ ਹਾਲ ਹੈ?"

"ਬੱਸ ਆਉਣ ਹੀ ਵਾਲੀ ਐ-ਅਗਲੇ ਮਹੀਨੇ ਤੈਨੂੰ ਵਿਆਹ ਦਿਖਾਵਾਂਗੇ।"

"ਇਕਰਾਰ ਭੁੱਲ ਗਿਆ?"

"ਕਾਹਦਾ।"

"ਪਾਨ ਦੀ ਬੇਗੀ ਸਾਹਵੇਂ ਬੈਠਣ ਦਾ ਵੀ ਕੁਛ ਮੁੱਲ ਹੈ।"

"ਮੁੰਡਾ ਤੈਨੂੰ ਦਿਖਾ ਕੇ ਹਾਂ ਕਰਾਂਗੇ।"

"ਮਰਦ ਮੈਦਾਨ ਛੱਡ ਕੇ ਨਹੀਂ ਭੱਜਦੇ।"

"ਭੱਜਾਂਗਾ ਨਹੀਂ।"

"ਫੇਰ ਸ਼ੀਤਲ ਤੇ ਮੇਰਾ ਹੱਕ ਹੈ।"

"ਜੀ ਸਦਕੇ ਪਰ ਜਿਹੜਾ ਘਰ ਦੇਖਿਐ-ਕੀ ਕਹਿਣੇ ਐ। ਮੁੰਡਾ ਵੀ ਸ਼ੇਰ ਵਰਗੈ। ਸ਼ੇਰ ਦੇ ਸ਼ਿਕਾਰ ਵੀ ਖੇਡ ਚੁਕਿਐ ਨਿਪਾਲ ਦੇ ਜੰਗਲਾਂ 'ਚ ਜਾ ਕੇ।"

"ਜੇਕਰ ਇਹ ਗੱਲਾਂ ਕਰਨੀਆਂ ਨੇ ਮੈਂ ਚਲਦੀ ਹਾਂ।"

ਮੈਡਮ ਨੇ ਮੋਰਨੀ ਵਾਂਗ ਪੈਰ ਚੁੱਕਿਆ।

ਜਸਵੰਤ ਦੀ ਭੁਬ ਨਿਕਲ ਗਈ। ਉਸਦੀਆਂ ਅੱਖਾਂ ਅੱਗੋਂ ਸਵਰਗ ਦਾ ਮਿੱਠਾ ਨਜ਼ਾਰਾ ਜਾ ਰਿਹਾ ਸੀ।

"ਗੱਲ ਤਾਂ ਸੁਣ।"

ਪਰ ਮੈਡਮ ਨਹੀਂ ਰੁਕੀ।

ਜਸਵੰਤ ਦਾ ਵਸ ਚਲਦਾ ਤਾਂ ਇਕ ਹੱਥ ਨਾਲ ਚੁੱਕ ਕੇ ਲੈ ਆਂਦਾ। ਕਿਸੇ ਕਾਇਦੇ ਦਾ ਡਰ ਬੰਨ੍ਹੀ ਬੈਠਾ ਸੀ।

ਮੈਡਮ ਜਾ ਕੇ ਬੈਠੀ ਹੀ ਸੀ।

"ਬੀ ਜੀ ਤੁਹਾਨੂੰ ਫੇਰ ਬੁਲਾਇਐ।" ਮਾਈ ਨੇ ਕਿਹਾ।

"ਚਲੋ ਰਣਜੀਤ ਤੁਹਾਨੂੰ ਕਿਸੇ ਨੂੰ ਮਿਲਾਵਾਂ।"

ਰਣਜੀਤ ਜੱਕਾਂ ਤੱਕਾਂ ਕਰਦਾ ਤੁਰ ਪਿਆ।

"ਇਹ ਜਸਵੰਤ ਜੀ ਨੇ-ਪਿਛਲੇ ਤੋਂ ਪਿਛਲੇ ਸਾਲ ਆਪਣੇ ਸਟੂਡੈਂਟ ਹੁੰਦੀ ਸੀ ਨਾਂ ਸ਼ੀਤਲ-ਸ਼ੀਤਲ ਦੇ ਵੱਡੇ ਵੀਰ ਨੇ।"

"ਜੀ ਸ਼ੀਤਲ।" ਰਣਜੀਤ ਚੌਂਕ ਗਿਆ ਸੀ। ਜਸਵੰਤ ਦੀ ਡਰਾਉਣੀ ਸ਼ਕਲ ਤੱਕਦਾ ਉਹ ਸ਼ੀਤਲ ਦੀ ਕੂਲੀ ਜਿਹੀ ਸ਼ਕਲ ਬਾਰੇ ਸੋਚਣ ਲੱਗ ਪਿਆ।

"ਇਹ ਮੇਰੇ ਕੁਲੀਗ ਨੇ। ਬਹੁਤ ਕਾਬਲ ਪ੍ਰੋਫੈਸਰ।"

ਦੋਹਾਂ ਨੇ ਹੱਥ ਮਿਲਾਏ। ਇਕ ਦੂਜੇ ਵਲ ਤਕਦੇ ਚੁੱਪ ਰਹੇ।

ਜਸਵੰਤ ਕਦੇ ਪਾਨ ਦੀ ਬੇਗੀ ਤੇ ਕਦੇ ਪਾਨ ਦੇ ਇਕੇ ਵਲ ਤਕਦਾ ਸੀ। ਉਹ ਆਪਣੇ ਆਪ ਨੂੰ ਭੱਬੂ ਜਾਪਦਾ ਸੀ।

"ਤਾਂ ਸ਼ੀਤਲ ਦਾ ਵਿਆਹ ਕਰ ਰਹੇ ਹੋ?" ਮੈਡਮ ਨੇ ਗੱਲ ਰੜਕਾਈ।

ਜਸਵੰਤ ਕੁਛ ਬੋਲਿਆ ਨਹੀਂ।

ਘੰਟੀ ਖੜਕੀ। ਰਣਜੀਤ ਦਾ ਪੀਰੀਅਡ ਲੱਗਿਆ ਸੀ। ਉਹ ਤੁਰ ਗਿਆ। ਜਸਵੰਤ ਦੀ ਜਾਨ ਖੁੱਸੀ ਕਿਤੇ ਮੈਡਮ ਵੀ ਨਾ ਤੁਰ ਜਾਏ।

"ਗੱਲ ਦੱਸ ਕਬੂਤਰੀਏ।"

"ਪੁੱਛ ਲੋਟਣ ਕਬੂਤਰਾ।"

"ਕਿਤੇ ਇਹਦੇ ਨਾਲ ਕੁੰਡਾ ਤਾਂ ਨਹੀਂ ਫਸਾਈ ਫਿਰਦੀ?"

ਮੈਡਮ ਜ਼ੋਰ ਨਾਲ ਹੱਸੀ। ਪਾਗਲਾਂ ਵਾਂਗ ਹੱਸਦੀ ਰਹੀ।

"ਤੈਨੂੰ ਕੀ ਡਰ ਪੈ ਗਿਆ?"

"ਬਾਬਾ ਇਹ ਕਤਾਬੜੀਆਂ ਜੀਆਂ ਵਾਲੇ ਬੜੇ ਸ਼ੈਤਾਨ ਹੁੰਦੈ ਐ। ਬਚੀਂ ਐ ਨਾ?"

ਮੈਡਮ ਨੇ ਹਾਂ 'ਚ ਸਿਰ ਹਿਲਾ ਦਿਤਾ।

ਜਸਵੰਤ ਨੇ ਆਪਣੇ ਜਿੱਡਾ ਸਾਹ ਲਿਆ।

"ਗੁੱਸੇ ਹੋ ਕੇ ਤੁਰ ਗਈ ਸੀ?"

"ਫੇਰ ਗੱਲ ਨਹੀਂ ਮੰਨਦਾ-ਠੀਕ ਐ ਸਾਡਾ ਤੇਰੇ ਤੇ ਕੀ ਹੱਕ।"

"ਦੇਖ ਸੁਹਣੀਏ। ਆਖੇਂ ਅੱਧੀ ਜ਼ਮੀਨ ਤੇਰੇ ਨਾਂ ਲੁਆ ਦਿਆਂ- ਮਿਹਣੇ ਨਾ ਮਾਰ।"

ਮੈਡਮ ਮੁਸਕਾਂਦੀਆਂ ਅੱਖਾਂ ਨਾਲ ਝਾਕੀ।

"ਵੱਡਾ ਦਲੇਰ-ਇਕ ਨਿੱਕੀ ਜਿਹੀ ਗੱਲ ਨਹੀਂ ਮੰਨਦਾ-ਜ਼ਮੀਨ ਨਾਂ ਲਾਣ ਦੀਆਂ ਗੱਲਾਂ ਕਰਦੈ।"

ਮੈਡਮ ਦੀ ਗੱਲ ਜਸਵੰਤ ਨੂੰ ਪਾਗਲ ਕਰ ਗਈ।

"ਚੱਲ ਮੰਨੀ।" ਜਸਵੰਤ ਚੀਕਿਆ।

"ਇਕਰਾਰ?"

"ਪੱਕਾ।"

"ਮਰਦਾਂ ਵਾਲਾ?"

"ਬਿਲਕੁਲ-ਚਲ ਤੁਰ ਨਾਲ।"

"ਕਿਥੇ?"

ਜਸਵੰਤ ਝਾਕਿਆ ਹੈਰਾਨ ਹੋ ਕੇ ਜਿਵੇ ਮੈਡਮ ਨੇ ਮੂਰਖਾਂ ਵਾਲੀ ਗੱਲ ਕੀਤੀ ਸੀ।

"ਬਾਹਰ।"

"ਕਿਸ ਲਈ?" ਮੈਡਮ ਖਚਰੀ ਬਣ ਗਈ ਸੀ।

"ਮੌਜ ਮੇਲਾ ਕਰਾਂਗੇ।" ਮੌਜ ਮੇਲੇ ਦੇ ਨਕਸ਼ ਉਸ ਦੀਆਂ ਅੱਖਾਂ 'ਚ ਚਿਤਰੇ ਪਏ ਸਨ। ਉਸਦਾ ਮੂੰਹ ਵਾਰ ਵਾਰ ਸੁਆਦ ਨਾਲ ਭਰਦਾ ਸੀ। ਸਰੀਰ 'ਚ ਝਰਨਾਹਟ ਜਿਹੀ ਛੁਟਦੀ ਸੀ-ਦਿਲ ਕਾਹਲਾ ਪੈਂਦਾ ਸੀ।

"ਵੱਡੇ ਕਾਹਲੇ-ਸਬਰ ਤਾਂ ਕਰਿਆ ਕਰੋ।"

ਜਸਵੰਤ ਢਿੱਲਾ ਜਿਹਾ ਹੋ ਕੇ ਕੁਰਸੀ ਤੇ ਡਿੱਗ ਪਿਆ-ਅਜੀਬ ਰੰਨ ਨਾਲ ਵਾਹ ਪਿਆ ਸੀ। ਖੇਤਾਂ 'ਚ ਜਦ ਕੋਈ ਟੱਕਰੀ ਸੀ ਪੰਦਰਾਂ ਮਿੰਟਾਂ 'ਚ ਵਿਹਲਾ ਹੋ ਗਿਆ ਸੀ। ਇਹ ਕਤਾਬੜੀਆਂ ਵਾਲੀਆਂ ਲਹੂ ਪੀ ਲੈਂਦੀਆਂ ਨੇ-ਜਸਵੰਤ ਸੋਚ ਰਿਹਾ ਸੀ।

"ਏ?" ਮੈਡਮ ਜਸਵੰਤ ਕੋਲ ਝੁਕੀ ਖੜ੍ਹੀ ਸੀ।

"ਹੂੰ।"

"ਮੌਜ ਮੇਲੇ ਨੂੰ ਬਹੁਤ ਜੀ ਕਰਦੈ?"

"ਇਹ ਵੀ ਕੋਈ ਪੁਛਣ ਵਾਲੀ ਗੱਲ ਐ।"

"ਪਹਿਲਾਂ ਕਦੇ ਨਹੀਂ ਕੀਤਾ?"

ਜਸਵੰਤ ਦੀਆਂ ਬਾਚੀਆਂ ਜੁੜ ਗਈਆਂ। ਯਾਰ ਬੜਾ ਲਹੂ ਪੀ ਰਹੀ ਹੈਂ-ਸੂਤ ਤਾਂ ਆਜੂ ਪਰ ਪੈਰੀਂ ਡੇਗ ਲੂ ਇਕ ਵਾਰ ਤਾਂ। ਸਾਲੀ ਰੰਨ ਹੈ ਨਸ਼ੇਦਾਰ-ਇਕ ਜੱਫੇ 'ਚ ਆ ਗਈ ਤੇ ਸੁਆਦ ਦੇਊ। ਜਸਵੰਤ ਸੋਚ ਸੋਚ ਸੁਆਦ ਦੀ ਲਾਲਸਾ ਨਾਲ ਮਰ ਰਿਹਾ ਸੀ।

"ਗੱਲ ਸੁਣ?"

"ਦੱਸ।" ਜਸਵੰਤ ਦੇ ਚਿਹਰੇ ਤੇ ਖਿਝ ਸੀ।

"ਜਿਸ ਨੂੰ ਦਿਲ ਚਾਹੇ ਉਹ ਚੀਜ਼ ਸਬਰ ਨਾਲ ਚੱਖਣੀ ਚਾਹੀਦੀ ਐ।"

-ਅੱਜ ਤਕ ਸਾਰੀਆਂ ਚਖੀਆਂ ਚੀਜ਼ਾਂ ਜਿੰਨਾ ਸੁਆਦ ਆਜੂ ਪਰ ਹੋਰ ਕਿੰਨਾ ਚਿਰ ਸਬਰ ਕਰਾਂ-ਜੁਗੜੇ ਬੀਤ ਗਏ ਸਬਰ ਕੀਤੇ ਨੂੰ। ਜਸਵੰਤ ਸੋਚ ਰਿਹਾ ਸੀ-ਰੰਨ ਗੱਲਾਂ ਨਾਲ ਹੀ ਦੂਜੀਆਂ ਦੇ ਚੱਖਣ ਜਿੰਨਾ ਸੁਆਦ ਦੇ ਰਹੀ ਸੀ-ਜਦੋਂ ਬੁਕਲ 'ਚ ਆ ਗਈ ਤਾਂ ਪਤਾ ਨਹੀਂ ਕੀ ਆਖਰ ਲਿਆਊ-ਹਾਏ ਉਹ ਆਖ਼ਰ ਪਤਾ ਨਹੀਂ ਕਦੋਂ ਆਊ। ਜਸਵੰਤ ਦੇ ਹੱਥ ਬੇਕਾਬੂ ਹੋ ਰਹੇ ਸਨ।

"ਫੇਰ ਕਦੋਂ ਆਏਂਗਾ?"

"ਜਾਊਂ ਤਾਂ ਈ ਆਊਂ ਨਾ।"
ਦੋਵੇਂ ਹੱਸ ਪਏ।
"ਗੱਲ ਸੁਣ- ਬਾਹਰ ਚਲਣ ਦੀ ਗੱਲ ਪੱਕੀ ਕਰ- ਲਹੂ ਨਾ ਪੀ।"
ਮੈਡਮ ਜਸਵੰਤ ਦੇ ਰੋਣਹਾਕੇ ਚਿਹਰੇ ਵਲ ਤਕ ਤਕ ਹੱਸਦੀ ਪਾਗਲ ਹੁੰਦੀ ਜਾ ਰਹੀ ਸੀ।
"ਜਸਵੰਤ ਲੜਕੀ ਦਾ ਹੋਸਟਲ 'ਚੋਂ ਬਾਹਰ ਜਾਣਾ ਸੌਖਾ ਨਹੀਂ।"
"ਪਰ ਤੂੰ ਤਾਂ ਪ੍ਰੋਫੈਸਰ ਹੈ।"
"ਪਰ ਹਾਂ ਤਾਂ ਇਕ ਲੜਕੀ ਨਾ।"
"ਫੇਰ ਕਿਵੇਂ ਸਰੂ?"
"ਕਾਹਲਾ ਨਾ ਪੈ ਸਰ ਜੂ ਗਾ।"
"ਮੈਂ ਇਕ ਤਾਰੀਖ ਲੈ ਕੇ ਹੀ ਜਾਵਾਂਗਾ।"
"ਚੰਗਾ ਜਿਸ ਦਿਨ ਸ਼ੀਤਲ ਨੂੰ ਡੇਹਰਾਦੂਨ ਤੋਂ ਲੈ ਕੇ ਆਏਂਗਾ ਉਸ ਦਿਨ ਆ ਜੀਂ।"
"ਉਸ ਨੂੰ ਤਾਂ ਮਾਂ ਲੈ ਕੇ ਆਵੇਗੀ।"
"ਘਰੋਂ ਮਿਲਣ ਲੈ ਆਈਂ।"
"ਫੇਰ ਉਸ ਨੂੰ ਕਿਥੇ ਛੱਡਾਂਗੇ।"
ਮੈਡਮ ਕਹਿਕਹਾ ਮਾਰ ਕੇ ਹੱਸ ਪਈ।
"ਫੇਰ ਦੇਖ ਲਾਂ ਗੇ।"
"ਪਰ ਦੱਸ ਨਾ।"
"ਉਹ ਮੈਂ ਖ਼ੁਦ ਪ੍ਰਬੰਧ ਕਰ ਲਾਂ ਗੀ।"
"ਪਿੰਡ ਖੇਤ ਰਹਾਂਗੇ ਇਕ ਰਾਤ?"
"ਪੂਰੀ ਰਾਤ?"
"ਹਾਂ-ਮੌਜ ਮੇਲਾ ਪੂਰਾ ਕਰਾਂਗੇ-ਸ਼ਿਕਾਰ ਖੇਡਾਂਗੇ।"
"ਚੰਗਾ ਸੋਚਾਂਗੇ।"
"ਕੁਛ ਸਾਮਾਨ ਹੈ ਜੀਪ 'ਚ।"
"ਉਹ ਕੀ?" ਮੈਡਮ ਚੌਂਕ ਪਈ।
"ਕੁਛ ਕਪੜੇ।"
"ਮੈਂ ਪਿੰਡੋਂ ਲੈਂਦੀ ਆਵਾਂਗੀ।"
"ਪਰ ਘਰ ਕਿਵੇਂ ਦਸਾਂਗੇ।"
"ਮੁਲਾਕਾਤਾਂ ਬਾਰੇ ਆਖਰ ਤਾਂ ਘਰੇ ਪਤਾ ਲੱਗਕੇ ਹੀ ਰਹੇਗਾ।"
"ਨਹੀਂ ਤੂੰ ਕਪੜੇ ਰੱਖ ਲਾ।"
"ਬਿਲਕੁਲ ਨਹੀਂ।"
"ਮੈਂ ਅੱਠ ਹਜ਼ਾਰ ਖਰਚ ਕੇ ਆਇਆਂ ਤੇ ਤੂੰ।"
ਮੈਡਮ ਹੈਰਾਨ ਹੋ ਕੇ ਸੋਚਦੀ ਰਹੀ।

ਜਦ ਉਹ ਅਟੈਚੀਕੇਸ ਕਮਰੇ 'ਚ ਰੱਖ ਕੇ ਸਟਾਫ਼ ਰੂਮ 'ਚ ਪਹੁੰਚੀ ਤਾਂ ਪ੍ਰਿੰਸੀਪਲ ਦਾ ਸੱਦਾ ਆ ਗਿਆ, ਮੈਡਮ ਨੂੰ ਪਤਾ ਸੀ ਜਵਾਬ ਤਲਬੀ ਹੋਵੇਗੀ। ਜਦ ਉਹ ਗੱਲਾਂ ਕਰ ਰਹੀ ਸੀ ਤਾਂ ਕੁਛ ਚੁਗਲ ਪ੍ਰੋਫੈਸਰ ਅੱਗੇ ਪਿਛੇ ਦੀ ਲੰਘੀਆਂ ਸਨ।

"ਅੱਜ ਕਿਸ ਲਈ ਆਇਆ ਸੀ?"

"ਸ਼ੀਤਲ ਦੇ ਰਿਸ਼ਤੇ ਦੀ ਗੱਲ ਕਰਨ ਲਈ।"

"ਸ਼ੀਤਲ ਦੇ ਰਿਸ਼ਤੇ ਦੀ?"

"ਜੀ ਹਾਂ-ਰਣਜੀਤ ਬਾਰੇ ਗੱਲ ਚਲ ਰਹੀ ਹੈ।"

ਮੈਡਮ ਪ੍ਰਿੰਸੀਪਲ ਨੂੰ ਚੱਕਰ ਜਿਹਾ ਆ ਗਿਆ। ਉਸ ਨੂੰ ਯਾਦ ਆਇਆ ਰਣਜੀਤ ਡੇਹਰਾਦੂਨ ਜਾਇਆ ਕਰਦਾ ਸੀ।

"ਪਰ ਰਣਜੀਤ ਸ਼ਾਦੀ ਕਿਸ ਤਰ੍ਹਾਂ ਕਰ ਸਕਦੈ?"

"ਕੋਈ ਕਾਨੂੰਨ ਕੁਛ ਤੋਂ ਕਦੇ ਨਹੀਂ ਰੋਕ ਸਕਦਾ।"

"ਉਹ ਕਿਉਂ ਸ਼ੀਤਲ ਦੀ ਜ਼ਿੰਦਗੀ ਤਬਾਹ ਕਰਨ ਤੇ ਤੁਲੇ ਨੇ। ਮੈਨੂੰ ਪਤਾ ਲਗਦਾ ਮੈਂ ਉਸ ਮੂਰਖ ਨੂੰ ਸਮਝਾਂਦੀ।"

"ਰਣਜੀਤ ਵਰਗੇ ਲੜਕੇ ਵੀ ਤਾਂ ਨਹੀਂ ਮਿਲਦੇ।"

"ਐਵੇਂ ਗਧੇ ਨੂੰ ਰੱਬ ਬਣਾ ਰੱਖਿਐ। ਕੀ ਖ਼ਾਸ ਗੱਲ ਹੈ ਉਸ 'ਚ?"

"ਇਹ ਤਾਂ ਪਤਾ ਨਹੀਂ ਮੈਡਮ ਜੀ।"

"ਪਰ ਉਸ ਨੇ ਰਣਜੀਤ ਨਾਲ ਤਾਂ ਗੱਲ ਨਹੀਂ ਕੀਤੀ।"

"ਮੈਂ ਰਣਜੀਤ ਨੂੰ ਬੁਲਾ ਕੇ ਲੈ ਗਈ ਸਾਂ।"

ਮੈਡਮ ਨੂੰ ਯਾਦ ਆਇਆ-ਸੱਚ ਹੀ ਰਣਜੀਤ ਤੇ ਮੈਡਮ ਗੈਸਟ ਰੂਮ ਵੱਲ ਜਾ ਰਹੇ ਸਨ।

ਪ੍ਰਿੰਸੀਪਲ ਨੇ ਰਣਜੀਤ ਨੂੰ ਬੁਲਾਇਆ।

"ਵਧਾਈ ਹੋਵੇ ਰਣਜੀਤ ਜੀ।"

"ਜੀ, ਮੈਡਮ ਜੀ?"

"ਸ਼ੀਤਲ ਨਾਲ ਤੁਹਾਡਾ ਵਿਆਹ ਹੋ ਰਿਹੈ।"

ਰਣਜੀਤ ਪਾਸੇ ਚੁੱਪ ਬੈਠੀ ਮੈਡਮ ਵੱਲ ਝਾਕਿਆ। ਉਸ ਦੀਆਂ ਖਾਮੋਸ਼ ਨਜ਼ਰਾਂ 'ਚੋਂ ਕੁਛ ਪੜ੍ਹ ਗਿਆ।

"ਮੈਡਮ ਜੀ ਦੀ ਮਿਹਰਬਾਨੀ ਹੈ ਮੈਡਮ।"

"ਲੜਕੀ ਬਹੁਤ ਸੁੰਦਰ ਹੈ।" ਮੈਡਮ ਪ੍ਰਿੰਸੀਪਲ ਨੇ ਸੁਆਦ ਲਿਆ। "ਫਿਰ ਕੋਈ ਪਾਰਟੀ ਵਗੈਰਾ ਹੋ ਜਾਏ।"

ਮੈਡਮ ਪ੍ਰੋਫੈਸਰ ਮੂਰਖ਼ ਜਿਹੀ ਪ੍ਰਿੰਸੀਪਲ ਤੋਂ ਚਿੰਤਤ ਹੋ ਗਈ, ਉਸ ਨੇ ਤਾਂ ਗੱਲ ਸ਼ਾਮ ਤਕ ਮੂੰਹ ਮੂੰਹ ਤਕ ਪਹੁੰਚਾ ਦੇਣੀ ਸੀ।

ਮੈਡਮ ਜੀ-ਤੁਹਾਡੇ ਪਾਸ ਦੱਸਣਾ ਜ਼ਰੂਰੀ ਸੀ ਵਰਨਾ ਮੇਰੀ ਜਸਵੰਤ ਨਾਲ ਮੀਟਿੰਗ ਕਿੰਨੇ ਹੀ ਸ਼ੰਕਿਆਂ ਨੂੰ ਜਨਮ ਦੇ ਸਕਦੀ ਸੀ ਪਰ ਤੁਸੀਂ ਸਮਝਦਾਰ ਹੋ,

ਗੱਲ ਸੀਕਰਿਟ ਰੱਖਣੀ ਜ਼ਰੂਰੀ ਹੈ। ਅਸੀਂ ਤਾਂ ਸਾਲ ਭਰ ਸ਼ਾਦੀ ਆਊਟ ਨਹੀਂ ਕਰਾਂਗੇ।"

ਪ੍ਰਿੰਸੀਪਲ ਨੂੰ ਗੱਲ ਜਚ ਗਈ। ਪਰ ਕੀ ਉਸਦਾ ਹਾਜ਼ਮਾ ਹੈ ਸੀ-ਇਸ ਬਾਰੇ ਉਹ ਸੋਚਣ ਲਗ ਪਈ।

"ਇਸ ਤਰ੍ਹਾਂ ਦਾ ਝੂਠ ਬੋਲਣ ਦੀ ਭਲਾ ਕੀ ਲੋੜ ਸੀ।" ਰਣਜੀਤ ਨੇ ਸਟਾਫ਼ ਰੂਮ 'ਚ ਆ ਕੇ ਪੁੱਛਿਆ। ਉਹ ਬੜਾ ਖਿਝਿਆ ਸੀ।

"ਨਹੀਂ ਤਾਂ ਬਹੁਤੀ ਗੜਬੜ ਹੋ ਜਾਣੀ ਸੀ।"

"ਮੈਡਮ ਮੈਨੂੰ ਸਮਝ ਨਹੀਂ ਆਈ। ਇਹ ਤੈਨੂੰ ਕਿਉਂ ਮਿਲਣ ਆਉਂਦੈ।"

"ਤੈਨੂੰ ਸਮਝ ਨਹੀਂ ਆ ਸਕਦੀ।"

"ਉਹ ਕਿਉਂ?"

"ਤੂੰ ਜਾਣ ਕੇ ਕੀ ਲੈਣੈ?"

"ਮੇਰਾ ਹੱਕ ਨਹੀਂ?"

"ਮੇਰੇ ਨਿੱਜੀ ਮਾਮਲੇ ਜਾਨਣ ਦਾ ਹੱਕ ਨਹੀਂ ਹੈ।" ਮੈਡਮ ਨੇ ਸਖ਼ਤ ਗੱਲ ਕਹੀ। ਉਸ ਨੂੰ ਹੋਰ ਕੋਈ ਰਾਹ ਨਜ਼ਰ ਨਹੀਂ ਆਇਆ।

ਰਣਜੀਤ ਸੋਚਦਾ ਰਿਹਾ। ਜਸਵੰਤ ਉਸ ਨੂੰ ਅਜੀਬ ਹੀ ਤਰੀਕੇ ਨਾਲ ਮਿਲਿਆ ਸੀ ਜਿਸ ਦਾ ਮਤਲਬ ਸੀ ਉਹ ਰਣਜੀਤ ਬਾਰੇ ਕੁਛ ਨਹੀਂ ਜਾਣਦਾ ਸੀ। ਜਸਵੰਤ ਤਾਂ ਬੱਚਿਆਂ ਵਾਲਾ ਬੰਦਾ ਸੀ-ਪਰ ਬਹੁਤ ਧਨੀ ਆਦਮੀ ਹੈ, ਤਾਂ ਕੀ ਮੈਡਮ? ਨਹੀਂ-ਨਹੀਂ-ਐਸੀ ਸੁੱਚੀ ਰੂਹ ਗਿਰ ਨਹੀਂ ਸਕਦੀ। ਕਮੀਨੀ ਨਹੀਂ ਹੋ ਸਕਦੀ।

ਰਣਜੀਤ ਮੈਡਮ ਦੇ ਚਿਹਰੇ ਨੂੰ ਗਹੁ ਨਾਲ ਪੜ੍ਹਨ ਲਗ ਪਿਆ। ਕਿਤਨਾ ਨਿਰਛਲ ਮੁਖੜਾ ਸੀ ਪਾਨ ਦੀ ਬੇਗੀ ਦਾ।

## 18.

**ਦੁਨੀਆਂ ਮਤਲਬ ਦੀ,**
**ਕੋਈ ਨਾ ਕਿਸੇ ਦਾ ਬੇਲੀ।**

ਰਣਜੀਤ ਬੜਾ ਉਦਾਸ ਕਮਰੇ 'ਚ ਪਹੁੰਚਿਆ।

ਉਸਦੀ ਚਾਚੀ ਸਾਹਮਣੇ ਖੜ੍ਹੀ ਸੀ। ਰਣਜੀਤ ਚਾਚੀ-ਮਾਂ ਤੇ ਕਦਮਾਂ ਤੇ ਡਿੱਗ ਪਿਆ। ਕਿੰਨਾ ਚਿਰ ਦੋਵੇਂ ਰੋਂਦੇ ਰਹੇ।

"ਪੁੱਤ ਚਾਚੀ ਦਾ ਕਦੇ ਚੇਤਾ ਨਹੀਂ ਆਇਆ?"

"ਪਰ ਕੀ ਕਰਦਾ ਚਾਚੀ ਜੀ?"

"ਤੇਰੇ ਨਹੀਂ ਪੁੱਤ ਮੇਰੇ ਕਾਲਜੇ ਤੇ ਫਟ ਲਗੇ ਸਨ।" ਚਾਚੀ ਨੇ ਰੋ ਕੇ ਰਣਜੀਤ ਦੇ ਲੱਗੀਆਂ ਸੱਟਾਂ ਦਾ ਚੇਤਾ ਕਰਾਇਆ।

"ਸਰੀਰਕ ਕਸ਼ਟਾਂ ਦੀ ਪਰਵਾਹ ਨਹੀਂ ਚਾਚੀ ਜੀ।"

"ਚੰਗਾ ਹੋਇਆ ਪੁੱਤ ਉਸ ਚੁੜੇਲ ਤੋਂ ਖਹਿੜਾ ਛੁੜਾ ਲਿਆ। ਉਹ ਜ਼ਨਾਨੀ ਨਹੀਂ ਕੋਈ ਡੈਣ ਐ ਡੈਣ, ਪਤਾ ਨਹੀਂ ਕਿਹੜੇ ਜਨਮਾਂ ਦੀ ਚੰਦਰੀ ਚਿੰਬੜੀ ਐ।"

"ਤੈਨੂੰ ਇਹ ਗੱਲਾਂ ਕਰਨ ਲਈ ਲਿਆਂਦਾ ਸੀ?" ਪਾਸੇ ਤੋਂ ਚਾਚਾ ਨਿਕਲ ਆਇਆ। ਉਸ ਨੇ ਗਾਤਰੇ ਵਿਚ ਟੁੱਟੀ ਜਿਹੀ ਕਿਰਪਾਨ ਲਟਕਾਈ ਹੋਈ ਸੀ।

"ਹੁਕਮ ਕਰੋ ਚਾਚਾ ਜੀ।"

"ਬਹੂ ਵਸੌਣੀ ਐ ਕਿ ਨਹੀਂ?"

"ਉਹ ਕਹਾਣੀ ਤਾਂ ਮੁਕ ਚੁੱਕੀ ਹੈ।"

"ਉਹ ਤੇਰੇ ਸਾਹਾਂ ਨਾਲ ਹੀ ਮੁਕ ਸਕਦੀ ਐ।"

"ਇਸ ਤਰ੍ਹਾਂ ਕਰ ਲਓ।"

"ਇਸ ਕਰਪਾਨ ਨਾਲ ਟੋਟੇ ਕਰ ਦਿਆਂ ਤਾਂ ਕੀ ਕਰੇਂਗਾ।"

"ਹੱਥ ਨਹੀਂ ਚੁਕਾਂਗਾ।"

"ਕਿਉਂ ਭੌਂਕਦੈਂ ਕੰਜਰਾ।" ਚਾਚੀ ਗੁੱਸੇ 'ਚ ਆ ਗਈ ਸੀ।

"ਰਗਾਂ ਵੱਢ ਦੂੰ ਨਾਲ ਹੀ ਸਾਲੀ ਝਾਟੋ ਜੀ-ਮੁੰਡਿਆਂ ਨਾਲ ਤੁਰ ਤੇ ਬਹੂ ਲਿਆ।"

"ਚਾਚਾ ਜੀ ਫਟੇ ਦੁਧ ਨਹੀਂ ਠੀਕ ਹੁੰਦੇ।"

"ਕੰਜਰ ਦਿਆ ਪੁੱਤਾ ਤੇਰੇ ਉਹ ਪੈਰ ਮਿਧਦੀ ਐ। ਸਵੇਰੇ ਸ਼ਾਮ ਸੇਵਾ ਕਰਿਆ ਕਰੂ। ਰੋਟੀਆਂ ਪਕਾਊ ਪਿਆ ਹੋਟਲ ਤੇ ਡਊ ਡਊ ਵਜਦਾ ਫਿਰਦੈਂ- ਤੀਵੀਂ ਬਿਨਾਂ ਕੁਛ ਨਹੀਂ ਬਣਦਾ ਬੰਦੇ ਦਾ।"

"ਮੈਂ ਕਦੋਂ ਕਹਿੰਦਾਂ।"

"ਚਲ ਲਿਆ ਫਿਰ।"

"ਮਿਟ ਚੁੱਕੀ ਗੱਲ ਕਿਉਂ ਤੋਰਦੇ ਓ ਚਾਚਾ ਜੀ।"

"ਧੀਅ ਦਿਆ ਖ਼ਸਮਾਂ,ਅਗਲਿਆਂ ਦੀ ਵਿਆਹ ਕੇ ਨਹੀਂ ਲਿਆਇਆ ਸੈਂ? ਉਨ੍ਹਾਂ ਦੀ ਕੋਈ ਇਜ਼ਤ ਨਹੀਂ।"

"ਕਿਸਮਤ ਅੱਗੇ ਕੋਈ ਜ਼ੋਰ ਨਹੀਂ ਚਾਚਾ ਜੀ।"

"ਤੇਰੇ 'ਚ ਵਲ ਨਾ ਹੋਵੇ, ਕਿਸਮਤ ਦੀ ਕੋਈ ਲੱਤ ਨਹੀਂ ਅੜਦੀ।"

"ਪਰ ਮੈਂ ਉਸ ਨੂੰ ਸਭ ਕੁਛ ਤਾਂ ਦੇ ਤਾ।"

"ਇਸ ਕਰਕੇ ਤਾਂ ਕੰਜਰਾ ਮੈਂ ਪਿੱਟਦਾਂ-ਅਗਲੀ ਵਿਹਲੀ ਬੈਠੀ ਤੁਛ ਉਡਾਊ- ਨਹੀਂ ਅਗਲੀ ਤੋਂ ਗੋਹਾ ਤਾਂ ਸੁਟਾਉਂਦੇ।"

"ਮੈਨੂੰ ਜ਼ਮੀਨ ਦਾ ਕੋਈ ਲਾਲਚ ਨਹੀਂ।"

"ਪਰ ਮੈਨੂੰ ਤਾਂ ਹੈ-ਸਾਡੀ ਜੱਦੀ ਜ਼ਮੀਨ ਦੀ ਹੱਕਦਾਰ ਕੋਈ।"

"ਮਾਲਕ ਤੁਸੀਂ ਬਣ ਜਾਓ।"

"ਮੈਂ ਹੁਣ ਕਿਵੇਂ ਬਣ ਜਾਵਾਂ?"

"ਉਸ ਦੇ ਮਗਰੋਂ ਤੁਸੀਂ ਹੱਕਦਾਰ ਬਣ ਜਾਓ।"

"ਤਸੀਲ 'ਚ ਲਿਖ ਕੇ ਦੇਵੇਂਗਾ?"

"ਜਦ ਕਹੋ।"

"ਕਿਉਂ ਲਿਖ ਕੇ ਦੇਵੇ?" ਚਾਚੀ ਬੋਲ ਪਈ।

"ਇਹਨੇ ਜ਼ਮੀਨ ਸਿਰ 'ਚ ਮਾਰਨੀ ਐਂ।"

"ਇਹਨੇ ਕਿਉਂ ਨਹੀਂ ਮਾਰਨੀ?"

"ਤੂੰ ਏਸ ਪਿਓ ਦੀ ਬਣੀ ਖੜ੍ਹੀ ਐਂ ਮੈਂ ਚਾਰ ਮਾਰੂੰ ਗਲ਼ 'ਚ।"

"ਖਬਰਦਾਰ ਚਾਚਾ ਜੀ।"

"ਲੈ ਤੂੰ ਵੀ ਹਟਾ-ਧੀ ਦਾ ਖਸਮ ਵੱਡਾ ਚਾਚੀ ਦਾ ਹਮਦਰਦ-" ਚਾਚੇ ਨੇ ਗੁੱਸੇ ਨਾਲ ਕਿਰਪਾਨ ਮਿਆਨ 'ਚੋਂ ਕਢਣੀ ਚਾਹੀ ਪਰ ਨਾ ਨਿਕਲਦੀ ਦੇਖ ਉਹ ਸਣੇ ਮਿਆਨ ਹੀ ਵਾਰ ਕਰਨ ਲੱਗ ਪਿਆ। ਪਹਿਲਾ ਹੀ ਵਾਰ ਬਾਹਾਂ ਤੇ ਰੋਕ ਕੇ ਰਣਜੀਤ ਨੇ ਕ੍ਰਿਪਾਨ ਖੋਹ ਲਈ ਤੇ ਚਾਚੇ ਨੂੰ ਧੱਕਾ ਮਾਰ ਕੇ ਕਮਰੇ 'ਚੋਂ ਬਾਹਰ ਕੱਢ ਦਿਤਾ।

ਚਾਚਾ ਬਾਹਰ ਮੂੰਹ-ਭਾਰ ਡਿਗ ਪਿਆ।

ਰਣਜੀਤ ਉਸ ਨੂੰ ਉਠਾ ਕੇ ਲੈ ਗਿਆ।

"ਚਾਚਾ ਜੀ ਜ਼ਮੀਨ ਤੁਹਾਡੀ, ਮੇਰੀ ਤਨਖਾਹ ਚੋਂ ਸੌ ਰੁਪੀਆ ਤੁਹਾਡੇ ਘਰ ਹਰ ਮਹੀਨੇ ਪੁਜਦਾ ਰਹੇਗਾ ਪਰ ਤੁਸੀਂ ਇਹ ਝਗੜੇ ਨਾ ਕਰੋ।"

"ਜ਼ਮੀਨ ਨਾਂ ਕਰਾਏਂਗਾ?"

"ਜਿਸ ਦਿਨ ਤਸਲੀਦਾਰ ਪਿੰਡ ਆਵੇ ਬੁਲਾ ਕੇ ਲੈ ਜਾਣਾ।"

"ਤਸੀਲਦਾਰ ਦਾ ਦੌਰਾ ਰੱਖ ਲਾਂ?"

"ਜੀ ਸਦਕੇ।"

"ਪੱਕੀ ਗੱਲ?"

"ਬੇਫਿਕਰ ਰਹੋ।"

"ਚਲ ਨੀਂ ਕਿਥੇ ਨਾਸਾਂ ਫੁਰਕਾਈਐ।" ਚਾਚਾ ਚਾਚੀ ਨੂੰ ਧੂੰਦਾ ਤੁਰ ਗਿਆ।

ਰਣਜੀਤ ਦੀਆਂ ਬਾਹਾਂ ਤੇ ਸੱਟਾਂ ਸਨ। ਉਸ ਦੇ ਸਰੀਰ ਦੇ ਨਾਲ ਨਾਲ ਹੋਂਠ ਵੀ ਕੰਬ ਰਹੇ ਸਨ। ਉਸ ਦਾ ਚੇਤਨ ਨਹੀਂ ਮੰਨਦਾ ਸੀ ਕਿ ਇਹ ਜੋ ਕੁਛ ਹੋ ਰਿਹਾ ਸੀ, ਸੱਚ ਸੀ। ਇਹ ਸੱਚ ਕਿਵੇਂ ਹੋ ਸਕਦਾ ਸੀ- ਉਹ ਸੋਚਦਾ ਸੀ।

## 19.

**ਖਾਂਦੇ ਜਾਣ ਜਵਾਨੀ ਨੂੰ,**
**ਹੁਣ ਹੱਥੀਂ ਦਰਦ ਸਹੇੜੇ।**

ਮੈਡਮ ਅੰਦਰ ਹੀ ਅੰਦਰ ਘੁਲਦੀ ਜਾਂਦੀ ਸੀ। ਦੋ ਦਿਨਾਂ 'ਚ ਉਸ ਦਾ ਬੇਚਾਰਗਾ ਜਿਹਾ ਮੂੰਹ ਨਿਕਲ ਆਇਆ।

"ਕੀ ਗੱਲ ਐ ਯਾਰਾ ਬੀਮਾਰ ਜਿਹਾ ਲਗਦੈਂ?।"

"ਸੁਆਦ ਆ ਗਿਆ।"

"ਕਾਹਦਾ?"

"ਕੋਈ ਹਾਲ ਪੁਛਣ ਵਾਲਾ ਤਾਂ ਹੈ। ਰੋਣ ਦਾ ਮਜ਼ਾ ਨਹੀਂ ਆਉਂਦਾ ਜੇ ਕੋਈ ਹੰਝੂ ਨਾ ਪੂੰਝੇ।"

"ਲਾਲ ਫੀਤਾ ਚੜ੍ਹਿਐ।" ਰਣਜੀਤ ਨੇ ਮੈਡਮ ਦੇ ਕੰਨ 'ਚ ਪੁੱਛਿਆ।"

ਮੈਡਮ ਹੱਸਦੀ ਲੋਟ ਪੋਟ ਹੋ ਗਈ।

"ਪਰ ਤੂੰ ਕਾਹਦੇ ਵਾਸਤੇ ਪੁਛਦੈਂ।"

ਰਣਜੀਤ ਹੱਸਦਾ ਲੋਟ ਪੋਟ ਹੋ ਗਿਆ।

ਪਰ ਦੋਹਾਂ ਦੇ ਹਾਸਿਆਂ 'ਚ ਉਦਾਸੀ ਸੀ। ਅਗਲੇ ਹਾਸੇ ਦੀ ਖੁਨਕਾਰ ਨਹੀਂ ਸੀ।

"ਭੋਗ ਲਾ ਮਨਾ ਚਿੱਤ ਲਾ ਕੇ ਲਿਖੀਆਂ ਲੇਖ ਦੀਆਂ।" ਚੁੱਪ ਮੈਡਮ ਨੇ ਕਿਹਾ।

"ਪਰ ਤੂੰ ਆਪਣੇ ਲੇਖ ਕਿਉਂ ਚਿਤਾਰਦੈਂ ਯਾਰ?"

"ਲੇਖਾਂ ਦੀਆਂ ਗੱਲਾਂ ਦੱਸੀਆਂ ਨਹੀਂ ਜਾਂਦੀਆਂ।"

ਮੈਡਮ ਰਣਜੀਤ ਦੇ ਚਿਹਰੇ ਵਲ ਝਾਕਣ ਲੱਗ ਪਈ। ਉਹ ਨੀਵੀਂ ਪਾਈ ਬੈਠਾ ਸੀ। ਉਹ ਆਪਣੇ ਸੰਬੰਧ ਦੀਆਂ ਰੇਖਾਂ ਭਾਲ ਰਹੀ ਸੀ। ਕੀਤੇ ਅਹਿਸਾਨ ਦਾ ਹਿਸਾਬ ਭਾਲ ਰਹੀ ਸੀ। ਹੋਈ ਭੁਲ ਦਾ ਵਿਸ਼ਵਾਰ ਭਾਲ ਰਹੀ ਸੀ-ਸਾਰਾ ਕੁਛ ਲਿਖਿਆ ਪਿਆ ਸੀ। ਰਣਜੀਤ ਉਸ ਦੀ ਰਗ ਰਗ 'ਚ ਸਮਾ ਚੁੱਕਿਆ ਸੀ-ਲਹੂ 'ਚ ਮਿਲ ਚੁੱਕਿਆ ਸੀ-ਕੀ ਤੂੰ ਇਸ ਵੈਰੀ ਨੂੰ ਮਨ ਤੋਂ ਪਾਸੇ ਹਟਾ ਸਕਦੀ ਹੈਂ-ਕੀ ਤੂੰ ਇਸ ਨੂੰ ਅੱਖਾਂ ਤੋਂ ਪਾਸੇ ਕਰ ਸਕਦੀ ਹੈਂ। ਜੇਕਰ ਇਸ ਨੂੰ ਜਸਵੰਤ ਦੀ ਗੋਲੀ ਨੇ ਠੰਢਾ ਕਰ ਦਿੱਤਾ? ਪਰ ਤਾਂ ਨਾ ਜੇਕਰ ਮੈਂ ਕੀਤੇ ਵਾਅਦੇ ਤੋਂ ਮੁਕਰਾਂ-ਤਾਂ ਕੀ ਤੂੰ ਆਪਣਾ ਅਨਛੂਹ ਸਰੀਰ ਜਸਵੰਤ ਹਵਾਲੇ ਕਰ ਦੇਵੇਂਗੀ-ਸੋਚ ਲੈ ਇਹ ਰਣਜੀਤ ਦੀ ਅਮਾਨਤ ਹੈ-ਪਰ ਹੋ ਸਕਦੈ ਜਸਵੰਤ ਦਾ ਇਹ ਕਰਜ਼ ਹੋਵੇ-ਤੇਰਾ ਸਰੀਰ ਤਾਂ ਕੀ ਤੇਰੇ ਚੰਮ ਦੀਆਂ ਜੁੱਤੀਆਂ ਵੀ ਰਣਜੀਤ ਦੇ ਕੰਮ ਆ ਸਕਣ ਤਾਂ ਤੂੰ ਜਿਉਂਦੀ ਖੱਲ ਲੁਹਾ ਸੁੱਟ-ਜਸਵੰਤ।

"ਹਾਂ ਬੀਬੀ ਜੀ।" ਮਾਈ ਕਹਿ ਰਹੀ ਸੀ।

"ਮੈਨੂੰ ਬੁਲਾ ਰਿਹੈ!"

"ਗੈਸਟ ਰੂਮ ਵਿਚ ਹੈ।"

ਮੈਡਮ ਨੇ ਦੇਖਿਆ, ਸ਼ੀਤਲ ਆ ਰਹੀ ਸੀ। ਦੋਵੇਂ ਕੱਸ ਕੇ ਜੱਫੀ ਪਾ ਕੇ ਮਿਲੀਆਂ।

"ਮੈਡਮ ਜੀ ਤੁਸੀਂ ਕੀ ਸੌਦਾ ਕਰ ਰਹੇ ਹੋ?"

"ਬੱਚੇ ਵੱਡਿਆਂ ਦੇ ਕੰਮ 'ਚ ਦਖਲ ਨਹੀਂ ਦਿੰਦੇ।"

"ਪਰ ਮੈਂ ਇਹ ਅਨਰਥ ਨਹੀਂ ਹੋਣ ਦਿਆਂਗੀ।"

"ਤੂੰ ਘਬਰਾ ਨਾ ਜੋ ਕੁਛ ਤੂੰ ਸੋਚਦੀ ਹੈਂ ਐਸਾ ਕੁਛ ਵੀ ਨਹੀਂ ਹੋਵੇਗਾ।" ਮੈਡਮ ਨੇ ਗੱਲ ਟਾਲੀ।

"ਮੈਡਮ ਤੁਸੀਂ ਨਹੀਂ ਜਾਣਦੇ ਮੇਰਾ ਵੀਰ ਚੰਡਾਲ ਹੈ। ਪਤਾ ਨਹੀਂ ਕਿੰਨੀਆਂ ਜ਼ਨਾਨੀਆਂ ਮਾਰ ਕੇ ਖਪਾ ਦਿੱਤੀਆਂ।"

"ਇਕ ਨੂੰ ਹੋਰ ਖਪਾ ਦੇਗਾ ਤਾਂ ਕੀ ਫਰਕ ਪਏਗਾ?"

"ਪਲੀਜ਼ ਮੈਡਮ ਜੀ ਪਲੀਜ਼।"

"ਪਾਗਲ ਨਾ ਬਣ।"

"ਕੀ ਰਣਜੀਤ ਨੂੰ ਇਸ ਹਕੀਕਤ ਦਾ ਪਤੈ?"

"ਉਸ ਨੂੰ ਕੁਛ ਨਹੀਂ ਪਤਾ।"

"ਉਸ ਨੂੰ ਮੈਂ ਸਪੱਸ਼ਟ ਦੱਸ ਦਿਆਂਗੀ।"

"ਤੈਨੂੰ ਮੇਰੀ ਕਸਮ-ਤੇਰੇ ਪਿਆਰ ਦੀ ਕਸਮ।"

ਸ਼ੀਤਲ ਰੋ ਕੇ ਰਹਿ ਗਈ।

"ਤੂੰ ਬੈਠ ਮੈਂ ਹੁਣੇ ਆਂਦੀ ਹਾਂ।" ਮੈਡਮ ਤੁਰ ਗਈ।

"ਅਸੀਂ ਵਾਅਦੇ ਦੇ ਪੱਕੇ ਬੰਦੇ ਆਂ ਮਿੱਠੀਏ।"

"ਵਾਅਦੇ ਦਾ ਕੱਚਾ ਕੋਈ ਵੀ ਨਹੀਂ।"

"ਕਦੋਂ ਚਲਨੈਂ?"

"ਜਦ ਕਹੇਂ।"

"ਨਾਲ ਹੀ ਚਲ ਘਰੇ ਚਲਾਂਗੇ-ਫੇਰ ਤੈਨੂੰ ਮੈਂ ਛੱਡਣ ਆ ਜਾਂਗਾ ਤੇ ਰਾਤ ਖੇਤ 'ਚ ਰਹਿ ਪਵਾਂਗੇ।"

"ਠੀਕ ਹੈ-ਪਰ ਮੇਰੇ ਸਰੀਰ ਨੂੰ ਤੂੰ ਸ਼ੀਤਲ ਦੇ ਵਿਆਹ ਤੋਂ ਬਾਅਦ ਛੇੜ ਸਕੇਂਗਾ।"

"ਜੇਕਰ ਇਕਰਾਰ ਤੋਂ ਫਿਰਾਂ ਮਾਊਜ਼ਰ ਨਾਲ ਜਾਨ ਲੈ ਲੀਂ-ਤੂੰ ਜਿਸ ਵੱਲ ਉਂਗਲ ਕਰੇਂਗੀ ਉਸੇ ਨਾਲ ਸ਼ੀਤਲ ਦਾ ਵਿਆਹ ਕਰ ਦੇਵਾਂਗਾ।"

"ਪੁਛਣਾ ਚਾਹੁੰਦੈ ਉਹ ਕੌਣ ਲੜਕੈ?"

"ਦੱਸ ਤਾਂ ਸਹੀ।"

"ਉਹ ਪ੍ਰੋਫੈਸਰ ਜਿਹੜਾ ਤੈਨੂੰ ਪਿਛਲੀ ਵਾਰ ਮਿਲਾਇਆ ਸੀ।"

"ਉਹ! ਕਤਾਬੜੀਆਂ ਵਾਲਾ-ਸ਼ੀਤਲ ਦਾ ਵਿਆਹ ਉਹਦੇ ਨਾਲ-ਪਰ ਉਹ ਤਾਂ ਕੰਗਾਲ ਲਗਦੈ।"

"ਇਕਰਾਰ ਨਾ ਭੁੱਲ-ਕੰਗਾਲ ਲਗਦੈ ਧਨ ਦੇਂਦੀ।"

"ਪਰ ਉਹ ਸਾਡੇ ਘਰ ਢੁਕੇਗਾ। ਦੁਨੀਆ ਕੀ ਕਹੇਗੀ?"

"ਜਦ ਤੂੰ ਇਸ ਸਰੀਰ ਨੂੰ ਸੁਆਦ ਲਏਂਗਾ। ਦੁਨੀਆ ਨੂੰ ਪਤਾ ਲੱਗੇਗਾ ਤਾਂ ਦੁਨੀਆ ਕੀ ਕਹੇਗੀ?"

ਜਸਵੰਤ ਦੇ ਚਿਹਰੇ ਦੇ ਕਿੰਨੇ ਹੀ ਰੰਗ ਬਦਲੇ।

"ਪਰ ਤੈਨੂੰ ਉਹਦੇ ਨਾਲ ਕੀ?"

ਮੈਡਮ ਨੂੰ ਇਹ ਗੱਲ ਸਮਝਾਣੀ ਵਾਧੂ ਲੱਗੀ। ਜਸਵੰਤ ਨੂੰ ਅਜਿਹੀ ਗੱਲ ਦੱਸਣੀ ਸੰਢੇ ਅੱਗੇ ਬੀਨ ਵਜਾਣ ਵਾਲੀ ਗੱਲ ਸੀ।

"ਤੇਰੀ ਮਰਜ਼ੀ, ਸੌਦਾ ਕੈਂਸਲ।" ਉਸਨੇ ਜਸਵੰਤ ਦੀ ਕਮਜ਼ੋਰ ਰਗ ਤੇ ਹਲਕੀ ਉਂਗਲ ਧਰੀ।

"ਪਰ ਆਪਣਾ ਇਕਰਾਰ।"

"ਜਦ ਤੂੰ ਇਕਰਾਰ ਪੂਰਾ ਕਰਨ ਤੋਂ ਸੁਆਲ ਕਰਦੈਂ ਤੇ ਫੇਰ ਆਪਣੇ ਇਕਰਾਰ ਦੀ ਗੱਲ ਕਿਉਂ ਛੇਡਦੈਂ। ਚੰਗਾ ਮੈਂ ਚਲਦੀ ਹਾਂ।" ਮੈਡਮ ਉਠ ਕੇ ਤੁਰ ਪਈ।

"ਠੀਕ ਹੈ ਪਟੋਲਿਆ, ਠੀਕ ਹੈ ਗੁਲਾਬ ਦੇ ਫੁਲ੍ਹਾ-ਜਿਵੇਂ ਤੇਰੀ ਮਰਜ਼ੀ ਕਰ-ਮੈਨੂੰ ਤਾਂ ਤੂੰ ਖ਼ੂਹ 'ਚ ਛਾਲ ਮਾਰਨ ਦਾ ਹੁਕਮ ਕਰੇਂ ਤਾਂ ਅੱਖ ਨਾ ਝਪਕਾਂ।"

ਮੈਡਮ ਨੇ ਦੂਰੋਂ ਦੇਖਿਆ-ਰਿੱਛ ਨਕੇਲ 'ਚ ਪੂਰੀ ਤਰ੍ਹਾਂ ਕਾਬੂ ਸੀ। ਇਸ਼ਾਰੇ ਤੇ ਮੋਟੀ ਸਾਰੀ ਗਰਦਨ ਹਿਲਾ ਰਿਹਾ ਸੀ।

"ਮੁੜ ਸੁਆਲ ਜਵਾਬ ਨਹੀਂ ਚਲਣਾ ਚਾਹੀਦਾ।"

"ਨਹੀਂ ਚਲੇਗਾ।"

ਜਸਵੰਤ ਪੱਟਾਂ ਨੂੰ ਰਗੜ ਰਿਹਾ ਸੀ।

ਸ਼ੀਤਲ ਆ ਗਈ।

ਰਣਜੀਤ ਆ ਗਿਆ। ਉਹ ਸ਼ੀਤਲ ਨੂੰ ਦੇਖ ਕੇ ਹੱਕਾ ਬੱਕਾ ਰਹਿ ਗਿਆ। ਸ਼ੇਰ ਦੇ ਘਾਟ ਪਾਣੀ ਪੀ ਰਿਹਾ ਸੀ। ਸ਼ੇਰ ਭੁੱਖਾ ਝਾਕ ਰਿਹਾ ਸੀ। ਪੰਜਾ ਨਹੀਂ ਮਾਰ ਰਿਹਾ ਸੀ। ਰਣਜੀਤ ਨੂੰ ਹਕੀਕਤ ਦੀ ਸਮਝ ਨਾ ਰਹੀ।

ਉਹ ਮੈਡਮ ਨੂੰ ਉਠਾ ਕੇ ਪਾਸੇ ਲੈ ਕੇ ਗਿਆ।

"ਕਹਾਣੀ ਕੀ ਹੈ?"

"ਠੀਕ ਹੈ।"

"ਮੈਂ ਪੁੱਛਦਾਂ ਇਸ ਆਦਮੀ ਨੂੰ ਕਿਸ ਵਾਅਦੇ ਤੇ ਕਾਬੂ ਕੀਤੈ?"

"ਤੈਨੂੰ ਮੇਰੇ ਤੇ ਭਰੋਸਾ ਨਹੀਂ?" ਝੂਠ ਛਪਾਣ ਲਈ ਮੈਡਮ ਨੇ ਕਸਮ ਦਾ ਆਸਰਾ ਲਿਆ।

ਮੈਡਮ ਅਗਲੇ ਦਿਨ ਦੀ ਛੁੱਟੀ ਲੈ ਆਈ। ਮੈਡਮ ਨੂੰ ਪ੍ਰਿੰਸੀਪਲ ਗੱਲਾਂ ਪੁੱਛ ਰਹੀ ਸੀ ਪਰ ਉਹ ਗੱਲ ਗੋਲਮੋਲ ਜਿਹੀ ਕਰ ਕੇ ਪਰਤ ਆਈ।

ਰਣਜੀਤ ਅੱਖਾਂ ਝੁਕਾਈ ਬੈਠਾ ਸੀ। ਸ਼ੀਤਲ ਦੀ ਅੱਖ ਜ਼ਰਾ ਫਰਕ ਤਕ ਨਹੀਂ ਰਹੀ ਸੀ। ਜਸਵੰਤ ਦੋਹਾਂ ਵਲ ਬਘਿਆੜ ਵਾਂਗ ਝਾਕਦਾ ਸੀ। ਉਸਦੀਆਂ ਅੱਖਾਂ 'ਚ ਖ਼ੂਨ ਉਤਰ ਆਇਆ ਸੀ।

ਜੀਪ ਤੁਰੀ। ਰਣਜੀਤ ਦੀ ਸਤਿਆ ਤੁਰ ਗਈ। ਜੀਪ ਤੇ ਤੁਰਦਿਆਂ ਹੀ ਇਕ ਕੁੱਤਾ ਹੇਠ ਆ ਗਿਆ। ਜਿਸ ਦੇ ਲਹੂ ਨਾਲ ਜਸਵੰਤ ਦੀ ਜੀਪ ਦਾ ਇਕ ਪਹੀਆ ਰੰਗਿਆ ਗਿਆ।

ਮੈਡਮ ਬਾਹਰਲੇ ਪਾਸੇ ਬੈਠੀ ਸੀ। ਜਸਵੰਤ ਦੀਆਂ ਨਜ਼ਰਾਂ ਉਲਰ ਉਲਰ ਉਸ ਪਾਸੇ ਵਲ ਜਾ ਰਹੀਆਂ ਸਨ।

ਰਣਜੀਤ ਦੀਆਂ ਨਜ਼ਰਾਂ ਪਥਰਾ ਗਈਆਂ ਸਨ। ਹੰਝੂ ਪਥਰਾ ਗਏ ਸਨ। ਉਸਦੇ ਹੋਸ਼ ਜੀਪ ਦੇ ਧੂੰਏਂ ਤੇ ਧੂੜ 'ਚ ਗੁਆਚ ਗਏ ਸਨ।

"ਵਧਾਈ ਰਣਜੀਤ ਜੀ।"

"ਜੀ ?" ਰਣਜੀਤ ਹੱਕਾ ਬੱਕਾ ਮੈਡਮ ਪ੍ਰਿੰਸੀਪਲ ਨੂੰ ਪੁਛ ਰਿਹਾ ਸੀ।

"ਸ਼ੀਤਲ ਬਹੁਤ ਅੱਛੀ ਲੜਕੀ ਹੈ।"

"ਜੀ!"

"ਤੁਹਾਡਾ ਜੀਵਨ ਸਵਰਗ ਬਣ ਜਾਏਗਾ।"

"ਸਾਡਾ ਜੀਵਨ ਸਵਰਗ ਬਨਾਣ ਲਈ ਕੋਈ ਜੀ ਨਰਕ ਪੈ ਗਿਆ-ਕੋਈ ਰੂਹ ਕਤਲ ਹੋ ਗਈ।" ਤੇ ਰਣਜੀਤ ਜੀਪ ਦੇ ਮਗਰ ਪਾਗਲਾਂ ਵਾਂਗ ਦੌੜ ਪਿਆ।

## 20.

"ਅੱਡੀਆਂ ਕੂਚਦੀ ਮਰਗੀ
ਬਾਂਕਾਂ ਨਾ ਜੁੜੀਆਂ।"

ਜੀਪ ਹਵਾ ਨਾਲ ਗੱਲਾਂ ਕਰਦੀ ਜਸਵੰਤ ਦੇ ਖੇਤਾਂ 'ਚ ਪਹੁੰਚ ਗਈ।

ਅਗਸਤ ਮਹੀਨੇ ਦਾ ਹੁਮਸ ਸੀ ਬੇਤਹਾਸ਼ਾ। ਤਿੱਤਰ ਬਾਹਰ ਹਵਾ 'ਚ ਫਿਰ ਰਹੇ ਸਨ। ਜਸਵੰਤ ਨੇ ਤੁਰਦੀ ਜੀਪ ਚੋਂ ਛੇ ਫਾਇਰ ਕੀਤੇ ਕਿ ਸਾਰੇ ਦੇ ਸਾਰੇ ਥਾਂ ਤੇ ਢੇਰੀ ਹੋ ਗਏ-ਮੈਂ ਵੀ ਤੁਹਾਡੀ ਹੀ ਸਾਥਣ ਹਾਂ। ਪਿਛੇ ਪਏ ਤਿੱਤਰਾਂ ਨਾਲ ਮੈਡਮ ਨੇ ਗੱਲ ਕੀਤੀ ਸੀ।

ਜਸਵੰਤ ਦੇ ਖੇਤ ਖੁਲ੍ਹੇ ਸਨ। ਫਸਲ ਬੜੀ ਤਰੀਕੇ ਦੀ ਸੀ। ਵੱਡੇ ਖੇਤ 'ਚ ਜਸਵੰਤ ਦਾ ਵਿਸ਼ਰਾਮ ਘਰ ਸੀ ਜਿਹੜਾ ਮੈਡਮ ਨੂੰ ਇਕ 'ਕਤਲਗਾਹ' ਜਾਪਿਆ। ਮੈਡਮ ਦੁਖੀ ਹਾਸਾ ਹੱਸੀ।

ਜੀਪ ਘਰ ਪਹੁੰਚੀ। ਘਰ ਨਹੀਂ ਵੱਡਾ ਕਿਲ੍ਹਾ ਸੀ। ਕਮਰਿਆਂ ਦੀ ਗਿਣਤੀ ਸੀ ਨਾ ਚੁਬਾਰਿਆਂ ਦਾ ਹਿਸਾਬ। ਹਰ ਕਮਰਾ ਸਜਿਆ ਹੋਇਆ ਸੀ। ਹਿਰਨ ਦਾ ਸਿੰਗ, ਸ਼ੇਰ ਦੀ ਖੱਲ ਥਾਂ ਥਾਂ ਤੇ ਟੰਗੀ ਸੀ-ਕਿਤੇ ਕਿਤੇ ਮੂਨ ਦੀ ਖਲ ਤੂੜੀ ਨਾਲ ਭਰਕੇ ਖੜ੍ਹੀ ਕੀਤੀ ਗਈ ਸੀ-ਮੈਡਮ ਉਸ ਦੀ ਪਿੱਠ ਤੇ ਠੋਡੀ ਧਰ ਕੇ ਖੜ੍ਹ ਗਈ ਸੀ।

ਘਰ ਦੇ ਕੁਛ ਕਮਰਿਆਂ 'ਚ ਆਵਾਜ਼ ਗੂੰਜਦੀ ਸੀ।

ਘਰ ਦੇ ਪਿਛਲੇ ਪਾਸੇ ਪਸ਼ੂਆਂ ਲਈ ਜਗ੍ਹਾ ਸੀ। ਕਿਤਨੀਆਂ ਮੱਝਾਂ, ਗਊਆਂ, ਬੈਲ, ਊਠ ਤੇ ਘੋੜੇ ਖੁਰਲੀਆਂ ਤੇ ਖੜ੍ਹੇ ਹਿਣਕ ਰਹੇ ਸਨ।

ਮੈਡਮ ਡਰ ਗਈ ਜਦ ਜਸਵੰਤ ਵਰਗੇ ਬੁਲੀ ਕੁੱਤੇ ਨੇ ਉਸ ਦੇ ਪੈਰ ਚਟਣੇ ਸ਼ੁਰੂ ਕਰ ਦਿਤੇ। ਮੈਡਮ ਨੂੰ ਲਗਿਆ ਬੁਲੀ ਕੁੱਤਾ ਨਹੀਂ ਜਸਵੰਤ ਉਸ ਦੇ ਪੱਟਾਂ ਵਲ ਵਧਦਾ ਆ ਰਿਹਾ ਸੀ। ਉਹ ਚੌਂਕੀ, ਕਿੰਨੇ ਹੀ ਹੋਰ ਕੁੱਤੇ, ਨਿੱਕੇ ਨਿੱਕੇ ਗੁਲੇਲੇ ਜਿਹੇ ਜਿਨ੍ਹਾਂ ਦੇ ਛੋਟੇ ਛੋਟੇ ਮੂੰਹਾਂ ਵਲ ਤਕ ਤਕ ਮੈਡਮ ਪਤਾ ਨਹੀਂ ਕੀ ਸੋਚਦੀ ਸੀ। ਜਸਵੰਤ ਦੇ ਚਾਰ ਸ਼ਿਕਾਰੀ ਕੁੱਤੇ ਫਿਰ ਰਹੇ ਸਨ। ਲੰਮੀਆਂ ਲੱਤਾਂ, ਭਾਰੀ ਛਾਤੀਆਂ, ਪਤਲੇ ਨੱਕ, ਲੰਮੀਆਂ ਪੂਛਾਂ, ਲੰਮੇ ਮੂੰਹ- ਚਿੱਟੇ ਦੰਦ-ਪਟਿਆਂ ਨਾਲ

ਉਨ੍ਹਾਂ ਦੀਆਂ ਗਰਦਨਾਂ ਸ਼ਿਗਾਰੀਆਂ ਸਨ,

ਮੈਡਮ ਸਹਿਮ ਗਈ, ਜਿਵੇਂ ਇਹ ਸਾਰੇ ਹੁਣੇ ਉਸ ਨੂੰ ਮਾਰ ਕੇ ਮਾਲਕ ਅੱਗੇ ਸੁੱਟ ਆਣਗੇ ਜਿਹੜਾ ਉਸ ਨੂੰ ਰੋਸਟ ਕਰਕੇ ਸ਼ਰਾਬ ਦੀਆਂ ਘੁਟਾਂ ਨਾਲ ਨਿਗਲ ਜਾਏਗਾ।

ਪਿੰਡ ਜੇਡੇ ਘਰ ਦੇ ਦੁਆਲੇ ਉਚੀ ਤੇ ਮਜ਼ਬੂਤ ਕੰਧ ਸੀ ਜਿਹੜੀ ਨਿੱਕੀਆਂ ਇੱਟਾਂ ਦੀ ਬਣੀ ਸੀ।

ਇਸ ਨੂੰ ਸ਼ੀਤਲ ਕਿਵੇਂ ਟੱਪ ਸਕਦੀ ਹੈ-ਸ਼ੀਤਲ ਨੂੰ ਬਾਹਰ ਲੈ ਜਾਣ ਲਈ ਸੌਦਾ ਮਹਿੰਗਾ ਨਹੀਂ-ਮੈਡਮ ਨੇ ਆਪਣੇ ਗੰਦਲ ਵਰਗੇ ਸਰੀਰ ਵਲ ਝਾਤੀ ਮਾਰੀ। ਮੈਡਮ ਦਾ ਸਰੀਰ ਜਸਵੰਤ ਨੂੰ ਇਤਰ ਭਰੀ ਸ਼ੀਸ਼ੀ ਜਾਪਦਾ ਸੀ ਜਿਹੜਾ ਮਹਿਕਾਂ ਦੀਆਂ ਲਪਟਾਂ ਛਡਦਾ ਸੀ।

"ਕਾਕੀ ਤੂੰ ਕਦੋਂ ਆਈ?" ਮਾਂ ਆ ਗਈ। ਉਸ ਨੇ ਮੈਡਮ ਦਾ ਆਦਰ ਨਾਲ ਸਿਰ ਪਲੂਸਿਆ। ਮਹਿਮਾਨ ਨਿਵਾਜ਼ੀ ਦੇ ਧਿਆਨ ਨਾਲ ਮਾਂ ਨੂੰ ਚਾਅ ਜਿਹਾ ਚੜ੍ਹ ਗਿਆ ਸੀ।

ਜਸਵੰਤ ਪੱਟਾਂ ਤੇ ਜ਼ੋਰ ਦਿੰਦਾ ਹੱਥ ਮਲਦਾ ਇਧਰ ਉਧਰ ਲੰਘਦਾ ਫਿਰਦਾ ਸੀ। ਮੈਡਮ ਦੇਖ ਦੇਖ ਮਨ 'ਚ ਹੱਸਦੀ ਸੀ। ਮਨ 'ਚ ਰੋ ਲੈਂਦੀ ਸੀ।

"ਆ ਤੈਨੂੰ ਸ਼ੀਤਲ ਦਾ ਗਹਿਣਾ ਗੱਟਾ ਦਿਖਾਵਾਂ। ਮੈਂ ਤਾਂ ਕਾਕੀ ਵਰ੍ਹਿਆਂ ਤੋਂ ਬਣਾਂਦੀ ਆ ਰਹੀ ਹਾਂ। ਮੇਰੀ ਇਕੋ ਇਕ ਧੀ ਐ-ਸੋਨੇ 'ਚ ਮੜ੍ਹ ਕੇ ਤੋਰਾਂਗੀ। ਸ਼ਾਹੀ ਘਰ ਨਾਲ ਮੱਥਾ ਲਾਣਾ ਕੋਈ ਠੱਠਾ ਤਾਂ ਨਹੀਂ, ਅਗਲੇ ਮਸ਼ਹੂਰ 'ਕੁੱਤਿਆਂ ਵਾਲੇ ਸਰਦਾਰ ਹੈ।"

"ਕੁੱਤਿਆਂ ਵਾਲੇ।"

ਹਾਂ ਕਾਕੀ ਉਨ੍ਹਾਂ ਨੂੰ ਅੱਲ ਪੈਂਦੀ ਐ, ਉਨ੍ਹਾਂ ਨੂੰ ਸਾਰਾ ਇਲਾਕਾ 'ਕੁੱਤਿਆਂ ਵਾਲੇ ਸਰਦਾਰ' ਕਹਿੰਦੈ। ਉਨ੍ਹਾਂ ਦਾ ਸ਼ਿਕਾਰ ਖੇਡਣਾ ਖ਼ਾਨਦਾਨੀ ਸ਼ੌਂਕ ਸੀ-ਸੌ ਸੌ ਦੋ ਦੋ ਸੌ ਸ਼ਿਕਾਰੀ ਕੁੱਤੇ ਰੱਖੇ ਹੁੰਦੇ ਸਨ।"

ਮਾਂ ਗਹਿਣੇ ਦਿਖਾਂਦੀ ਥੱਕਦੀ ਸੀ ਨਾ ਗਹਿਣੇ ਮੁਕਦੇ ਸਨ। ਮੈਡਮ ਥੱਕ ਗਈ ਸੀ।

"ਮੈਡਮ ਨੂੰ ਛੱਡ ਆਵਾਂ।" ਜਸਵੰਤ ਜੀਪ ਦੀ ਚਾਬੀ ਦਾ ਛੱਲਾ ਕਿੱਲੀ ਵਰਗੀ ਉਂਗਲ 'ਚ ਜ਼ੋਰ ਨਾਲ ਘੁਮਾ ਰਿਹਾ ਸੀ।

"ਹੁਣੇ ਜਾਣੈ?" ਮਾਂ ਹੈਰਾਨ ਸੀ।

"ਹਾਂ-ਉਸ ਨੂੰ ਛੁੱਟੀ ਨਹੀਂ ਮਿਲੀ।"

"ਮੈਡਮ ਕਲ੍ਹ ਜਾਣਗੇ।" ਸ਼ੀਤਲ ਨੇ ਪਾਸੇ ਮੂੰਹ ਕਰਕੇ ਕਿਹਾ।

"ਤੈਨੂੰ ਕਿਹੈ ਉਸਨੂੰ ਛੁੱਟੀ ਨਹੀਂ ਮਿਲੀ?" ਜਸਵੰਤ ਖ਼ੂਨੀ ਅੱਖਾਂ ਨਾਲ ਝਾਕਿਆ, ਸ਼ੀਤਲ ਦੀਆਂ ਰਗਾਂ ਦਾ ਖ਼ੂਨ ਸੁਕ ਗਿਆ ਸੀ। ਮਾਂ ਦਾ ਸਾਹ ਮੁੱਕ ਗਿਆ।

"ਮੈਂ ਨਾਲ ਚਲਾਂਗੀ।" ਸ਼ੀਤਲ ਬਰਾਬਰ ਖੜ੍ਹੀ ਸੀ।

-ਮੈਂ ਤਾਂ ਕਤਲ ਹੋਣ ਜਾ ਰਹੀ ਹਾਂ-ਤੂੰ ਰੋਹੀ 'ਚ ਕੀ ਕਰੇਂਗੀ-ਮੈਡਮ ਨੇ ਚੁੱਪ ਨਜ਼ਰਾਂ ਨਾਲ ਪੁਛਿਆ।

"ਤੂੰ ਕੀ ਕਰੇਂਗੀ। ਮੈਂ ਵਾਪਿਸ ਅੱਧੀ ਰਾਤ ਨੂੰ ਆਵਾਂਗੀ।"

"ਮੈਂ ਕਲ੍ਹ ਨੂੰ ਆ ਜਾਂਗੀ।"

"ਕੁੜੀਏ। ਮੇਰੇ ਸਾਹਮਣੇ ਜ਼ਿਦ ਨਹੀਂ ਚਲਦੀ।"

"ਇਹ ਜ਼ਿਦ ਚਲੇਗੀ-ਮੈਂ ਮੈਡਮ ਨੂੰ ਇਕੱਲਿਆਂ ਨਹੀਂ ਜਾਣ ਦੇਵਾਂਗੀ।" ਉਹ ਗੱਲ ਸਮਝ ਗਈ ਸੀ।

"ਕਾਕਾ ਨਾਲ ਲੈ ਜਾ।" ਮਾਂ ਨੇ ਡਰੀ ਆਵਾਜ਼ 'ਚ ਕਿਹਾ,

"ਤੂੰ ਵੀ ਪਾਗਲ ਹੋ ਗਈ ਮਾਂ।" ਜਸਵੰਤ ਨੇ ਘੁਰਕੀ ਲਈ ਮਾਂ ਬੇਚਾਰੀ ਜਿਹੀ ਬਣ ਕੇ ਪਿਛੇ ਹਟ ਗਈ।

"ਚਲ ਮੈਡਮੇਂ ਬੈਠ।" ਜਸਵੰਤ ਨੇ ਰੁਖੀ ਜ਼ਬਾਨ 'ਚ ਕਿਹਾ।

ਮੈਡਮ ਬੈਠਣ ਲੱਗੀ ਤਾਂ ਸ਼ੀਤਲ ਛਾਲ ਮਾਰ ਕੇ ਵਿਚਕਾਰ ਬੈਠ ਗਈ।

"ਸ਼ੀਤਲ ਕਿਉਂ ਜ਼ਿਦ ਕਰ ਰਹੀ ਹੈਂ-ਮੈਨੂੰ ਕੁਛ ਨਹੀਂ ਹੋਵੇਗਾ।"

"ਤੁਹਾਨੂੰ ਕੀ ਪਤੈ ਮੈਡਮ ਜੀ।"

"ਪਰ ਸ਼ੀਤਲ-।"

"ਮੈਂ ਇਹ ਨਹੀਂ ਹੋਣ ਦੇਣਾ ਮੈਡਮ ਜੀ ਪਲੀਜ਼।" ਸ਼ੀਤਲ ਰੋਂਦੀ ਕਹਿ ਰਹੀ ਸੀ।

"ਚਲ ਉਤਰ ਕੁੜੀਏ।" ਜਸਵੰਤ ਦਾ ਗੁੱਸਾ ਬੇਕਾਬੂ ਹੋ ਗਿਆ ਸੀ। ਉਸ ਨੇ ਸ਼ੀਤਲ ਨੂੰ, ਮੱਖਣ 'ਚੋਂ ਵਾਲ ਖਿੱਚਣ ਵਾਂਗ ਜੀਪ ਚੋਂ ਖਿੱਚ ਕੇ ਬਾਹਰ ਖੜ੍ਹਾ ਕਰ ਦਿੱਤਾ।

"ਇਹ ਕੀ ਹੋ ਰਿਹੈ?" ਬਾਪੂ ਜੀ ਆ ਗਏ ਸੀ।

ਸ਼ੀਤਲ ਦੌੜ ਕੇ ਬਾਪੂ ਦੀ ਹਿੱਕ ਨਾਲ ਜਾ ਲੱਗੀ।

ਜਸਵੰਤ ਨੇ ਜੀਪ ਤੋਰ ਲਈ। ਸ਼ੀਤਲ ਪਾਗਲਾਂ ਵਾਂਗ ਜੀਪ ਦੇ ਅੱਗੇ ਬਾਹਾਂ ਖਿਲਾਰ ਕੇ ਖੜ੍ਹ ਗਈ।

"ਇਹ ਝਗੜਾ ਕੀ ਹੈ?"

"ਇਸ ਕੁੜੀ ਨੂੰ ਮੋੜ-ਮੈਂ ਮੈਡਮ ਨੂੰ ਛੱਡਣ ਜਾ ਰਿਹਾਂ, ਕਹਿੰਦੀ ਹੈ ਨਾਲ ਜਾਣੈ।"

"ਲੈ ਜਾ ਫਿਰ-ਤੈਨੂੰ ਭਾਰ ਲਗਦੈ।"

"ਮੈਂ ਰਾਤ ਨੂੰ ਆਵਾਂਗਾ।"

"ਤਦ ਕੀ ਹੋਇਐ।"

"ਜੇ ਸ਼ਰਾਬੀ ਯਾਰ ਦੋਸਤ ਮਿਲ ਗਏ?"

"ਇਕ ਰਾਤ ਸਬਰ ਕਰ ਲੀਂ।"

"ਤੁਸੀਂ ਸਮਝ ਨਹੀਂ ਰਹੇ"

"ਮੈਂ ਸਭ ਸਮਝਦਾਂ-ਕੁੜੀ ਨੂੰ ਨਾਲ ਲੈ ਕੇ ਜਾਹ-ਕਿਸੇ ਦੀ ਧੀ ਭੈਣ ਨੂੰ ਇਕੱਲਿਆਂ ਨਹੀਂ ਲਜਾਈਦਾ।"

ਮੈਡਮ ਗੁਰਮੁਖ ਬੁੱਢੇ ਦੇ ਦੇਵਤਾ ਚਿਹਰੇ ਵੱਲ ਝਾਕੀ-ਹੈਰਾਨ ਸੀ, ਜਸਵੰਤ ਵਰਗੇ ਬੀਜ ਵੀ ਇਸ ਦੇਵਤੇ ਦੇ ਹਨ।

ਮੈਡਮ ਨੇ ਅੱਖਾਂ ਰਾਹੀਂ ਜਸਵੰਤ ਨੂੰ ਕੁਛ ਸਮਝਾਇਆ।

ਜਸਵੰਤ ਖਾਲੀ ਜੀਪ ਇਸ ਤਰ੍ਹਾਂ ਤੇਜ਼ ਲੈ ਕੇ ਗਿਆ। ਜਿਵੇਂ ਉਸ ਨੇ 20 ਫੁੱਟ ਲੰਮੀ ਛਾਲ ਮਾਰਨੀ ਹੋਵੇ। ਮੋੜ ਤੋਂ ਚਾਰੇ ਪਹੀਏ ਚੁੱਕੇ ਗਏ।

ਉਪਰ ਤਾਕੀ ਵਿਚ ਦੀ ਜਸਵੰਤ ਦੀ ਵਹੁਟੀ ਘੁੰਡ ਕੱਢੀ ਝਾਕ ਰਹੀ ਸੀ, ਆਪਣੀ ਸਹੇਲੀ-ਮੈਡਮ ਨੂੰ ਪਛਾਣ ਰਹੀ ਸੀ।

ਬਾਪੂ ਨੇ ਮੈਡਮ ਦਾ ਸਿਰ ਪਲੂਸਿਆ।

"ਤੇਰੀ ਸਹੇਲੀ ਹੈ ?" ਬਾਪੂ ਨੇ ਡੁਸਕਦੀ ਸ਼ੀਤਲ ਨੂੰ ਪੁੱਛਿਆ।

ਰਾਤ ਪੈ ਗਈ, ਮਾਂ ਨੇ ਬੜਾ ਕੁਛ ਖਾਣ ਲਈ ਤਿਆਰ ਕਰਾਇਆ। ਪਰ ਮੈਡਮ ਪੰਛੀ ਵਾਂਗ ਠੁੰਗ ਮਾਰ ਕੇ ਹੱਟ ਗਈ। ਉਸ ਦੇ ਅੰਦਰ ਪਹਿਲਾਂ ਹੀ ਭਰਿਆ ਪਿਆ ਸੀ।

"ਕੁੜੇ ਕਿਉਂ ਜੁਆਨੀ ਟਪਾ ਰਹੀ ਹੈਂ, ਕਿਸੇ ਦਾ ਘਰ ਵਸਾ।" ਮਾਂ ਨੇ ਆਪਣੇ ਮਨ ਦੀ ਗੱਲ ਤੋਰ ਲਈ।

"ਕਿਸੇ ਦਾ ਘਰ ਵਸਾਣ ਦਾ ਹੀ ਜਤਨ ਕਰ ਰਹੀ ਹਾਂ।"

"ਛੇਤੀ ਛੇਤੀ ਕਰ-ਮਰਦ ਨੂੰ ਵੀ ਸੁਆਦ ਆ ਜੂ ਵਿਆਹ ਕਰਾਣ ਦਾ।"

ਮਾਂ ਨੇ ਮੈਡਮ ਦੀ ਜਵਾਨੀ ਵੱਲ ਇਸ਼ਾਰਾ ਕੀਤਾ।

ਮੈਡਮ ਤੇ ਸ਼ੀਤਲ ਹੱਸ ਪਈਆਂ।

"ਹੋਰ ਭੈੜੀਏ ਇਹ ਮਰਦ ਜਵਾਨੀ ਦੇ ਭੁੱਖੇ ਹੁੰਦੇ ਨੇ-ਇਨ੍ਹਾਂ ਨੂੰ ਵੇਲੇ ਨਾਲ ਠੰਢਾ ਕਰ ਲਈਏ ਤਾਂ ਇਹ ਮੁੱਠੀ 'ਚ ਰਹਿੰਦੇ ਐ-ਜੇ ਤੁਹਾਡੀ ਜਵਾਨੀ ਰਸਮੋੜ ਜਿਹੀ ਹੋ ਜੇ ਵਿਚ ਕੰਨ ਕੰਡਾ ਨਾ ਹੋਵੇ ਤਾਂ ਪਏ ਥਾਂ ਥਾਂ ਅੱਕੀਂ ਪਲਾਹੀਂ ਮੂੰਹ ਮਾਰਦੇ ਫਿਰਦੇ ਐ।"

ਤਿੰਨੇ ਖਿੜ ਖਿੜ ਕਰਕੇ ਹੱਸ ਪਈਆਂ। ਤਿੰਨਾਂ ਦੇ ਹੱਸਣ ਦੀ ਖੜਕਾਰ ਵੱਖ ਵੱਖ ਸੀ।

ਜਸਵੰਤ ਭੂਸਰੇ ਸਾਹਨ ਵਾਂਗ ਫੂੰਕਾਰੇ ਮਾਰਦਾ ਆ ਗਿਆ, ਸ਼ਰਾਬ ਨਾਲ ਉਹ ਬੇ-ਸੁਰਤ ਸੀ। ਘੋੜੇ ਵਾਂਗ ਫਰਸ਼ 'ਤੇ ਪੌੜ ਮਾਰਦਾ ਸੀ।

"ਮਾਂ ਰੋਟੀ ਲਿਆਓ।"

"ਉਪਰ ਬਹੂ ਕੋਲ ਜਾ ਕੇ ਖਾਹ।"

"ਨਹੀਂ ਮੈਂ ਏਥੇ ਹੀ ਖਾਵਾਂਗਾ।" ਉਹ ਮੈਡਮ ਦੇ ਨੇੜੇ ਹੁੰਦਾ ਆ ਰਿਹਾ ਸੀ। ਸ਼ੀਤਲ, ਮੈਡਮ, ਮਾਂ ਨੂੰ ਡਰ ਪੈ ਗਿਆ ਸੀ ਕਿਤੇ ਜਸਵੰਤ ਥਾਂ 'ਤੇ ਹੀ ਬੇਸ਼ਰਮ ਨਾ ਹੋ ਜਾਏ।

ਮੈਡਮ ਦਾ ਕਾਲਜਾ ਫੜਿਆ ਪਿਆ ਸੀ।

"ਤੇਰਾ ਕਿਹੜੇ ਜਨਮਾਂ ਦਾ ਕੁਛ ਦੇਣੈ।" ਪਹਿਲਾਂ ਉਸ ਨੇ ਜਸਵੰਤ ਬਾਰੇ ਸੋਚਿਆ ਤੇ ਫੇਰ ਰਣਜੀਤ ਉਸ ਦੇ ਦਿਮਾਗ 'ਚ ਆ ਗਿਆ।

"ਮੁੰਡਿਆਂ ਤੂੰ ਅੱਜ ਕੀ ਕਰਦਾ ਫਿਰਦੈਂ-ਚਲ ਕੁੜੀਆਂ ਕੋਲੋਂ ਉਠ ਕੇ ਉਪਰ ਜਾਹ।" ਬਾਪੂ ਪਾਠ ਕਰਦਾ ਹਟਿਆ ਸੀ।

ਜਸਵੰਤ ਬੇ-ਬਸ ਰਿਛ ਵਾਂਗ ਝਾਕਿਆ, ਡੱਬ 'ਚੋਂ ਬੋਤਲ ਕੱਢ ਕੇ ਸੁੱਕੀ ਪੀ ਗਿਆ ਤੇ ਡਗਮਗਾਂਦੇ ਕਦਮਾਂ ਨਾਲ ਉਪਰ ਨੂੰ ਤੁਰ ਪਿਆ। ਉਹ ਸਜਰੇ ਦੁਸ਼ਮਣ ਬਾਪੂ ਵੱਲ ਇਸ ਤਰ੍ਹਾਂ ਝਾਕ ਰਿਹਾ ਸੀ ਜਿਵੇਂ ਹੁਣੇ ਪਰਤ ਕੇ ਗੋਲੀ ਮਾਰ ਦੇਵੇਗਾ।

ਜਸਵੰਤ ਛੱਤ 'ਦੇ ਪਹੁੰਚਣ ਤਕ ਬੇਹੋਸ਼ ਹੋ ਚੁੱਕਿਆ ਸੀ।

ਫੱਟੜ ਦਿਮਾਗ ਨਾਲ ਮੈਡਮ ਤੇ ਸ਼ੀਤਲ ਪਤਾ ਨਹੀਂ ਕੀ ਕੀ ਸੋਚਦੀਆਂ ਰਹੀਆਂ। ਸ਼ੀਤਲ ਮੈਡਮ ਦੀਆਂ ਬਾਹਾਂ 'ਚ ਘੁੱਟੀ ਪਈ ਸੀ ਮਤਾ ਕੋਈ ਬਘਿਆੜ ਉਸ ਗਰੀਬਣੀ ਨੂੰ ਚੁੱਕ ਕੇ ਲੈ ਜਾਏ।

## 21.

### ਪੁੱਤ ਸਰਦਾਰਾਂ ਦੇ,
### ਖਾਣ ਬੱਕਰੇ ਤੇ ਪੀਣ ਸ਼ਰਾਬਾਂ

ਸੂਹਾ ਸੂਰਜ ਚੜ੍ਹਿਆ ਸੀ। ਘਰ 'ਚ ਸੁਰਖ਼ੀ ਦਾ ਮੀਂਹ ਵਰ੍ਹਿਆ ਸੀ। ਪਰ ਨਾ ਸ਼ੀਤਲ ਨਾ ਮੈਡਮ ਦਾ ਦਿਲ ਭਿਜਿਆ।

"ਕਾਕੀ ਤੂੰ ਹੀ ਚੰਦਰੀ ਨੂੰ ਸਮਝਾ।" ਮਾਂ ਨੇ ਮੈਡਮ ਨੂੰ ਕਿਹਾ।

ਸ਼ੀਤਲ ਡੁਸਕ ਰਹੀ ਸੀ। ਅੱਖਾਂ ਦੀ ਜਵਾਨੀ ਕੋਸੇ ਖਾਰੇ ਹੰਝੂਆਂ 'ਚ ਖੁਰਦੀ ਜਾ ਰਹੀ ਸੀ।

"ਸ਼ੀਤਲ ਤੇਰੇ ਹਉਕੇ ਕਿਸ ਨੇ ਸੁਣਨੇ?"

"ਸ਼ਾਇਦ ਕਿਸਮਤ ਨੇ।"

"ਕਿਸਮਤ ਨੇ ਮਿਹਰਵਾਨ ਹੋਣਾ ਹੋਵੇ ਤਾਂ ਰੁਆਏ ਕਿਉਂ।"

"ਕੀ ਕਰਾਂ?"

"ਕੋਈ ਰਾਹ ਨਹੀਂ ਦਿਸਦਾ।"

"ਮਾਂ ਨੂੰ ਅੰਦਰੇ ਅੰਦਰ ਡਰਾ।"

"ਮਾਂ ਡਰਨ ਵਾਲੀ ਔਰਤ ਨਹੀਂ।"

"ਬਾਪੂ ਦਾ ਕਿਸੇ ਤਰ੍ਹਾਂ ਦਿਲ ਜਿੱਤ।"

"ਬੇਚਾਰੇ ਦੀ ਕੋਈ ਸੁਣਦਾ ਨਹੀਂ, ਵੀਰ ਹੀ ਕਰਤਾ ਧਰਤਾ ਹੈ।"

"ਫੇਰ ਮੈਨੂੰ ਕੱਲ੍ਹ ਜਾਣ ਕਿਉਂ ਨਹੀਂ ਦਿੱਤਾ?"

"ਮੈਂ ਇਹ ਕੰਮ ਨਹੀਂ ਹੋਣ ਦੇਣਾ, ਭਾਵੇ ਹੀਰ ਨੂੰ ਖੇੜਿਆਂ ਦੇ ਜਾਣਾ ਪਏ।"

ਦੋਵੇਂ ਚੁੱਪ ਹੋ ਗਈਆਂ। ਮੈਡਮ ਦੀ ਜੀਭ ਠਾਕੀ ਗਈ ਸੀ।

"ਬੀਬੀ ਜੀ, ਛੋਟੇ ਸਰਦਾਰ ਜੀ ਕਿਥੇ ਨੇ?"

"ਕੀ ਕੰਮ ਹੈ?"

"ਕੁੱਤਿਆਂ ਵਾਲੇ ਸਰਦਾਰ ਖੇਤ ਆਏ ਐ।" ਕਾਮਾ ਕਹਿ ਰਿਹਾ ਸੀ।

ਮਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ।

ਸ਼ੀਤਲ ਤੇ ਮੈਡਮ ਇਕ ਦੂਜੇ ਵੱਲ ਝਾਕੀਆਂ।

ਜਸਵੰਤ ਨੂੰ ਉਠਾਇਆ ਗਿਆ। ਖਾਣ ਪੀਣ ਦੇ ਸਮਾਨ ਨਾਲ ਜੀਪ ਭਰੀ ਗਈ। ਸਾਫ ਚਾਦਰਾਂ ਤੇ ਸਿਰਹਾਣੇ ਭੇਜੇ ਗਏ-ਮਤਾਂ ਵਿਸ਼ਰਾਮ ਘਰ ਦੇ ਬਿਸਤਰੇ ਗੰਦੇ ਹੋ ਚੁੱਕੇ ਹੋਣ।

ਜਸਵੰਤ ਨੇ ਜੀਪ ਦੀ ਕਿੱਲੀ ਨੱਪੀ। ਖੇਤ ਪਹੁੰਚ ਕੇ ਸਾਹ ਲਿਆ।

'ਕੁੱਤਿਆਂ ਵਾਲੇ ਸਰਦਾਰ' ਕੁੱਤਿਆਂ ਵਾਂਗ ਇਕੱਠੇ ਹੋਏ ਸ਼ਰਾਬ ਪੀ ਰਹੇ ਸਨ। ਇਲਾਕੇ ਦੇ ਸਾਰੇ ਕਾਕੇ ਪਗੜੀਆਂ ਲਾਹੀ ਸ਼ਰਾਬੀ ਗੱਲਾਂ ਕਰ ਰਹੇ ਸਨ। ਹਰ ਇਕ ਦੇ ਗਲ ਮਾਊਜ਼ਰ, ਰਿਵਾਲਵਰ ਲਟਕਦਾ ਸੀ। ਸੋਨੇ ਦੇ ਚੇਨ ਵਾਲੀਆਂ ਘੜੀਆਂ। ਦੋ ਦੋ ਚਾਰ ਚਾਰ ਮੁੰਦਰੀਆਂ ਤੇ ਮੋਟੇ ਅੱਠ ਅੱਠ ਤੋਲਿਆਂ ਦੇ ਕੜੇ ਬਾਹਾਂ 'ਚ ਚਮਕ ਰਹੇ ਸਨ। ਉਨ੍ਹਾਂ ਦੇ ਟੁਕੜਬੋਚ ਰਾਖੇ ਬੰਦੂਕਾਂ ਮੋਢਿਆਂ 'ਚ ਲਟਕਾਈ ਲੱਤਾਂ ਚੌੜੀਆਂ ਕਰੀ ਖੜ੍ਹੇ ਸਨ। ਸ਼ਰਾਬ ਨਾਲ ਉਨ੍ਹਾਂ ਦੇ ਲੰਮੇ ਤੇ ਮੋਟੇ ਸਰੀਰ ਵੀ ਡੋਲ ਰਹੇ ਸਨ।

ਖੇਤ 'ਚ ਜੀਪਾਂ ਇਸ ਤਰ੍ਹਾਂ ਖੜ੍ਹੀਆਂ ਸਨ ਜਿਵੇਂ ਇਹ ਜਸਵੰਤ ਦਾ ਖੇਤ ਨਹੀਂ, ਫੌਜ ਦੀ ਛਾਉਣੀ ਸੀ।

"ਆ ਬਈ ਰਿਸ਼ਤੇਦਾਰਾ-ਅਸੀਂ ਚੱਲ ਕੇ ਤੇਰੇ ਘਰ ਆਏ ਹਾਂ ਤੇ ਤੂੰ ਝਾਕਦਾ ਵੀ ਨਹੀਂ।" ਲਾਲੀ ਸਾਹਿਬ ਨੇ ਵਧ ਕੇ ਜਸਵੰਤ ਲਾਲ ਹੱਥ ਮਿਲਾਇਆ। ਜਸਵੰਤ ਉਸ ਨੂੰ ਪਾਈਏ ਕੁ ਦਾ ਬਣ ਕੇ ਮਿਲਿਆ।

ਲਾਲੀ ਸਾਹਿਬ ਦਾ ਕੱਦ ਦਰਮਿਆਨਾ, ਰੰਗ ਸਾਂਵਲਾ, ਦੰਦ ਚਿੱਟੇ ਤੇ ਉਮਰ ਮਸਾਂ 24 ਸਾਲ ਸੀ। ਵੱਧ ਸ਼ਰਾਬ, ਮੁਰਗੇ ਤੇ ਰੰਨਾਂ ਦੀ ਵਰਤੋਂ ਨੇ ਉਸ ਦੀਆਂ ਅੱਖਾਂ ਦੇ ਪਾਸੀਂ ਕਾਲੀ ਲੁਕ ਫੇਰ ਰੱਖੀ ਸੀ। ਮੂੰਹ ਦਾ ਮਾਸ ਮਖਿਆਲ ਵਾਂਗ ਲਟਕ ਗਿਆ ਸੀ। ਪੇਟ ਵਧ ਕੇ ਗੋਡਿਆਂ ਨਾਲ ਲੱਗ ਗਿਆ ਸੀ। ਗੱਲ ਕਰਦਿਆਂ ਸਾਹ ਉਖੜਦਾ ਸੀ। ਕੁੱਤਿਆਂ ਵਾਲਿਆਂ ਦਾ ਇਕਲੌਤਾ ਕਾਕਾ "ਟਿੱਕਾ ਸਾਹਿਬ" ਜੰਗ ਬਹਾਦਰ ਸਿੰਘ ਜਿਸ ਦਾ ਨਿੱਕਾ ਨਾਂ "ਲਾਲੀ ਸਾਹਿਬ" ਸੀ ਸ਼ਤੀਲ ਦਾ ਵਿਆਂਹਦੜ ਬਣ ਰਿਹਾ ਸੀ ਤੇ ਮੂਨ ਵਰਗੀ ਸ਼ੀਤਲ ਦੇ ਭੋਗ ਦੀ ਤਿਆਰੀ ਖਿਚ ਰਿਹਾ ਸੀ। ਜਸਵੰਤ ਦਾ ਘਰ ਉਸ ਦੇ ਖ਼ਾਨਦਾਨ ਦੇ ਮੁਤਾਬਕ ਨਹੀਂ ਸੀ ਪਰ ਲਾਲੀ ਸਾਹਿਬ ਨੂੰ ਸ਼ੀਤਲ ਦੇ ਰੰਗ ਰੂਪ ਤੇ ਜਵਾਨੀ ਦੀ ਪ੍ਰਸੰਸਾ ਪਹੁੰਚ ਚੁੱਕੀ ਸੀ ਜਿਸ ਕਰਕੇ ਉਹ ਸ਼ੀਤਲ ਦਾ ਰਿਸ਼ਤਾ ਲੈਣ 'ਚ ਘਰ ਦੇ ਬਜ਼ੁਰਗਾਂ ਦੀ ਪਰਵਾਹ ਨਹੀਂ ਕਰ ਰਿਹਾ ਸੀ। ਪਟਿਆਲਾ ਦੇ ਸ਼ਾਹੀ ਘਰਾਣੇ ਦਾ ਰਿਸ਼ਤਾ ਠੁਕਰਾ ਰਿਹਾ ਸੀ।

"ਧੰਨ ਭਾਗ ਐ ਸਾਡੇ ਤੁਸੀਂ ਚਰਨ ਪਾਏ।" ਜਸਵੰਤ ਦੀਆਂ ਬਾਛਾਂ ਖਿਲਰ ਖਿਲਰ ਜਾਂਦੀਆਂ ਸਨ।

"ਯਾਰ ਤੇਰੀ ਖੇਤੀ ਬਹੁਤ ਅੱਛੀ ਹੈ।" ਕਿਸੇ ਨੇ ਖੇਤੀ ਵੱਲ ਨਜ਼ਰ ਮਾਰੀ।

ਕੋਈ ਕਾਕਾ ਕਾਮਾ ਸੀ ਜਿਹੜਾ ਬੀ.ਐਸ.ਸੀ. (ਖੇਤੀਬਾੜੀ) ਕਰ ਚੁੱਕਿਆ ਸੀ। ਦਿਲਚਸਪੀ ਨਾ ਹੋਣ 'ਤੇ ਵੀ ਕੁਸੰਗਤ ਵਿਚ ਫਸਿਆ ਹੋਇਆ ਸੀ।

ਜਸਵੰਤ ਦੀ ਖੇਤੀ ਸੱਚ ਹੀ ਵਧੀਆ ਸੀ ਤੇ ਇਲਾਕੇ 'ਚ ਮਸ਼ਹੂਰ। ਦਰਅਸਲ ਗੱਲ ਇਹ ਸੀ ਕਿ ਜਸਵੰਤ ਨੇ ਓਵਰਸੀਅਰ ਨਾਲ ਮਿਲ ਕੇ ਮੋਘਾ ਵੱਡਾ ਕਰ ਲਿਆ ਸੀ। ਇਕੱਲੇ ਦਾ ਮੋਘਾ ਤੇ ਸੀ ਜਦ ਕਦੇ ਵੱਧ ਪਾਣੀ ਤੀ ਲੋੜ ਪੈਂਦੀ ਸੀ ਤਾਂ ਰਾਤ ਛੱਡ ਕੇ ਦਿਨੇ ਹੀ ਰਜਵਾਹੇ 'ਚ ਦੋ ਚਾਰ ਟਿਊਬਾਂ ਸੁੱਟੀ ਰਖਦਾ ਸੀ-ਖੇਤੀ ਪਾਣੀ ਦੀ-ਪਾਣੀ ਦੀ ਕੋਈ ਕਮੀ ਨਹੀਂ ਸੀ। ਬਾਕੀ ਗਰੀਬ ਇਲਾਕਾ ਪਿਟਦਾ ਰਹਿੰਦਾ ਸੀ।

"ਜਦ ਗੱਲ ਕਰੂ ਕਮੀਨੀ ਭੈਣ-ਇਹ ਸਮਾਂ ਘਟੀਆ ਗੱਲਾਂ ਕਰਨ ਦੈ?" ਕਿਸੇ ਵੱਡੇ ਕਾਕੇ ਨੇ ਕਿਹਾ।

"ਤੂੰ ਭੈਣ ਦੇਣੀ ਐ, ਮੇਰੀਆਂ ਗੱਲਾਂ ਕਰਦੈਂ-ਭੈਣ।" ਉਹ ਕਾਕਾ ਵੀ ਸੁਭਾਅ ਦਾ ਗਰਮ ਸੀ।

"ਮਾਊਜ਼ਰ ਰਿਵਾਲਵਰ ਡੱਬਾਂ 'ਚੋਂ ਬਾਹਰ ਨਿਕਲ ਆਏ। ਰਾਖਿਆਂ ਨੇ ਗੋਲੀਆਂ ਚੈਂਬਰ 'ਚ ਚੜ੍ਹਾ ਲਈਆਂ। ਪਟਾਕੇ ਪੈਂਦੇ ਰੁਕ ਗਏ ਤੇ ਦੋਹਾਂ ਕਾਕਿਆਂ ਨੂੰ ਫੜ ਕੇ ਦੂਰ ਲੈ ਜਾਇਆ ਗਿਆ। ਅੱਧੇ ਘੰਟੇ 'ਚ ਦੋਹਾਂ ਦੀ ਸੁਲਾਹ ਕਰਵਾ ਦਿੱਤੀ ਗਈ। ਉਹ ਜੱਫੀ ਪਾ ਕੇ ਮਿਲੇ। ਦੋਹਾਂ ਨੇ ਸਾਂਝਾ ਪੈਗ ਪੀਤਾ ਤੇ ਸਾਂਝਾ ਮੁਰਗਾ ਖਾਧਾ।

"ਮੁਰਗੀਆਂ ਬਾਹਰ ਲਿਆਓ ਕੱਢ ਕੇ।" ਲਾਲੀ ਸਾਹਿਬ ਨੇ ਹੁਕਮ ਕੀਤਾ। ਲਾਲੀ ਸਾਹਿਬ ਦੀਆਂ ਅੱਖਾਂ ਨਸ਼ੇ ਨਾਲ ਰੱਤੀਆਂ ਹੋ ਚੁੱਕੀਆ ਸਨ।

"ਬਾਹਰ ਨਹੀਂ ਠੀਕ-ਅੰਦਰ ਚਲੋ ਲਾਲੀ।" ਕਿਸੇ ਨੇ ਨਾਲੋਂ ਕਿਹਾ।

"ਓਏ ਮੇਰੇ ਸਾਲੇ ਦਾ ਖੇਤ ਐ ਸਾਨੂੰ ਪਰਵਾਹ ਕਾਹਦੀ।" ਲਾਲੀ ਸਾਹਿਬ ਸ਼ਰਾਬ ਦੇ ਨਸ਼ੇ ਵਿਚ ਘੁਲ ਚੁੱਕਿਆ ਸੀ।

ਪਰ ਅਖ਼ੀਰ ਵਿਸ਼ਰਾਮ ਘਰ ਦੇ ਅੰਦਰ ਜਾਣ ਦੀ ਸਲਾਹ ਕੀਤੀ।

ਜਸਵੰਤ ਨੇ ਨਜ਼ਰ ਮਾਰੀ। ਉਸ ਪਹਿਲਾਂ ਇਹ ਮੁਰਗੀਆਂ ਕਦੇ ਨਹੀਂ ਤੱਕੀਆਂ ਸਨ। ਚੜ੍ਹਦੀ ਉਮਰ ਦੀਆਂ, ਪੜ੍ਹੀਆਂ ਲਿਖੀਆਂ, ਪਹਿਣ ਪੱਚਰ ਕੇ ਤਿਆਰ ਬੈਠੀਆਂ ਸਨ। ਛੇ ਕਾਕੇ ਸਨ ਤੇ ਇਹ ਦੋ ਨਰਸਾਂ-

"ਇਹ ਨਰਸਾਂ ਨੇ?" ਜਸਵੰਤ ਨੇ ਪੁੱਛਿਆ।

"ਤੂੰ ਪਹਿਲਾਂ ਨਹੀਂ ਦੇਖੀਆਂ?"

"ਚੀਜ਼ਾਂ ਵਧੀਐ।" ਸ਼ਰਾਬੀ ਜਸਵੰਤ ਨੂੰ ਦੋਵੇਂ ਕੁੜੀਆਂ ਪਦੀਨੇ ਦੇ ਬਣੇ ਨਮਕੀਨ ਪਕੌੜੇ ਜਾਪਦੀਆਂ ਸਨ।

ਇਕ ਨਰਸ 'ਲਾਲੀ ਸਾਹਿਬ' ਦੀ ਪੁਰਾਣੀ ਬੇਲਣ ਸੀ, ਦੂਜੀ ਨਵੀਂ ਸੀ। ਨਰਸ ਨੇ ਕਾਕਿਆਂ ਦੀ ਭੀੜ ਦੇਖ ਕੇ ਕੰਨਾਂ 'ਤੇ ਹੱਥ ਧਰੇ ਸਨ।

ਤੇ ਨਵੀਂ ਦਿਲ ਧਰ ਗਈ ਸੀ।

ਕਾਕੇ ਇਸ ਤਰ੍ਹਾਂ ਨੱਚਣ ਲੱਗ ਪਏ ਸਨ ਜਿਵੇਂ ਗੱਦੜ-ਛੱਲੀਆਂ ਵਾਲੇ ਸੁੰਨੇ ਖੇਤ 'ਚ ਕਿਲਕਾਰੀਆਂ ਮਾਰਦੇ ਹਨ।

"ਸਾਲਿਆ ਆਪਣੇ ਵਾਲੀ ਕਦੋਂ ਮਿਲਣੀ ਐ?" ਇਕ ਕਾਕੇ ਨੇ ਜਸਵੰਤ ਨੂੰ ਬਾਹਰ ਲਿਆ ਕੇ ਪੁੱਛਿਆ। ਉਸ ਨੇ ਕੁਤਰ ਕੁਤਰ ਕੁਚ ਬਣਾਈ ਦਾਹੜੀ 'ਚ ਜ਼ੋਰ ਨਾਲ ਖੁਰਕ ਵੀ ਕੀਤੀ।

"ਤੈਨੂੰ ਪਤੈ?" ਜਸਵੰਤ ਨੂੰ ਬਹੁਤ ਹੈਰਾਨੀ ਹੋਈ।

"ਅਸੀਂ ਪਰਦੇਸ ਨਹੀਂ ਰਹਿੰਦੇ, ਸਾਨੂੰ ਖ਼ਬਰ ਨਾ ਲੱਗੇ।"

ਜਸਵੰਤ ਸੋਚ ਰਿਹਾ ਸੀ ਉਸ ਨੂੰ ਕਿਹੜੇ ਰਾਹ ਖ਼ਬਰ ਪੁੱਜ ਸਕਦੀ ਸੀ?

"ਉਹ ਭਲਾ ਭੀੜ 'ਚ ਸੁੱਟਣ ਵਾਲੀ ਚੀਜ਼ ਐ।"

"ਭੀੜ ਦੀ ਮਾਂ ਦੀ-ਆਪਾਂ ਦੋਵੇਂ। ਮੈਂ ਦੇਖਲਾ ਤੈਥੋਂ ਕਦੇ ਕੋਈ ਨਹੀਂ ਲੁਕਾਈ।"

ਉਸ ਕਾਕੇ ਨੂੰ ਲੁੰਗੀ ਵਾਲੀ ਮੈਡਮ ਦੀ ਖ਼ਬਰ ਲੱਗੀ ਸੀ ਤਾਂ ਉਸ ਨੂੰ ਗਸ਼ੀਆਂ ਪੈ ਪੈ ਜਾਂਦੀਆਂ ਸਨ।

"ਠੀਕ ਹੈ।"

"ਕਦੋਂ?" ਕਾਕਾ ਕਾਹਲਾ ਸੀ।

"ਪਰ ਉਹ ਕਾਲਾ ਨਾਗ ਐ ਜਿਹੜਾ ਕੀਲ 'ਚ ਥੋੜ੍ਹਾ ਠਹਿਰ ਕੇ ਹੀ ਆਊ।"

"ਪਰ ਜਦੋਂ ਆਊ?"

"ਮੰਨਿਆਂ।"

ਦੋਹਾਂ ਨੇ ਕਰੜੇ ਹੱਥ ਮਿਲਾਏ।

ਅੰਦਰ ਚੀਕਾਂ ਪਹਿਲਾਂ ਵਾਂਗ ਹੀ ਵੱਜ ਰਹੀਆਂ ਸਨ। ਖੜਕਾ ਹੁੰਦਾ ਸੀ ਜਿਵੇਂ ਵਾੜੀ 'ਚ ਛੱਤਰੇ ਭੇਡੂ ਭਿੜਦੇ ਸਨ।

ਸੂਰਜ ਟਾਹਲੀਆਂ ਦੇ ਸਿਖਰ ਪੁੱਜਿਆ ਸੀ, ਹੁੰਮ ਬਹੁਤ ਸੀ ਪਰ ਖੁੱਲ੍ਹੇ ਖੇਤਾਂ 'ਚ ਹਵਾ ਦੇ ਝਉਂਕੇ ਚਲਦੇ ਸਨ। ਵਿਸ਼ਰਾਮ ਘਰ 'ਚ ਪੱਖੇ ਚੱਲ ਰਹੇ ਸਨ ਪਰ ਤਦ ਵੀ ਸਭ ਦੇ ਸਰੀਰਾਂ ਨੂੰ ਪਸੀਨਾ ਸੀ-ਸਾਹ ਚੜ੍ਹੇ ਸਨ। ਕਈ ਸ਼ਿਕਾਰੀ ਕੁੱਤਿਆਂ ਵਾਂਗ ਘੁਰਕਦੇ ਸਨ-ਅਜੀਬ ਹਾਸੇ 'ਚੋਂ ਕੋਈ ਕੋਈ ਚੀਕ ਵੀ ਸੁਣਾਈ ਦਿੰਦੀ ਸੀ।

## 22.

**ਉਡ ਗਈ ਕਬੂਤਰ ਬਣ ਕੇ,**
**ਹਰੀਆਂ ਕਣਕਾਂ ਚੋਂ।**

ਸ਼ਾਮ ਸੂਹੀ ਹੋ ਗਈ। ਦਰਖ਼ਤਾਂ ਦੇ ਪੱਤਿਆਂ 'ਤੇ ਰੱਤ ਹੀ ਰੱਤ ਚੋਅ ਗਈ। ਘਰ 'ਚ ਚੁੱਪ ਵਰਤੀ ਸੀ।

ਸਾਰਾ ਦਿਨ ਲੰਘ ਗਿਆ ਸੀ। ਗਿਣਤੀ ਦੀ ਚਾਰ ਵਾਰ ਜ਼ਬਾਨ ਸਾਂਝੀ ਹੋਈ ਸੀ। ਦੋਵੇਂ ਚੁੱਪ ਚੁੱਪ ਦਿਮਾਗੀ ਸੋਚ ਵਿਚ ਡੁੱਬੀਆਂ ਸਨ।

"ਮੈਡਮ ਜੀ, ਮੈਂ ਮਾਮਾ ਜੀ ਨੂੰ ਬੁਲਾਂਦੀ ਹਾਂ-ਉਹ ਵਕੀਲ ਸਨ। ਮੇਰੀ ਸ਼ਾਇਦ ਮਦਦ ਕਰ ਸਕਣ।"

ਸ਼ੀਤਲ ਵਿਚ ਰੂਹ ਆ ਗਈ। ਆਸ ਨਾਲ ਉਸ ਦਾ ਚਿਹਰਾ ਚਮਕ ਉਠਿਆ।

"ਤੁਸੀਂ ਮੈਡਮ ਜੀ ਜਾਓ–ਅਜੇ ਵਕਤ ਹੈ–ਵੀਰ ਆ ਗਿਆ ਕਲੇਸ਼ ਕਰੇਗਾ।"

ਸ਼ੀਤਲ ਤੇ ਮੈਡਮ ਨੂੰ ਜਸਵੰਤ ਦਾ ਸ਼ਿਕਾਰ ਕੁੱਤਿਆਂ ਵਾਲਿਆਂ ਨਾਲ ਰੁਝੇਵੇਂ ਦਾ ਪਤਾ ਲੱਗ ਗਿਆ ਸੀ।

ਮੈਡਮ ਤਿਆਰ ਹੋ ਗਈ।

ਸ਼ੀਤਲ ਨੇ ਕਾਰ ਬੁਲਵਾਈ। ਘਰ ਆਈ ਮੈਡਮ ਦੀ ਆਓ ਭਗਤ ਲਈ ਮਿਠਾਈ ਤੇ ਫਰੂਟ ਦੀ ਟੋਕਰੀ ਕਾਰ 'ਚ ਰੱਖ ਦਿੱਤੀ।

"ਮਾਂ ਜੀ ਇਹ ਕੀ? ਮੈਡਮ ਨੇ ਸੂਟ ਤੇ ਸਵਾ ਸੌ ਨਕਦ ਰੁਪਏ ਵੱਲ ਤਕ ਕੇ ਕਿਹਾ।

"ਇਸ ਘਰ ਦਾ ਰਿਵਾਜ ਹੈ ਕਾਕੀ।"

ਮੈਡਮ ਕੁਛ ਵੀ ਨਾ ਕਹਿ ਸਕੀ।

"ਗਰੀਬੂ, ਕਾਰ ਖੇਤ ਪਾਸ ਦੀ ਨਾ ਲਜਾਈਂ।" ਸ਼ੀਤਲ ਨੇ ਡਰਾਈਵਰ ਨੂੰ ਹਦਾਇਤ ਕੀਤੀ।

"ਸੁਣਿਆ–ਉਪਰਲੇ ਚੱਕਰ ਜਾਈਂ।" ਬਾਪੂ ਜੀ ਨੇ ਡਰਾਈਵਰ ਨੂੰ ਤਾੜਨਾ ਕੀਤੀ।

ਡਰਾਈਵਰ ਅੰਦਰਲੀ ਘੁੰਡੀ ਜਾਣਦਾ ਸੀ ਪਰ ਵੱਡੇ ਸਰਦਾਰ ਦੇ ਹੁਕਮ ਦੀ ਅਦੂਲੀ ਕਰਨਾ ਉਸ ਦੇ ਵੱਸ ਦਾ ਰੋਗ ਨਹੀਂ ਸੀ।

ਕਾਰ ਘਰ ਤੋਂ ਬਾਹਰ ਨਿਕਲ ਗਈ, ਸੜੇ ਪੈਟਰੋਲ ਦਾ ਧੂੰਆਂ ਮਿਟ ਗਿਆ। ਜਸਵੰਤ ਦੀ ਤੇਜ਼ ਜੀਪ ਆ ਕੇ ਇਸ ਤਰ੍ਹਾਂ ਰੁਕੀ ਜਿਵੇਂ ਅਸਮਾਨ 'ਚੋਂ ਡਿੱਗੀ ਹੋਵੇ।

ਜਸਵੰਤ ਉਤਰਦਾ ਹੀ ਕਾਰ ਤੱਕਣ ਗਿਆ। ਕਾਰ ਨਾ ਤੱਕ ਕੇ ਉਸ ਦੇ ਕਾਲਜੇ ਛੁਰੀ ਵੱਜੀ। ਸ਼ੀਤਲ ਵੱਲ ਉਹ ਵੈਰੀਆਂ ਵਾਂਗ ਝਾਕਿਆ।

"ਕਿਹੜਾ ਡਰਾਈਵਰ ਗਿਐ ਛੱਡਣ?" ਜਸਵੰਤ ਨੇ ਮਾਂ ਨੂੰ ਪੁੱਛਿਆ।

"ਗਰੀਬੂ।" ਮਾਂ ਦੀਆਂ ਅੱਖਾਂ ਬਾਹਰ ਆਈਆਂ ਹੋਈਆਂ ਸਨ।

"ਉਹਨੂੰ ਕਾਰ ਚਲਾਣੀ ਵੀ ਆਂਦੀ ਐ? ਨਵੀਂ ਕਾਰ ਦਾ ਸਤਿਆਨਾਸ ਕਰਕੇ ਮੁੜੂ–ਜੇ ਕਿਤੇ ਐਕਸੀਡੈਂਟ ਕਰਤਾ?" ਜਸਵੰਤ ਦੀ ਗੁੱਸੇ 'ਨਾਲ ਜ਼ਬਾਨ ਸੁੱਕਦੀ ਸੀ। ਉਸ ਦਾ ਵੱਸ ਨਹੀਂ ਚਲਦਾ ਸੀ, ਦਿਲ ਕਰਦਾ ਸੀ ਸਾਰੇ ਖ਼ਾਨਦਾਨ ਨੂੰ ਗੋਲੀਆਂ ਨਾਲ ਭੁੰਨ ਛੱਡੇ। ਉਸ ਨੇ ਰਾਹ ਵੱਲ ਕਾਂ ਅੱਖ ਰੱਖੀ ਸੀ ਪਰ ਕਾਰ ਨਜ਼ਰ ਨਹੀਂ ਆਈ ਸੀ। ਉਸ ਨੇ ਆਪਣੇ ਆਪ ਨੂੰ ਲਾਹਣਤ ਪਾਈ ਜਦ ਕਾਰ ਦਾ ਦੂਜਾ ਰਾਹ ਉਸ ਦੇ ਦਿਮਾਗ਼ 'ਚ ਆਇਆ। ਉਸ ਦਾ ਮਨ ਸ਼ਰਾਬੀ ਕਾਕਿਆਂ ਨੂੰ ਗਾਹਲਾਂ ਕੱਢਦਾ ਸੀ ਜਿਨ੍ਹਾਂ ਦੀ ਵਜਾਹ ਨਾਲ "ਮੈਡਮ ਪਟੋਲਾ' ਸੁੱਕੀ ਪੱਤਣ 'ਤੇ ਚੱਲੀ ਗਈ ਸੀ।

"ਤੇਰੇ ਨਾਲੋਂ ਕਾਰ ਚੰਗੀ ਚਲਾਂਦੈ।" ਬਾਪੂ ਨੇ ਦੂਰੋਂ ਕਿਹਾ।

ਜਸਵੰਤ ਗੁੱਸੇ ਨਾਲ ਬੋਲਣ ਲੱਗਿਆ ਚੁੱਪ ਕਰ ਗਿਆ। ਉਸ ਨੇ ਬੇਚੈਨਾਂ ਵਾਂਗ ਵਿਹੜੇ 'ਚ ਗੇੜੇ ਕੱਢੇ। ਮਾਊਜ਼ਰ ਦੀ ਨਾਲੀ ਸਾਫ਼ ਕੀਤੀ ਤੇ ਗੋਲੀ ਚੈਂਬਰ

'ਜ ਚੜ੍ਹਾ ਕੇ ਜੀਪ ਦੀ ਕਿੱਲੀ ਨੱਪ ਬਾਹਰ ਚਲਾ ਗਿਆ। ਜੀਪ ਦਾ ਚਾਨਣ ਹਨੇਰਾ ਚੀਰਦਾ ਖੇਤ ਪਹੁੰਚ ਗਿਆ। ਕਾਕੇ ਜਾ ਚੁੱਕੇ ਸਨ। ਇਕ ਨਰਸ ਪਿਛੇ ਰਹਿ ਗਈ ਸੀ ਜਿਹੜੀ ਜਸਵੰਤ ਦਾ ਵੰਡਾ ਸੀ ਤੇ ਜਿਸ ਨੂੰ ਜਸਵੰਤ ਨੇ ਛੱਡ ਕੇ ਆਉਣਾ ਸੀ।

ਜਸਵੰਤ ਨੇ ਕਾਰ ਦੇ ਟਾਇਰ 'ਚ ਗੋਲੀ ਮਾਰੀ। ਕਾਰ...ਚਿਰਰ ਕਰਕੇ ਰੁਕ ਗਈ। ਗਰੀਬੂ ਬਾਹਰ ਨਿਕਲ ਕੇ ਖੜ੍ਹ ਗਿਆ-ਹਨੇਰੇ 'ਚੋਂ ਹਥੌੜੇ ਵਰਗਾ ਹੱਥ ਉਸ ਦੀ ਜਾਹੜ 'ਤੇ ਵਜਿਆ। ਗਰੀਬੂ ਦੀ ਕੱਟਦੇ ਬੱਕਰੇ ਵਾਂਗ ਮਿਆਂਕ ਨਿਕਲ ਗਈ।

ਜਸਵੰਤ ਨੇ ਗਰੀਬੂ ਨੂੰ ਖਿਦੋ ਵਾਂਗ ਖਿਲਾਰ ਦਿੱਤਾ। ਕਪੜੇ ਪਾਟ ਗਏ। ਗੋਡੇ ਉਚੜ ਗਏ। ਨੱਕ ਮੂੰਹ ਕੰਨਾਂ 'ਚੋਂ ਲਹੂ ਨਿਕਲ ਪਿਆ। ਉਹ ਦੁਹਾਈਆਂ ਦੇ ਰਿਹਾ ਸੀ ਖੇਤ ਦੇ ਨੌਕਰ ਇਕੱਠੇ ਹੋ ਗਏ ਸਨ ਪਰ ਪਾਸੇ ਖੜ੍ਹੇ ਪਾਪੀ ਰੂਹਾਂ ਵਾਂਗ ਕੰਬ ਰਹੇ ਸਨ।

"ਰੱਖ ਸਟੇਰਿੰਗ 'ਤੇ ਹੱਥ" ਜਸਵੰਤ ਨੇ ਕਿਹਾ,"ਇਸੀ ਸਟੇਰਿੰਗ ਨੂੰ ਘੁਮਾ ਕੇ ਲਗਿਆ ਸੀ ਨਾ-ਹੁਣ ਘੁਮਾ" ਜਸਵੰਤ ਗਰੀਬੂ ਦੀਆਂ ਸਟੇਰਿੰਗ 'ਤੇ ਧਰੀਆਂ ਉਂਗਲਾਂ ਨੂੰ ਮਾਊਜ਼ਰ ਦੀ ਹੱਥੀ ਨਾਲ ਕੁਟ ਕੁਟ ਚੂਰ ਕਰ ਰਿਹਾ ਸੀ। ਗਰੀਬੂ ਬਾਂ ਬਾਂ ਕਰਦਾ ਸੀ ਜਿਵੇਂ ਕੋਈ ਖੁੰਢੀ ਆਰੀ ਉਸ ਦੇ ਸਰੀਰ ਨੂੰ ਚੀਰ ਰਹੀ ਸੀ।

ਉਂਗਲਾਂ ਦੀਆਂ ਹੱਡੀਆਂ ਤੋਂ ਮਾਸ ਲੱਥ ਗਿਆ।

ਜਸਵੰਤ ਨੇ ਗਰੀਬੂ ਦੀ ਹਥੇਲੀ ਦੇ ਉਪਰ ਧਰ ਕੇ ਗੋਲੀ ਚਲਾਈ, ਗੋਲੀ ਹੱਥ ਦੀਆਂ ਫਾਕੜਾਂ ਕਰਦੀ ਪਾਰ ਲੰਘ ਗਈ।

ਗਰੀਬੂ ਦੇ ਘੱਗੇ ਗੱਲ ਦੀਆਂ ਚੀਕਾਂ, ਦੁਹਾਈਆਂ ਸ਼ਨ ਸ਼ਨ ਧੰਮ ਖਿੜਕਦੇ ਸਨ। ਜਸਵੰਤ ਦਾ ਗੁੱਸਾ ਠੰਢਾ ਹੋ ਰਿਹਾ ਸੀ।

ਜਸਵੰਤ ਗਰੀਬੂ ਨੂੰ ਇਸ ਤਰ੍ਹਾਂ ਚੁੱਕ ਕੇ 'ਕਤਲਗਾਹ' ਪਾਸ ਲੈ ਗਿਆ ਜਿਵੇਂ ਹਲਾਲ ਕੀਤੇ ਮੁਰਗੇ ਨੂੰ।

"ਨਰਸ ਬਾਹਰ ਆ।"

ਨਰਸ ਕੰਬ ਰਹੀ ਸੀ। ਉਸ ਦੀ ਜ਼ਬਾਨ ਥਿੜਕ ਰਹੀ ਸੀ।

"ਫਸਟ-ਏਡ ਵਾਲਾ ਡੱਬਾ ਲਿਆਓ।" ਜਸਵੰਤ ਦੀ ਖ਼ੂਨੀ ਆਵਾਜ਼ ਸੁੰਨ ਰੋਹੀ ਵਿਚ ਦੀ ਇਸ ਤਰ੍ਹਾਂ ਲੰਘ ਰਹੀ ਸੀ ਜਿਵੇਂ ਮਾਊਜ਼ਰ ਦੀ ਲੰਮੀ ਗੋਲੀ ਗਰੀਬੂ ਦੀ ਹਥੇਲੀ ਵਿਚੋਂ ਲੰਘੀ ਸੀ।

"ਇਹਦੀ ਪੱਟੀ ਕਰ ਨਰਸੇ।"

ਨਰਸ ਨੇ ਗਰੀਬੂ ਦੇ ਲੀਰਾਂ ਹੋ ਚੁੱਕੇ ਹੱਥ ਨੂੰ ਤੱਕਿਆ।

"ਹੱਥ ਹਸਪਤਾਲ ਜਾ ਕੇ ਠੀਕ ਹੋਏਗਾ, ਦੇਰ ਹੋ ਗਈ ਤਾਂ ਕੱਟਣਾ ਪਏਗਾ।"

"ਕੱਟਣਾ ਪਏਗਾ ਤਾਂ ਕੱਟ ਦੇਣਾ।" ਜਸਵੰਤ ਦੀਆਂ ਅੱਖਾਂ ਚੋਂ ਉਸੀ ਤਰ੍ਹਾਂ ਖ਼ੂਨ ਝਰ ਰਿਹਾ ਸੀ।

ਗਰੀਬੂ ਪੀੜ ਨਾਲ ਬੇਹੋਸ਼ ਸੀ। ਚੀਕਦਾ ਸੀ ਪਰ ਸੰਘ ਬੋਲਣੋਂ ਹਟ ਗਿਆ ਸੀ।

"ਹੱਥ ਕੱਟਿਆ ਖ਼ੂਨ ਵਗ ਜਾਏਗਾ ਇਹ ਥਾਂ 'ਤੇ ਹੀ ਮਰ ਜਾਏਗਾ।" ਨਰਸ ਕੰਬਦੀ ਆਵਾਜ਼ 'ਤੇ ਬੜਾ ਕਾਬੂ ਪਾ ਕੇ ਬੋਲ ਰਹੀ ਸੀ।

ਜਸਵੰਤ ਦੀ ਜੀਪ ਹਸਪਤਾਲ ਪਹੁੰਚ ਗਈ।

ਜਸਵੰਤ ਨੇ ਬਟੂਆ ਖੋਲ੍ਹ ਦਿੱਤਾ।

ਡਾਕਟਰ ਨੇ ਗਰੀਬੂ ਦਾ ਹੱਥ ਸੀ ਦਿੱਤਾ। ਰਾਤ ਲੰਘ ਗਈ ਸੀ। ਗਰੀਬੂ ਵੀਹ ਦਿਨ ਹਸਪਤਾਲ 'ਚ ਰਹਿ ਕੇ ਪਤਾ ਨਹੀਂ ਕਿਧਰ ਚਲਾ ਗਿਆ। ਗਰੀਬੂ ਨੇ ਇਸ ਘਰ 'ਚ ਹੀ ਹੋਸ਼ ਸੰਭਾਲੀ ਸੀ।

ਜਸਵੰਤ ਸ਼ਰਾਬ ਦੀ ਬੋਤਲ ਤੇ ਬੋਤਲ ਖਾਲੀ ਕਰ ਰਿਹਾ ਸੀ। ਅੱਖ ਪਟਦਾ ਸੀ ਨਾ ਰੋਟੀ ਖਾਂਦਾ ਸੀ। ਵਿਸ਼ਰਾਮ ਘਰ 'ਚੋਂ ਗੰਦੀ ਬੂ ਆ ਰਹੀ ਸੀ।

ਮਾਂ, ਜਸਵੰਤ ਦੀ ਬਹੂ ਉਠਾਣ ਦਾ ਤਾਣ ਲਾ ਕੇ ਮੁੜ ਗਈਆਂ ਸਨ।

"ਤੁਸੀਂ ਜਾ ਕੇ ਹਟਾਉ।"

"ਕਿਉਂ ਹਟਾਵਾਂ?"

"ਉਹ ਮਰ ਜਾਏਗਾ।"

"ਚੰਗਾ ਇਸ ਧਰਤੀ ਤੋਂ ਇਕ ਪਾਪੀ ਘਟ ਜਾਏਗਾ–ਦੁਸ਼ਟ ਮੇਰੇ ਘਰੇ ਕਿਉਂ ਪੈਦਾ ਹੋਇਆ?" ਬਜ਼ੁਰਗ ਗਹਿਰੇ ਦੁੱਖ ਨਾਲ ਕਰਾਹ ਰਿਹਾ ਸੀ।

ਜਸਵੰਤ ਘਰ ਆ ਗਿਆ, ਉਸ ਨੂੰ ਪੂਰੀ ਹੋਸ਼ ਸੀ। ਉਸ ਦੇ ਹੱਥ ਮਾਊਜ਼ਰ ਸੀ। ਉਸ ਨੇ ਘਰ ਦੀਆਂ ਦੀਵਾਰਾਂ ਵਿਚ ਗੋਲੀਆਂ ਮਾਰੀਆਂ। ਉਹ ਖ਼ੂਨੀਆਂ ਵਾਂਗ ਚੀਕ ਰਿਹਾ ਸੀ। ਫੇਰ ਉਹ ਬੇਹੋਸ਼ਾਂ ਵਾਂਗ ਡਿੱਗ ਪਿਆ ਜਿਹੜਾ ਹਫ਼ਤਾ ਹੋਰ ਬੇਹੋਸ਼ ਪਿਆ ਰਿਹਾ।

## 23.

**ਪੱਲੇ ਰਿਜ਼ਕ ਨਾ ਬੰਨ੍ਹਦੇ,**
**ਪੰਛੀ ਤੇ ਦਰਵੇਸ਼।**

ਰਣਜੀਤ ਲਈ ਇਕ ਰਾਤ ਡੇਢ ਦਿਨ ਯੁੱਗ ਬਣ ਗਿਆ। ਉਸ ਪਾਸੋਂ ਸਭ ਕੁਛ ਖੁਸ ਗਿਆ ਸੀ। ਮੈਡਮ ਯਾਰ ਬਿਨਾਂ ਕਾਲਜ ਉਸ ਨੂੰ ਸੁੰਨਾ ਤੇ ਜੱਗ ਹਨੇਰਾ ਲਗਦਾ ਸੀ।

ਰਾਤ ਦੇ ਹਨੇਰੇ 'ਚ ਮੈਡਮ ਰਣਜੀਤ ਦੇ ਘਰ ਪਹੁੰਚੀ ਤਾਂ ਉਹ ਸ਼ਰਾਬ ਦੀ ਬੋਤਲ ਨਾਲ ਗੱਲਾਂ ਕਰ ਰਿਹਾ ਸੀ। ਮੈਡਮ ਨੇ ਉਸ ਦੇ ਮੂੰਹ ਨਾਲੋਂ ਗਲਾਸ ਲਾਹ ਲਿਆ।

"ਤੂੰ ਸੱਚ ਹੀ ਆ ਗਈ?"

"ਹੋਰ ਮੂੰਹ ਤੋਂ ਕੌਣ ਲਾਹ ਸਕਦੈ?" ਮੈਡਮ ਦਾ ਦਿਲ ਗਲਾਸ ਦੀ ਥਾਂ ਹੋਂਠ ਧਰਨ ਨੂੰ ਕਰ ਆਇਆ ਸੀ।

"ਕੀ ਸੁਨੇਹਾ ਲੈ ਆਈ?"

"ਸੁਖ ਦਾ।" ਮੈਡਮ ਨੇ ਕਹਿ ਦਿੱਤਾ ਪਰ ਉਹ ਇਹ ਤਾਂ ਸੋਚ ਆਈ ਹੀ ਨਹੀਂ ਸੀ ਕਿਹੜੀਆਂ ਗੱਲਾਂ ਦਾ ਕੀ ਜਵਾਬ ਦੇਵੇਗੀ।

"ਹੋ ਨਹੀਂ ਸਕਦਾ।"

"ਅਸੀਂ ਆਸ ਨਹੀਂ ਛੱਡਣੀ ਮੇਰੇ ਯਾਰ।"

"ਤੂੰ ਕਹਿੰਦੀ ਹੈਂ ਨਹੀਂ ਛੱਡਦੇ-ਕਾਸ਼ ਮੈਂ ਪਾਪ ਨਾ ਕੀਤਾ ਹੁੰਦਾ ਤਾਂ ਮੈਂ ਸ਼ੀਤਲ ਤੋਂ ਮੁਆਫੀ ਮੰਗਦਾ-ਉਸ ਦੀ ਖ਼ੁਸ਼ੀ ਦੀ ਦੁਆ ਮੰਗਦਾ।" ਰਣਜੀਤ ਗਹਿਰੇ ਦੁੱਖ 'ਚ ਸਿਰ ਫੇਰ ਰਿਹਾ ਸੀ।

"ਕਾਸ਼! ਅਸੀਂ ਜੰਮੇ ਨਾ ਹੁੰਦੇ-ਜਵਾਨ ਹੋਏ ਨਾ ਹੁੰਦੇ।"

"ਤੂੰ ਹੱਸ ਰਹੀ ਹੈਂ।"

"ਤੇਰੇ ਵਾਂਗ ਰੋਣਾ ਨਹੀਂ ਸਿੱਖਿਆ-ਇਕ ਨੂੰ ਤਾਂ ਹੱਸਣਾ ਹੀ ਚਾਹੀਦੈ ਜੇਕਰ ਦੂਜਾ ਰੋਂਦਾ ਹੋਵੇ।"

"ਸ਼ੀਤਲ ਨੂੰ ਕਹਿ ਆਉਣਾ ਸੀ ਸਬਰ ਕਰੇ-ਮੇਰੇ ਗੁਨਾਹ ਨੂੰ ਭੁਲਾ ਦੇਵੇ।"

"ਕਿਉਂ ਹੌਂਸਲਾ ਹਾਰਦੈਂ-ਸਭ ਠੀਕ ਹੈ-ਉਸ ਦੇ ਬਾਪੂ ਜੀ ਰਾਜ਼ੀ ਹਨ। ਚੰਗਾ ਚਲਦੀ ਹਾਂ ਨੀਚੇ ਕਾਰ ਉਡੀਕ ਰਹੀ।"

"ਤੂੰ ਵੀ ਤੁਰ ਚੱਲੀ ਬੋਤਲ ਵੀ ਲੈ ਚੱਲੀ।"

"ਮੈਂ ਤਾਂ ਤੇਰੇ ਕੋਲ ਹੀ ਹਾਂ।" ਮੈਡਮ ਨੇ ਮੁੜ ਕੇ ਉਸਦੀਆਂ ਬਾਹਾਂ 'ਚ ਵੜ ਕੇ ਨਸ਼ਈ ਅੱਖਾਂ 'ਚ ਘੁਲ ਕੇ ਮੁਸਕਾਂਦਿਆਂ ਕਿਹਾ।

ਇਕੱਲਾ ਰਣਜੀਤ ਵੈਰਨ ਲੇਖਾਂ ਦੀ ਖੇਡ ਬਾਰੇ ਸੋਚ ਸੋਚ ਹੱਸਦਾ ਤੇ ਰੋਂਦਾ ਰਿਹਾ। ਹੱਸਦਾ ਸੀ ਜਿਵੇਂ ਪਾਗਲ ਹੱਸਦੇ ਹਨ।

ਮੈਡਮ ਹੋਸਟਲ ਪਹੁੰਚੀ ਤਾਂ ਕੁੜੀਆਂ ਨੇ ਭੀੜ ਕਰ ਲਈ। ਉਹ ਬਹੁਤ ਵੱਡੀ ਖ਼ਬਰ ਦੀ ਉਡੀਕ ਕਰ ਰਹੀਆਂ ਸਨ। ਮੈਡਮਾਂ ਵੀ ਬਹੁਤ ਬੇਸਬਰ ਸਨ।

ਮੈਡਮ ਨੂੰ ਪ੍ਰਿੰਸੀਪਲ ਦਾ ਬੁਲਾਵਾ ਆ ਗਿਆ।

"ਗੱਲ ਸਿਰੇ ਚੜ੍ਹ ਗਈ?"

"ਤਕਬੀਰਨ। ਪਰ ਅਜੇ ਥੋੜ੍ਹਾ ਸਮਾਂ ਲੱਗੇਗਾ।" ਮੈਡਮ ਪਾਸ ਝੂਠ ਬੋਲਣ ਤੋਂ ਸਿਵਾਏ ਕੋਈ ਵੀ ਰਾਹ ਨਹੀਂ ਸੀ।

"ਪਰ ਮੈਂ ਸੋਚਦੀ ਹਾਂ ਰਣਜੀਤ ਉਸ ਘਰ ਦੀ ਲੜਕੀ ਦੇ ਕਾਬਲ ਹੈ?"

ਮੈਡਮ ਪ੍ਰਿੰਸੀਪਲ ਰਣਜੀਤ ਦੇ ਖਿਲਾਫ਼ ਸੀ। ਰਣਜੀਤ ਆਪਣੇ ਗੁਣ ਕਰਕੇ ਟਿਕਿਆ ਸੀ। ਮੈਡਮ ਪ੍ਰਿੰਸੀਪਲ ਦੀ ਛਾਤੀ 'ਤੇ ਮੂੰਗ ਦਲਦੀ ਸੀ।

ਰਣਜੀਤ ਵਿਚ ਕੋਈ ਐਬ ਨਹੀਂ ਸੀ। ਮੈਡਮ ਪ੍ਰਿੰਸੀਪਲ ਉਸ ਦੇ ਖਿਲਾਫ਼ ਕਿਉਂ ਸੀ? ਇਸ ਦਾ ਕੋਈ ਜਵਾਬ ਨਹੀਂ ਸੀ।

ਮੈਡਮ ਪ੍ਰੋਫੈਸਰ ਥੋੜ੍ਹਾ ਚਿਰ ਬੈਠ ਕੇ ਪਰਤ ਆਈ। ਉਸ ਦੇ ਦਿਮਾਗ ਨੂੰ ਝਟਕੇ ਲੱਗ ਰਹੇ ਸਨ। ਕਿਉਂ ਰਣਜੀਤ ਸ਼ੀਤਲ ਦੇ ਕਾਬਲ ਨਹੀਂ ਸੀ? ਇਸ ਕਰਕੇ ਕਿ ਸ਼ੀਤਲ ਅਮੀਰ ਘਰ ਦੀ ਲੜਕੀ ਸੀ? ਇਸ ਸੰਸਾਰ 'ਚ ਧਨ ਹੀ ਸਭ ਕੁਛ ਹੈ।

ਸੰਸਾਰ ਦੂਜੇ ਦਾ ਚੰਗਾ ਜਰ ਨਹੀਂ ਸਕਦਾ ਤਾਂ ਦੂਜੇ ਦੇ ਬੁਰੇ ਦਿਨਾਂ ਤੋਂ ਡਰਦਾ ਕਿਉਂ ਨਹੀਂ ?

ਮੈਡਮ ਹਨੇਰੇ 'ਚ ਡੁਬਦੀ ਰਹੀ।

ਫਿਕਾ ਜਿਹਾ ਦਿਨ ਚੜ੍ਹਿਆ। ਰੋਜ਼ਾਨਾ ਦਾ ਰੁਝੇਵਾਂ ਮੈਡਮ ਨੂੰ ਖਿਚ ਨਹੀਂ ਰਿਹਾ ਸੀ। ਕਿਸ ਤਰ੍ਹਾਂ ਦੀ ਉਦਾਸੀ ਛਾਈ ਸੀ-ਮੈਡਮ ਨੂੰ ਸਮਝ ਨਹੀਂ ਪੈ ਰਹੀ ਸੀ।

ਰਣਜੀਤ ਕਾਲਜ ਆਇਆ ਤਾਂ ਹਰ ਲੜਕੀ ਉਸ ਨੂੰ ਮੁਸਕਾਂਦੀ ਤੱਕ ਰਹੀ ਸੀ। ਰਣਜੀਤ ਦੇ ਚਿਹਰੇ 'ਤੇ ਉਦਾਸੀ ਦੀ ਤਹਿ ਜੰਮੀ ਹੋਈ ਸੀ।

"ਵਧਾਈ ਹੋਵੇ ਪ੍ਰੋਫੈਸਰ ਸਾਹਿਬ", ਕੰਵਲ ਆਸ ਪਾਸ ਦੇਖ ਕੇ ਰਣਜੀਤ ਦੇ ਕੋਲ ਪਹੁੰਚ ਗਈ।

"ਕਾਹਦੀ ?" ਰਣਜੀਤ ਨੂੰ ਕੁਛ ਵੀ ਤਾਂ ਯਾਦ ਨਹੀਂ ਸੀ।

"ਅਸੀਂ ਤੁਹਾਡੀ ਨਿਗਾਹ ਨਹੀਂ ਚੜ੍ਹੇ-ਕੁਛ ਛੁਪਾਉ ਤਾਂ ਨਾ।" ਕੁੜੀ ਦੇ ਸ਼ਿਕਵੇ 'ਚ ਟੁਟੇ ਦਿਲ ਦੀ ਤਾਰ ਬੋਲ ਗਈ ਸੀ।

ਰਣਜੀਤ ਚਾਣਚੱਕ ਕੰਵਲ ਦੀਆਂ ਅੱਖਾਂ 'ਚ ਝਾਕਿਆ-ਕੰਬਦੇ ਬੇਬਸ ਹੰਝੂਆਂ ਨਾਲ ਕਿਨਾਰੇ ਲੱਗੀਆਂ ਹੋਈਆਂ ਸਨ।

"ਮੈਂ ਇਕ ਫੈਸਲਾ ਕੀਤੈ ?" ਰਣਜੀਤ ਮੈਡਮ ਨੂੰ ਕਹਿ ਰਿਹਾ ਸੀ।

"ਕੀ ?"

"ਮੈਨੂੰ ਕਾਲਜ ਨਹੀਂ ਛੱਡੇਗਾ-ਮੈਂ ਚੁੱਪ ਕਰਕੇ ਕਿਤੇ ਤੁਰ ਜਾਨਾਂ।

"ਮੈਂ ਤੈਨੂੰ ਤੰਗ ਕਰਦੀ ਹਾਂ।"

"ਐਂ ਨਾ ਕਹਿ ਯਾਰ।"

"ਤਾਂ ਕੀ ਕੇਵਲ ਤੈਨੂੰ ਹੀ ਮੇਰਾ ਦਿਲ ਤੋੜਨ ਦਾ ਅਧਿਕਾਰ ਹੈ-ਯਾਰ ਰਣਜੀਤ ਜੀਆਂਗੇ ਤਾਂ ਇਕੱਠੇ-ਮਰਾਂਗੇ ਤਾਂ ਇਕੱਠੇ।"

"ਔਰ ਸ਼ੀਤਲ ?"

"ਮੈਂ ਉਸ ਦੀ ਥਾਂ ਨਹੀਂ ਖੋਹਾਂਗੀ-ਅੱਖਾਂ ਸਾਹਵੇਂ ਵਸ ਮਿੱਤਰਾ ਰੱਬ ਵਰਗਾ ਆਸਰਾ ਤੇਰਾ।"

"ਮੈਡਮ ਮੈਂ ਕਮਜ਼ੋਰ ਦਿਲ ਆਦਮੀ ਹਾਂ-ਹੁਣ ਮੈਨੂੰ ਤੈਨੂੰ ਛੱਡਕੇ ਸ਼ੀਤਲ ਨੂੰ ਪਾਣਾ ਔਖਾ ਲਗਦੈ।"

"ਆਪਾਂ ਮੱਖਣਾ ਅਗਲੇ ਜਨਮ ਇਕੱਠੇ ਜੀਆਂਗੇ।"

"ਆਪਣੇ ਆਪ ਨੂੰ ਕਿੰਨੇ ਵੱਡੇ ਝੂਠ ਤੇ ਵਰਚਾਇਆ ਜਾ ਰਿਹੈ।"

"ਇਹ ਝੂਠ ਨਹੀਂ ਸੱਚ ਹੈ ਯਾਰ।" ਮੈਡਮ ਸੁਪਨੇ 'ਚ ਸੁਆਦ ਸੁਆਦ ਹੋਈ ਬੈਠੀ ਸੀ।

ਟੱਲੀ ਖੜਕੀ, ਰੀਸੈਸ ਹੋ ਗਈ। ਹੁਣ ਸਟਾਫ਼ ਦੀ ਮੀਟਿੰਗ ਸੀ। ਪ੍ਰਿੰਸੀਪਲ ਦੇ ਕਮਰੇ 'ਚ ਸਾਰਾ ਸਟਾਫ਼ ਹਾਜ਼ਰ ਸੀ। ਹਰ ਕੋਈ ਰਣਜੀਤ ਵੱਲ ਝਾਕ ਰਿਹਾ ਸੀ। ਝਾਕਣ ਦਾ ਤਰੀਕਾ, ਮਨਸ਼ਾ ਸਭ ਦਾ ਆਪਣਾ ਆਪਣਾ ਸੀ।

"ਮੀਟਿੰਗ ਮੂੰਹ ਮਿੱਠਾ ਕਰਕੇ ਸ਼ੁਰੂ ਕਰਨੀ ਹੈ ਜਾਂ?" ਹਿੰਦੀ ਵਾਲੀ ਮੈਡਮ ਨੇ ਕਿਹਾ। ਉਹ ਬੜਾ ਘੂਰ ਘੂਰ ਕੇ ਝਾਕ ਰਹੀ ਸੀ ਜਿਵੇਂ ਸਾਹਮਣੇ ਰਣਜੀਤ ਨਹੀਂ ਹੈਡ-ਕੁਕ ਸੀ।

"ਹਾਂ ਬੋਲੋ ਰਣਜੀਤ ਜੀ।" ਪ੍ਰਿੰਸੀਪਲ ਨੇ ਪੁੱਛਿਆ।

"ਜੀ?" ਰਣਜੀਤ ਸੁਪਨੇ ਜਿਹੇ 'ਚੋਂ ਚੌਂਕਿਆ।

ਇਸ ਤੋਂ ਪਹਿਲਾਂ ਕਿ ਕੋਈ ਹੋਰ ਗੱਲ ਤੁਰੇ ਹਿੰਦੀ ਵਾਲੀ ਮੋਟੋ ਗੁਲਾਬ ਜਾਮਨ ਦੀਆਂ ਪਲੇਟਾਂ 'ਤੇ ਚਾਹ ਲੈ ਆਈ।

ਸਭ ਕੁਛ ਖਾਧਾ ਪੀਤਾ ਗਿਆ। ਰਣਜੀਤ ਨੇ ਪੈਸੇ ਵੀ ਦੇ ਦਿੱਤੇ ਪਰ ਉਸ ਨੂੰ ਇਹ ਪਤਾ ਨਹੀਂ ਸੀ ਇਹ ਸਾਰਾ ਕੁਛ ਕਿਉਂ ਸੀ।

ਮੀਟਿੰਗ ਹੋਈ। ਅਗਲੇ ਮਹੀਨੇ ਕਲਚਰਲ ਪ੍ਰੋਗਰਾਮ ਕਰਨਾ ਸੀ। ਡਿਊਟੀਆਂ ਲਾਣੀਆਂ ਸਨ।

"ਪ੍ਰੋਗਰਾਮ ਦੀ ਤਿਆਰੀ ਰਣਜੀਤ ਜੀ ਕਰਨਗੇ।" ਪ੍ਰਿੰਸੀਪਲ ਨੇ ਕਿਹਾ, ਸਭ ਨੇ ਗੱਲ ਦੀ ਤਾਈਦ ਕੀਤੀ।

"ਜੀ ਮੈਂ? ਮੈਂ ਇਸ ਵਾਰ, ਨਹੀਂ ਕਰ ਸਕਾਂਗਾ।"

"ਕਿਉਂ ਜੀ?"

"ਮੇਰਾ ਮੈਡਮ ਜੀ ਦਿਮਾਗ ਸੁੰਨ ਜਿਹਾ ਹੋਇਆ ਪਿਐ-ਮੈਨੂੰ ਕੁਛ ਸੁਝ ਨਹੀਂ ਰਿਹਾ।" ਰਣਜੀਤ ਸੁੱਤਾ ਸੁੱਤਾ ਗੱਲਾਂ ਕਰਦਾ ਲਗਦਾ ਸੀ।

"ਖ਼ੁਸ਼ੀ ਨਾਲ ਇਸ ਤਰ੍ਹਾਂ ਹੀ ਹੁੰਦੈ।"

"ਫੇਰ ਖ਼ੁਸ਼ੀ ਕਿਹੜਾ ਛੋਟੀ ਮੋਟੀ ਹੈ।"

"ਪਤਾ ਨਹੀਂ ਕੀ ਪੁੰਨ ਕੀਤਾ ਸੀ।"

"ਅਗਲੀ ਨੇ ਵੀ ਘੱਟ ਨਹੀਂ ਕੀਤਾ ਹੋਣਾ।"

ਰਣਜੀਤ ਲਈ ਅਜੀਬ ਪਰ ਰੰਗ-ਬਰੰਗੀਆਂ ਗੱਲਾਂ 'ਚ ਮੀਟਿੰਗ ਖਤਮ ਹੋ ਗਈ। ਪ੍ਰੋਗਰਾਮ ਦੀ ਤਿਆਰੀ ਰਣਜੀਤ ਤੇ ਮੈਡਮ ਦੇ ਹੀ ਜ਼ਿਮੇਂ ਸੀ।

ਸਭ ਖ਼ੁਸ਼ ਸਨ ਪਰ ਮੈਡਮ ਨਾ ਰਣਜੀਤ।

ਮੈਡਮ ਨੂੰ ਚਿੰਤਾ ਹੋ ਗਈ-ਪਤਾ ਨਹੀਂ ਕਿਉਂ ਰਣਜੀਤ ਨਿੱਘਰਦਾ ਹੀ ਜਾ ਰਿਹਾ ਸੀ-ਉਸ ਦਾ ਦਿਮਾਗ ਸੱਚ ਹੀ ਸੁੰਨ ਹੋ ਗਿਆ ਸੀ।

ਮੈਡਮ ਨੇ ਅੱਧੇ ਦਿਨ ਤਕ ਰਣਜੀਤ ਨੂੰ ਉਡੀਕਿਆ ਤੇ ਭਾਲਿਆ ਵੀ। ਉਹ ਪਾਗਲ ਹੋ ਉਠੀ ਜਦ ਰਣਜੀਤ ਦੀ ਰੂਹ ਨਜ਼ਰ ਨਾ ਆਈ।

"ਰਣਜੀਤ ਜੀ ਨਹੀਂ ਆਏ?" ਮੈਡਮ ਨੇ ਕਲਰਕ ਨੂੰ ਪੁੱਛਿਆ।

"ਹੀ ਇਜ਼ ਆਨ ਲੀਵ।"

"ਫਾਰ ਹਊ ਮੈਨੀ ਡੇ?" ਮੈਡਮ ਦੀ ਚੰਘਿਆੜ ਨਿਕਲ ਗਈ।

"ਕੇਵਲ ਅੱਜ ਦਾ ਦਿਨ।"

ਮੈਡਮ ਦਾ ਸਾਹ ਵਾਪਸ ਆਇਆ।

ਬੜੀ ਮੁਸ਼ਕਲ ਨਾਲ ਦਿਨ ਟੱਪਿਆ। ਰਾਤ ਬੀਤੀ, ਸਵੇਰੇ ਕਾਲਜ ਲੱਗਣ ਦਾ ਸਮਾਂ ਹੋਇਆ।

ਰਣਜੀਤ ਨੂੰ ਦੇਖ ਕੇ ਮੈਡਮ ਦੀ ਢਾਹ ਨਿਕਲ ਗਈ। ਦਿਲ ਕਰਦਾ ਸੀ ਉਸ ਦੇ ਗਲ ਲੱਗ ਜ਼ਾਰ ਜ਼ਾਰ ਰੋਵੇ।

"ਦੱਸ ਕੇ ਨਹੀਂ ਜਾਣਾ ਸੀ ? ਕੀ ਮੈਂ ਤੇਰੀ ਕੁਛ ਨਹੀਂ ਲੱਗਦੀ ?" ਮੈਡਮ ਬੜੀ ਹੀ ਰੁਖੀ ਜ਼ਬਾਨ 'ਚ ਬੋਲ ਰਹੀ ਸੀ।

"ਮੈਨੂੰ ਅਚਾਨਕ ਆ ਕੇ ਲੈ ਗਏ।"

"ਕੌਣ ?"

"ਘਰ ਵਾਲੇ।"

"ਘਰ ਵਾਲੇ ? ਕਾਹਦੇ ਲਈ ?"

"ਮੈਡਮ ਮਰਦਾ ਜਾਨਵਰ ਪੀੜ 'ਚ ਕਰ੍ਹਾ ਰਿਹਾ ਹੁੰਦੈ ਤੇ ਪੋਸ਼ ਲਾਹੁਣ ਵਾਲੇ ਰੰਬੀਆਂ ਫੜੀ ਉਡੀਕਦੇ ਹੁੰਦੇ ਨੇ ਕਿ ਇਹ ਛੇਤੀ ਮਰਦਾ ਕਿਉਂ ਨਹੀਂ। ਉਨ੍ਹਾਂ ਨੇ ਖੱਲ ਉਤਾਰਨੀ ਹੁੰਦੀ ਹੈ। ਮੈਂ ਜ਼ਿੰਦਾ ਹੀ ਖੱਲ ਖੁਦ ਲਾਹ ਕੇ ਦੇ ਆਇਆ ਹਾਂ।

"ਮੈਨੂੰ ਤੇਰੀ ਕਹਾਣੀ ਦੀ ਸਮਝ ਨਹੀਂ ਆਈ।"

ਰਣਜੀਤ ਨੂੰ ਉਸ ਦਾ ਚਾਚਾ ਲੈਣ ਆ ਗਿਆ ਸੀ। ਉਸ ਭੱਜ ਨੱਠ ਕਰਕੇ ਬੜੀ ਮੁਸ਼ਕਿਲ ਨਾਲ ਤਸੀਲਦਾਰ ਦਾ ਦੌਰਾ ਰਖਵਾਇਆ ਸੀ। ਰਣਜੀਤ ਦਾ ਬਿਆਨ ਕਰਾ ਕੇ ਜ਼ਮੀਨ ਦਾ ਹੱਕ ਲਿਆ ਸੀ।

ਸਾਰਾ ਪਿੰਡ ਮੂੰਹ 'ਚ ਉਂਗਲਾਂ ਪਾਈ ਟੁਚ ਟੁਚ ਕਰ ਰਿਹਾ ਸੀ। ਕਈ ਰਣਜੀਤ ਨੂੰ ਮੂਰਖ਼ ਕਹਿ ਰਹੇ ਸਨ।

ਬਿਆਨ ਦੇਣ ਮਗਰੋਂ ਰਣਜੀਤ ਹੋਰ ਹਲਕਾ ਹਲਕਾ ਮਹਿਸੂਸ ਕਰ ਰਿਹਾ ਸੀ।

"ਚਾਚਾ ਜੀ ਮੇਰੇ ਜ਼ਿਮੇਂ ਹੋਰ ਕੋਈ ਸੇਵਾ ਤਾਂ ਬਾਕੀ ਨਹੀਂ ਰਹਿ ਗਈ ?"

ਚਾਚੀ ਫੁਟ ਫੁਟ ਰੋਂਦੀ ਸੀ।

"ਪੁੱਤ ਮਾਂ ਦੇ ਹੱਥ ਦੀ ਰੋਟੀ ਤਾਂ ਖਾਂਦਾ ਜਾ।"

"ਖਾਂਦਾ ਹੀ ਐਡਾ ਹੋਇਆਂ ਚਾਚੀ ਜੀ।"

ਰਣਜੀਤ ਪਰਤ ਆਇਆ ਸੀ।

ਮੈਡਮ ਰੋ ਪਈ ਸੀ ਪਰ ਕਿਸ ਗੱਲ 'ਤੇ ਉਸ ਨੂੰ ਪਤਾ ਨਹੀਂ ਸੀ। ਉਸ ਸ਼ੁਕਰ ਕੀਤਾ ਰਣਜੀਤ ਸਲਾਮਤ ਉਸ ਦੇ ਸਾਹਮਣੇ ਖੜ੍ਹਾ ਸੀ।

"ਤੈਨੂੰ ਆਪਣੀ ਇਸ ਜੋਗਨ ਦੀ ਕਸਮ ਜੇ ਤੂੰ ਮੈਨੂੰ ਦੱਸੇ ਬਿਨਾਂ ਪਾਣੀ ਵੀ ਪੀਣ ਜਾਵੇਂ।"

'ਚੰਗਾ-ਪਰ ਇਕ ਵਾਰ ਬਿਨਾਂ ਦੱਸੇ ਜਾਵਾਂਗਾ।"

ਮੈਡਮ ਝਾਕ ਰਹੀ ਸੀ ਕਿਤੇ ਰਣਜੀਤ ਦਾ ਦਿਮਾਗ ਤਾਂ ਨਹੀਂ ਹਿੱਲ ਗਿਆ ਸੀ।

"ਨਹੀਂ ਘਬਰਾ ਨਾ ਮੈਡਮ।" ਰਣਜੀਤ ਮੈਡਮ ਦੀਆਂ ਅੱਖਾਂ 'ਚ ਚੜ੍ਹ ਗਿਆ ਸੀ।

ਵਿਆਹ ਕਰਵਾ ਮਿੱਤਰਾ,
ਤੈਨੂੰ ਨੱਤੀਆਂ, ਬਹੂ ਨੂੰ ਫੁੱਲ ਪਾਵਾਂ।

ਰਣਜੀਤ ਮੈਡਮ ਵੱਲ ਝਾਕਦਾ ਰਿਹਾ।

ਰਣਜੀਤ ਹੱਡ ਵਾਂਗ ਚਿੱਟਾ ਤੇ ਮੈਡਮ ਹਲਦੀ ਵਾਂਗ ਪੀਲੀ ਹੁੰਦੀ ਜਾ ਰਹੀ ਸੀ। ਵਿਚੇ ਵਿਚ ਕੀ ਹੁੰਦਾ ਜਾ ਰਿਹਾ ਸੀ-ਕਿਸੇ ਨੂੰ ਵੀ ਕੁਛ ਪਤਾ ਨਹੀਂ ਲਗ ਰਿਹਾ ਸੀ।

ਸਟੂਡੈਂਟ ਨੂੰ ਹੁਣ ਰਣਜੀਤ ਦੀ ਪੜ੍ਹਾਈ ਤੋਂ ਪਹਿਲਾਂ ਵਾਲੀ ਤਸੱਲੀ ਨਹੀਂ ਸੀ। ਬੱਚੇ ਰੀਹਰਸਲ ਕਰਨ ਵਾਲੇ ਵੀ ਨੱਕ ਬੁਲ੍ਹ ਕੱਢਦੇ ਸਨ।

ਰਣਜੀਤ ਦੇ ਨਕਸ਼ਾਂ 'ਚ ਮੌਤ ਦੇ ਨਕਸ਼ ਉਭਰਦੇ ਆ ਰਹੇ ਸਨ। ਸਾਰਾ ਕਾਲਜ ਹੈਰਾਨ ਸੀ।

ਮੈਡਮ ਸੋਚਦੀ ਥੱਕ ਰਹੀ ਸੀ ਪਰ ਕੋਈ ਰਾਹ ਨਹੀਂ ਲੱਭਦਾ ਸੀ। ਕਲ੍ਹ ਸ਼ੀਤਲ ਦੀ ਚਿੱਠੀ ਮਿਲੀ ਸੀ। ਸ਼ੀਤਲ ਨੇ ਲਿਖਿਆ ਸੀ-"ਕੰਧ ਨੂੰ ਰੇਹੀ ਦੇ ਖਾਣ ਵਾਂਗ ਮੈਨੂੰ ਦਿਨਾਂ ਦੀ ਸੁਸਤ ਚਾਲ ਖਾਂਦੀ ਜਾ ਰਹੀ ਹੈ। ਮਾਂ ਮੈਨੂੰ ਸੋਨੇ ਵਿਚ ਮੜ੍ਹ ਕੇ ਕਿਸੇ ਸ਼ਿਕਾਰੀ ਹੱਥ ਦੇਣ ਦੀ ਪੂਰੀ ਤਿਆਰੀ ਵਿਚ ਹੈ। ਜਸਵੰਤ ਵੀਰ ਦੀ ਕੋਈ ਸਮਝ ਨਹੀਂ ਪੈਂਦੀ ਪਰ ਮੈਨੂੰ ਸ਼ੱਕ ਹੈ ਉਸ ਦੀ ਮਾਂ ਨਾਲ ਗੱਲ ਸਾਂਝੀ ਹੈ। 'ਕੁੱਤਿਆਂ ਵਾਲੇ ਸਰਦਾਰਾਂ' ਦੇ ਨਾਂ ਦਾ ਘਰ 'ਚ ਪਾਠ ਹੋਣ ਲੱਗ ਪਿਆ ਹੈ। ਮੇਰਾ ਕੋਈ ਵੀ ਦਰਦੀ ਨਹੀਂ ਜਿਹੜਾ ਇਸ ਕੈਦ 'ਚੋਂ ਕੱਢ ਲੈ ਜਾਵੇ।

ਮੈਂ ਰਣਜੀਤ ਬਿਨਾਂ ਜੀਆਂਗੀ ਨਹੀਂ। ਖੇੜੇ ਵਿਆਹ ਕੇ ਵੀ ਲੈ ਗਏ ਤਾਂ ਵੀ ਮੈਂ ਨਹੀਂ ਜਾਵਾਂਗੀ। ਮੇਰੀ ਰੂਹ ਰਣਜੀਤ ਦੇ ਚਰਨਾਂ ਵਿਚ ਪਹੁੰਚ ਜਾਵੇਗੀ।

ਪਰਸੋਂ ਮਾਂ ਨੂੰ ਕਿਹਾ ਸੀ ਤੁਹਾਨੂੰ ਮਿਲ ਆਵਾਂ ਪਰ ਉਹ ਕੰਨਾਂ 'ਤੇ ਹੱਥ ਧਰ ਗਈ। ਜਸਵੰਤ ਤੋਂ ਡਰਨ ਦਾ ਬਹਾਨਾ ਕਰ ਗਈ।

ਮੈਡਮ ਜੀ ਆਸ ਮੁੱਕ ਗਈ ਆਪਾਂ ਵੀ ਮਿਲ ਸਕਾਂਗੇ ਜਾਂ ਨਹੀਂ ਰਣਜੀਤ ਵਿਚਾਰੇ ਦੀ ਤਾਂ ਗੱਲ ਹੀ ਵੱਖਰੀ ਹੈ।"

"ਤੂੰ ਰਣਜੀਤ ਨੂੰ ਜ਼ਰੂਰ ਮਿਲੇਂਗੀ।" ਮੈਡਮ ਨੇ ਕਚੀਚੀ ਵੱਟੀ ਸੀ। ਅੰਦਰ ਇਕ ਪੀੜ ਘੁੱਟੀ ਸੀ।

ਮੈਡਮ ਵਿਚ ਇਕ ਹੀ ਵਾਰ ਮੁੜ ਜ਼ਿੰਦਗੀ ਨੇ ਜਨਮ ਲਿਆ। ਚਿਹਰੇ ਦੀ ਉਦਾਸੀ ਰੌਣਕ ਵਿਚ ਬਦਲ ਗਈ। ਬੁਝ ਰਹੇ ਦੀਵੇ ਦੀ ਆਖਰੀ ਲਾਟ ਵਾਂਗ।

"ਯਾਰ ਕਦੇ ਹੱਸ ਕੇ ਵੀ ਦਿਖਾਇਆ ਕਰ।"

"ਬਹੁਤ ਹੱਸਦਾ ਰਹਿੰਦਾ ਹਾਂ।"

"ਮਰਦ ਹਾਸਾ ਹੱਸ।"

"ਹੁਣ ਜ਼ਰੂਰ ਹੱਸਾਂਗਾ-ਚੁੱਪ ਕਰਿਆਂ, ਅੰਦਰੋਂ ਹੀ ਅੰਦਰੋਂ ਘੁਲ ਕੇ ਮਰਦਿਆਂ 'ਤੇ ਤਾਂ ਦੁਨੀਆਂ ਖ਼ੁਸ਼ ਹੁੰਦੀ ਹੈ।"

ਮੈਡਮ ਨੂੰ ਲੱਗਿਆ ਜਿਵੇਂ ਰਣਜੀਤ ਨਹੀਂ ਕੋਈ ਹੋਰ ਬੋਲ ਰਿਹਾ ਸੀ। ਮੈਡਮ ਨੂੰ ਬੇਤਹਾਸ਼ਾ ਖ਼ੁਸ਼ੀ ਹੋਈ। ਉਸ ਨੇ ਅੱਗੇ ਵਧ ਕੇ ਰਣਜੀਤ ਦਾ ਮੱਥਾ ਚੁੰਮ ਲਿਆ।

ਰਣਜੀਤ ਨੂੰ ਪ੍ਰਿੰਸੀਪਲ ਨੇ ਬੁਲਾਇਆ ਸੀ। "ਬੱਚੇ ਕੁਛ ਡਿਸ-ਸੈਟਿਸਫਾਈਡ ਨੇ।"

"ਆਈ ਨੋ ਮੈਡਮ।"

"ਪਰ ਇਸ ਤਰ੍ਹਾਂ ਕਿਵੇਂ ਸਰੇਗਾ?"

"ਕਲ੍ਹ ਤੋਂ ਸ਼ਿਕਾਇਤ ਨਹੀਂ ਆਏਗੀ।"

ਕਹਿ ਕੇ ਰਣਜੀਤ ਬਾਹਰ ਆ ਗਿਆ।

"ਬੜਾ ਘੁਮੰਡੀ ਇਨਸਾਨ ਹੈ।" ਕੋਈ ਚੁਗਲ ਪ੍ਰੋਫੈਸਰ ਕਹਿ ਰਹੀ ਸੀ।

"ਮੇਰਾ ਵੱਸ ਨਹੀਂ ਚਲਦਾ ਵਰਨਾ ਮੈਂ ਇਸ ਨੂੰ ਕਾਲਜ ਵਿਚੋਂ ਜੁੱਤੀਆਂ ਮਾਰ ਕੇ ਕਢਾ ਦਿਆਂ।" ਪ੍ਰਿੰਸੀਪਲ ਕਹਿ ਰਹੀ ਸੀ।

"ਹੈ ਵੀ ਜੁੱਤੀਆਂ ਦੇ ਹੀ ਕਾਬਲ। ਭੈਣ ਜੀ ਕਿਸਮਤ ਦਾ ਕਿੱਡਾ ਬਲੀ ਹੈ ਸ਼ੀਤਲ ਨਾਲ ਵਿਆਹ ਹੋ ਰਿਹੈ।"

"ਸੱਥਾਂ ਜਲਿਐ-ਜਦੋਂ ਵਿਆਹ ਹੋਊ ਦੇਖਾਂਗੀ-ਵੱਡਾ ਸ਼ੀਤਲ ਨਾਲ ਵਿਆਹ ਕਰਨ ਵਾਲਾ।"

"ਭੈਣ ਜੀ ਮੈਂ ਹੈਰਾਨ ਹਾਂ ਕਿਸੇ ਕੁੜੀ ਨੂੰ ਨਹੀਂ ਛੇੜਦਾ।" ਉਹ ਪ੍ਰਿੰਸੀਪਲ ਦੇ ਕੰਨ 'ਚ ਕਹਿ ਰਹੀ ਸੀ।

"ਕਿਸੇ ਨੂੰ ਸਖਾ ਕੇ ਮਗਰ ਲਗਾ-ਜੇ ਜ਼ਰਾ ਕੁ ਗੱਲ ਛਿੜ ਪਏ ਤਾਂ ਰਾਈ ਤੋਂ ਪਹਾੜ ਬਣਾਉਣਾ ਸਾਡਾ ਕੰਮ।"

"ਮੈਂ ਦੋ ਕੁੜੀਆਂ ਮਗਰ ਲਾਈਆਂ। ਐਪਰ ਇਹ ਨਾਮਰਦ ਜਿਹਾ ਝਾਕਦਾ ਈ ਨਹੀਂ।"

ਦੋਵੇਂ ਸ਼ਰਮਿੰਦਾ ਹਾਸੀ ਹੱਸੀਆਂ ਸਨ।

ਰਣਜੀਤ ਨੇ ਪੰਜ ਮਿੰਟ ਪਹਿਲਾਂ ਹੀ ਪੀਰੀਅਡ ਛੱਡ ਦਿੱਤਾ ਸੀ। ਕੁੜੀਆਂ "ਵਾਹਵਾ ਵਾਹਵਾ" ਕਰਦੀਆਂ ਬਾਹਰ ਆ ਰਹੀਆਂ ਸਨ।

"ਅੱਜ ਸਰ ਮੂਡ 'ਚ ਸਨ।"

"ਦੀ ਬੈਸਟ ਟੀਚਰ।"

"ਵੱਟ ਏ ਮੈਥਡ।"

"ਵੱਟ ਏ ਵੇ ਔਫ ਪੁਟਿੰਗ?"

"ਪਤਾ ਨਹੀਂ ਕਿੰਨੇ ਦਿਨਾਂ ਮਗਰੋਂ ਰੂਹ ਨਾਲ ਪੜ੍ਹਾਈ ਕਰਾਈ ਐ।"

"ਸ਼ੀਤਲ ਦੀ ਚਿੱਠੀ ਆਈ ਹੋਣੀ ਹੈ।"

ਕੁੜੀਆਂ ਨੇ "ਸ਼ੀਤਲ ਜ਼ਿੰਦਾਬਾਦ" ਦਾ ਨਾਹਰਾ ਲਾਇਆ,'ਕੁੜੀਆਂ ਦੀ ਤਸੱਲੀ' ਮੁੜ ਹੋਸਟਲ ਵਿਚ ਘੁੰਮ ਗਈ।

ਮੈਡਮ ਪ੍ਰੋਫੈਸਰ ਨੂੰ ਇਸ ਗੱਲ ਦੀ ਖ਼ੁਸ਼ੀ ਹੋਈ ਸੀ।

ਅਗਲੇ ਦਿਨ ਮੈਡਮ ਪਟੋਲਾ ਬਣ ਕੇ ਕਾਲਜ ਆਈ। ਅੱਖਾਂ ਰਾਹੀਂ ਰਣਜੀਤ

ਦੀ ਰੂਹ ਨੂੰ ਸਰੂਰ ਜਿਹਾ ਆਇਆ।

"ਤੈਨੂੰ ਦੇਖਿਆ ਸਬਰ ਨਹੀਂ ਆਏ, ਬਿੱਲੋ ਨੀ ਤੇਰੀ ਘੁੱਟ ਭਰ ਲਾਂ।"

"ਭਰ ਲਾ ਨਾ ਫਿਰ।"

"ਸ਼ਾਇਦ ਭਾਗਾਂ 'ਚ ਨਹੀਂ।"

"ਭਾਗਾਂ ਦੀਆਂ ਗੱਲਾਂ ਕਰਨਾ ਝੂਠੀ ਤਸੱਲੀ ਲੈਣਾ ਹੈ।"

"ਤੇਰੀ ਸਹੁੰ ਬਹੁਤ ਪਿਆਰੀ ਲਗਦੀ ਐਂ ਖਾਣ ਨੂੰ ਜੀ ਕਰਦੈ।"

ਦੋਵੇਂ ਹੱਸ ਪਏ।

"ਬੀਬੀ ਜੀ ਤੁਹਾਨੂੰ ਕੋਈ ਮਿਲਣ ਆਇਐ।" ਮਾਈ ਨੇ ਕਿਹਾ।

ਮੈਡਮ ਤੁਰ ਪਈ। ਦਰਵਾਜ਼ੇ 'ਚ ਖੜ੍ਹੇ ਰਣਜੀਤ ਵੱਲ ਝਾਕੀ।

ਉਸ ਦਾ ਪੂਛਾਂ ਵਾਲਾ ਸੁਰਮਾ ਦੁਹਾਈਆਂ ਦੇਂਦਾ ਸੀ। ਉਹ ਦੌੜ ਕੇ ਆਈ। ਰਣਜੀਤ ਨੂੰ ਘੁੱਟ ਕੇ ਚੁੰਮੀ ਲੈ ਗਈ ਤੇ ਇਕ ਚੁੰਮੀ ਦੇ ਗਈ।

"ਸ਼ੀਤਲ ਵਾਸਤੇ ਸੀ।"

ਮੈਡਮ ਨੇ ਭੱਜਦਿਆਂ ਕਿਹਾ।

ਉਹ ਬਗੈਰ ਸੋਚਿਆਂ ਭੱਜਦੀ ਹੱਸਦੀ ਗੈਸਟ ਰੂਮ ਵਿਚ ਪਹੁੰਚ ਗਈ। ਉਹ ਠਠੰਬਰ ਗਈ ਪਰ ਉਸ ਨੂੰ ਚਿਹਰੇ ਤੀ ਮੁਸਕਾਨ ਬਰਕਰਾਰ ਰੱਖਣੀ ਪਈ।

"ਕਿਵੇਂ ਐ ਲੋਗੜੀ ਦਿਆਂ ਫੁੱਲਾ?"

"ਫੁੱਲ ਬੜੀ ਦੇਰ ਮਗਰੋਂ ਯਾਦ ਆਇਆ?"

ਜਸਵੰਤ ਪਾਸ ਕੋਈ ਉਤਰ ਨਹੀਂ ਸੀ।

"ਛੱਡ ਕੇ ਜਾਣ ਦੀ ਖੇਚਲ ਵੀ ਨਾ ਕੀਤੀ।"

"ਬਿੱਲੋ ਤੇਰੇ ਗਿਲੇ-ਗੁਜ਼ਾਰੇ ਸਿਰ ਮੱਥੇ।"

"ਹੁਣ ਕਿਵੇਂ ਤਕਲੀਫ਼ ਕੀਤੀ?

ਜਸਵੰਤ ਨੇ ਕੁਛ ਪਲ ਅੱਖ ਰੋਕ ਕੇ ਮੈਡਮ ਨੂੰ ਤੱਕਿਆ। ਵਿਸਕੀ ਦੀ ਬੋਤਲ ਵਾਂਗ, ਮੈਡਮ ਸਾਰੀ ਦੀ ਸਾਰੀ, ਜਸਵੰਤ ਦੀਆਂ ਅੱਖਾਂ ਰਾਹੀਂ ਅੰਦਰ ਲੱਥ ਗਈ।

ਜਸਵੰਤ ਦੇ ਨਸ ਨਸ ਵਿਚ ਕਾਮ ਛੱਲਾਂ ਮਾਰਨ ਲੱਗ ਪਿਆ।

"ਨਾ ਬਾਬਾ ਨਾ-ਤੁਹਾਡਾ ਮਰਦਾਂ ਦਾ ਕੋਈ ਭਰੋਸਾ ਨਹੀ।"

"ਜਸਵੰਤ ਉਨ੍ਹਾਂ ਮਰਦਾਂ 'ਚੋਂ ਨਹੀਂ।"

"ਮੈਂ ਕਿਵੇਂ ਮੰਨਾਂ?"

"ਹੁਕਮ ਕਰ ਕੀ ਚਾਹੀਦੈ?"

"ਸ਼ੀਤਲ।"

"ਦਿੱਤੀ।"

"ਰਣਜੀਤ ਨਾਲ ਵਿਆਹ ਕਰਾਂਗੀ।"

"ਕਤਾਬੜੀਆਂ ਵਾਲੇ ਨਾਲ?" ਉਹ ਡਰਾਉਣਾ ਹਾਸਾ ਹੱਸਿਆਂ ਜਿਵੇਂ ਬਘਿਆੜ ਭੁੱਖਾ ਹੋਇਆ ਹੋਵੇ।

"ਹਾਂ-ਇਕ ਦਮ ਗਰੀਬ ਨਾਲ।"

ਮੈਡਮ ਵਲੋਂ ਹਵਾ ਦਾ ਝਉਕਾ ਆਇਆ-ਮਹਿਕਾਂ-ਨਾਲ ਲੱਦਿਆ ਜਸਵੰਤ ਪਾਗਲ ਹੋ ਉਠਿਆ।

"ਭਾਵੇਂ ਮਾਰ ਕੇ ਖੂਹ 'ਚ ਸੁੱਟ ਦੀਂ-ਪਰ ਹੁਣ ਨਾਲ ਤੁਰ ਪੈ।"

"ਝੂਠ-ਸ਼ੀਤਲ ਦਾ ਹੱਥ ਫੜਾ ਦੇ-ਮੇਰਾ ਫੜ ਲਾ।"

"ਕਿਉਂ ਦਰਵੇਸ਼ ਨੂੰ ਮਾਰਦੀ ਐਂ-ਮੇਰੀ ਤੇਰੀ ਸਹੁੰ ਜਿੰਦ ਪਈ ਜਾਂਦੀ ਹੈ।"

ਮੈਡਮ ਹੱਸ ਪਈ।

"ਮੇਰੀ ਗੱਲ ਹੱਸ ਕੇ ਨਾ ਗੁਆ।"

"ਮੇਰੀ ਮੇਰਾ ਲਾਰਿਆਂ 'ਚ ਨਾ ਗੁਆ।"

"ਮੈਂ ਮੁਕਰਦਾ ਨਹੀਂ।"

"ਮੈਂ ਕਿਹੜਾ ਮੁਕਰਦੀ ਹਾਂ।"

"ਪਰ ਵਿਆਹ ਦੀ ਤਿਆਰੀ 'ਤੇ ਤਾਂ ਆਖਰ ਸਮਾਂ ਲੱਗੂ।"

"ਫੇਰ ਕੀ ਹੋਇਆ?"

"ਐਨਾ ਚਿਰ ਤਾਂ ਤੂੰ ਮੈਥੋਂ ਜਰੀ ਨਹੀਂ ਜਾਣੀ।"

"ਫੇਰ ਛੇਤੀ ਕਰ ਲਾ।"

ਜਸਵੰਤ ਛਿੱਬਾ ਜਿਹਾ ਹੋ ਕੇ ਬੈਠ ਗਿਆ।

"ਤਾਂ ਤੈਨੂੰ ਭਰੋਸਾ ਨਹੀਂ?"

"ਇਹਦਾ ਮਤਲਬ ਤੈਨੂੰ ਮੇਰੇ 'ਤੇ ਭਰੋਸਾ ਨਹੀਂ-ਮੈਂ ਮੁਕਰਾਂਗੀ, ਤੂੰ ਮੈਨੂੰ ਗੋਲੀ ਮਾਰ ਸਕਦੈਂ।"

"ਪਰ ਤੂੰ ਵੀ ਤਾਂ ਮਾਰ ਸਕਦੀ ਹੈਂ।"

"ਲੜਕੀ 'ਚ ਇਤਨੀ ਹਿੰਮਤ ਕਿਥੇ।"

"ਮੇਰੇ ਤਾਂ ਛੱਕੇ ਛੁੜਾਈ ਫਿਰਦੀ ਐਂ-ਹਿੰਮਤ ਦਾ ਤਾਂ ਪਤਾ ਨਹੀਂ।"

ਦੋਵੇਂ ਹੱਸ ਪਏ।

ਮੈਡਮ ਸੋਚਣ ਲੱਗ ਪਈ-ਮੈਂ ਬਹੁਤੀ ਕਰੜੀ ਲਕੀਰ ਖਿੱਚ ਰਹੀ ਹਾਂ-ਕਿਤੇ ਇਹ ਉਠ ਕੇ ਤੁਰ ਨਾ ਜਾਵੇ-ਨੋਟਾਂ ਵਾਲਿਆਂ ਨੂੰ ਹਜ਼ਾਰਾਂ ਰੰਨਾਂ ਮਿਲ ਸਕਦੀਆਂ ਹਨ। ਕਿਸੇ ਤਰ੍ਹਾਂ ਇਸ ਦੀ ਸਰੀਰਕ ਭੁੱਖ ਠੰਢੀ ਪੈ ਗਈ ਤਾਂ ਸਾਰਾ ਪ੍ਰੋਗਰਾਮ ਵਿਗੜ ਜਾਏਗਾ- ਕਿਤੇ ਮੇਰੇ ਨਾਲ ਇਕ ਵਾਰ ਭੁੱਖ ਮਿਟਾ ਕੇ ਮੁਕਰ ਨਾ ਜਾਏ-ਸ਼ਾਇਦ ਨਾ ਮੁਕਰੇ ਕਿਉਂਕਿ ਬਹੁਤੇ ਹੀ ਹਾੜੇ ਕਢਦੈ-ਵਾਰ ਵਾਰ ਆਉਂਦਾ ਆਦਮੀ ਮਾਯੂਸ ਵੀ ਤਾਂ ਹੋ ਜਾਂਦੈ। ਤਾਂ ਕੀ ਮੈਂ ਵਿਆਹ ਤੋਂ ਪਹਿਲਾਂ ਇਹਦੇ ਨਾਲ ਤੁਰ ਜਾਵਾਂ-ਇਸ ਤਰ੍ਹਾਂ ਇਹ ਵੀ ਤਾਂ ਹੋ ਸਕਦੈ ਇਹ ਮੇਰੇ ਬਹੁਤਾ ਹੀ ਕਾਬੂ ਆ ਜਾਏ ਤੇ ਰਣਜੀਤ-ਸ਼ੀਤਲ ਦੀ ਸ਼ਾਦੀ 'ਚ ਕੋਈ ਵੀ ਉਲਝਣ ਨਾ ਆਏ-ਤਾਂ ਕੀ-ਮੈਂ ਤੁਰ ਜਾਵਾਂ-? ਜਦ ਤੂੰ ਕੁਰਬਾਨੀ ਦੇ ਰਹੀ ਹੈਂ-ਅੱਖਾਂ ਮੀਚ ਲਾ ਸਿਦਕ ਕਮਾ-ਦੇਖੀ ਜਾਏਗੀ-"ਮੈਂ ਜਾਵਾਂ?" ਜਸਵੰਤ ਉਠਣ ਲਈ ਤਿਆਰ ਸੀ।

"ਬਸ?"

"ਤੂੰ ਕਿਹੜਾ ਕੋਈ ਰਾਹ ਦਿੰਦੀ ਐਂ।"

"ਮੁਕਰੇਂਗਾ ਤਾਂ ਨਹੀਂ ?"

"ਤੇਰੀ ਸਹੁੰ।"

"ਕਿੰਨੇ ਦਿਨਾਂ 'ਚ ਵਿਆਹ ਕਰੇਂਗਾ ?"

"ਪੰਦਰਾਂ ਦਿਨਾਂ 'ਚ ?"

"ਪੱਕਾ ਵਾਅਦਾ ?"

"ਲੋਹੇ 'ਤੇ ਲਕੀਰ।"

ਮੈਡਮ ਦੀ ਨਿਗਾਹ ਪੈਰ ਗੱਡ ਕੇ ਜਸਵੰਤ ਦੀਆਂ ਬਘਿਆੜ ਅੱਖਾਂ 'ਚ ਖੜ੍ਹ ਗਈ। ਉਹ ਗੱਟ ਗੱਟ ਕਰਕੇ ਪੀ ਰਿਹਾ ਸੀ। ਕਾਮਕ-ਉਤੇਜਨਾ ਨਾਲ ਉਸ ਦਾ ਅੰਗ ਅੰਗ ਖੁੱਲ੍ਹਦਾ ਜਾ ਰਿਹਾ ਸੀ।

"ਬਹੁਤ ਦਿਲ ਕਰਦੈ ?" ਮੈਡਮ ਨੂੰ ਲੱਗਿਆ ਜਿਵੇਂ ਉਹ ਜਸਵੰਤ ਨੂੰ ਨਹੀਂ ਰਣਜੀਤ ਨੂੰ ਪੁੱਛ ਰਹੀ ਸੀ।

ਜਸਵੰਤ ਸੁਆਦ 'ਚ ਇਤਨਾ ਗੁਆਚ ਗਿਆ ਸੀ ਕਿ ਉਸ ਦੇ ਸੰਘ 'ਚੋਂ 'ਹਾਂ' ਦੀ ਆਵਾਜ਼ ਵੀ ਨਾ ਨਿਕਲੀ।

"ਚੰਗਾ ਪਰਸੋਂ ਆ ਜੀਂ।"

"ਪਰਸੋਂ।" ਜਸਵੰਤ ਖ਼ੁਸ਼ੀ 'ਚ ਚੀਕਿਆ।

"ਹਾਂ-ਸ਼ਾਮ ਸਮੇਂ-।" ਕਹਿ ਕੇ ਮੈਡਮ ਤੁਰ ਗਈ।

ਜਸਵੰਤ ਖ਼ੁਸ਼ੀ 'ਚ ਪਾਗਲ ਹੋਇਆ ਜੀਪ 'ਚ ਆ ਬੈਠਾ। ਜੀਪ ਇਸ ਤਰ੍ਹਾਂ ਤੇਜ਼ ਦੌੜੀ ਕਿ ਕਿੰਨਿਆਂ ਹੀ ਦੀਵਾਰਾਂ ਨਾਲ ਟਕਰਾਂਦੀ ਮਸਾਂ ਹੀ ਬਚੀ। ਦੇਵੀ ਦਿਆਲ ਹੋ ਗਈ ਸੀ।

ਮੈਡਮ ਮੂਧੇ ਮੂੰਹ ਬਿਸਤਰੇ 'ਤੇ ਆ ਡਿੱਗੀ। ਕਿੰਨਾ ਹੀ ਚਿਰ ਰੋਂਦੀ ਰਹੀ। ਖਾਰੇ-ਲਹੂ ਦੇ ਹੰਝੂ ਪੀਂਦੀ ਰਹੀ।

## 25.

**ਨਰਮ ਸਰੀਰਾਂ ਨੂੰ,**
**ਪੈ ਗਏ ਮਾਮਲੇ ਭਾਰੀ।**

ਘੰਟਾ ਬੀਤਦਾ ਜਸਵੰਤ ਨੂੰ ਭੁਲੇਖਾ ਲੱਗਦਾ ਜਿਵੇਂ ਇਕਰਾਰ ਵਾਲਾ ਦਿਨ ਆ ਗਿਆ ਹੋਵੇ।

ਉਹ ਚੈਨ ਨਾਲ ਇਕ ਥਾਂ ਬੈਠ ਨਹੀਂ ਸਕਦਾ ਸੀ। ਉਸ ਦੇ ਅੰਦਰ ਬੇਚੈਨੀ ਦੇ ਭਾਂਬੜ ਬਲਦੇ ਸਨ।

ਜਸਵੰਤ ਨੇ 'ਵਿਸ਼ਰਾਮ ਘਰ' ਨੂੰ ਸਾਫ਼ ਕਰਾਇਆ। ਮਲ ਮਲ ਕੇ ਧੁਆਇਆ। ਧੂਪ ਜਗਾਈ। ਬਿਸਤਰਿਆਂ ਦੀਆਂ ਚਾਦਰਾਂ ਬਦਲੀਆਂ। ਥਾਂ ਥਾਂ ਫੁੱਲਾਂ ਦੀਆਂ ਪੱਤੀਆਂ ਖਿਲਾਰ ਦਿੱਤੀਆਂ। ਖੇਤ ਦੇ ਸਾਰੇ ਫੁੱਲ ਟੁੱਟ ਕੇ ਵਿਸ਼ਰਾਮ-ਘਰ 'ਚ ਸੇਜ

'ਤੇ ਆ ਗਏ। ਮੈਡਮ ਨੂੰ 'ਜੀ ਆਇਆਂ' ਕਹਿ ਰਹੇ ਸਨ।

ਉਸ ਨੇ ਦੁਬਾਰਾ ਤਿਆਰੀ ਵੱਲ ਧਿਆਨ ਮਾਰਿਆ। ਵਿਸਕੀ ਦੀ ਬੋਤਲ ਦੋ ਗਲਾਸ, ਸੋਡਾ ਅਲਮਾਰੀ 'ਚ ਟਿਕੇ ਸਨ। ਚਿੱਕਨ ਤੇ ਮੁਰਗੀ ਭੁੰਨੇ ਫਰਿਜ ਵਿਚ ਰੱਖੇ ਪਏ ਸਨ। ਗੁਲਾਬ ਦੇ ਫੁੱਲਾਂ ਦੀਆਂ ਪੱਤੀਆਂ 'ਆ ਜਾ' 'ਆ ਜਾ' ਕਰਦੀਆਂ ਸਨ।

ਜਸਵੰਤ ਨੇ ਸੂਰਜ ਵਲ ਝਾਤੀ ਮਾਰੀ। ਅਸਮਾਨ ਦੇ ਸਿਖਰੋਂ ਢਲਣਾ ਸ਼ੁਰੂ ਹੋ ਗਿਆ ਸੀ।

ਜਸਵੰਤ ਨੇ 'ਰੱਬ ਦਾ ਨਾਂ' ਲੈ ਕੇ ਜੀਪ ਤੋਰੀ। ਦੋ ਘੰਟਿਆਂ ਦਾ ਸਫਰ ਸੀ ਪਰ ਜਸਵੰਤ ਦੀ ਜੀਪ ਇਕ ਹੀ ਘੰਟੇ 'ਚ ਪਹੁੰਚ ਗਈ ਸੀ। ਜਸਵੰਤ ਨੂੰ ਪਤਾ ਉਸ ਸਮੇਂ ਲਗਿਆ ਜਦ ਜੀਪ ਕਾਲਜ ਦੇ ਗੇਟ 'ਤੇ ਖੜ੍ਹ ਗਈ। ਜਿਵੇਂ ਜਸਵੰਤ ਨਹੀਂ ਕੋਈ ਹੋਰ ਜੀਪ ਚਲਾਂਦਾ ਸੀ।

ਅੱਧਾ ਦਿਨ ਤਕ ਮੈਡਮ ਬੜੀ ਦੁਬਿਧਾ ਵਿਚ ਰਹੀ। ਕਿਸੇ ਕਿਸੇ ਸਮੇਂ ਉਸ ਦਾ ਸਾਹ ਬੰਦ ਹੋਣ ਲੱਗ ਜਾਂਦਾ ਸੀ। ਜਿਵੇਂ ਕੋਈ ਰੱਸਾ ਉਸ ਦੇ ਗਲ ਪਾ ਕੇ ਉਸ ਨੂੰ ਫਾਹੇ ਲਾਣ ਲੱਗਿਆ ਸੀ। ਉਹ ਰਣਜੀਤ-ਸ਼ੀਤਲ ਲਈ ਚੱਕੀ 'ਚ ਪਿਸ ਰਹੀ ਸੀ। ਜਸਵੰਤ ਵਰਗੇ ਭਾਰੇ ਤੇ ਖਰਾਹੜੇ ਪੁੜ ਥੱਲੇ ਆ ਰਹੀ ਸੀ। ਉਸ ਦਾ ਚੇਤਨ ਵਾਰ ਵਾਰ ਸੁੰਨ ਹੁੰਦਾ ਸੀ। ਅੰਦਰ ਹੌਲ ਜਿਹਾ ਪੈਂਦਾ ਸੀ। ਉਹ ਮੰਜੇ ਉਪਰ ਢੇਰੀ ਹੋ ਜਾਂਦੀ ਸੀ।

"ਬੜੀ ਚੁੱਪ ਚੁੱਪ ਹੈਂ?" ਰਣਜੀਤ ਨੇ ਪੁੱਛਿਆ ਸੀ।

"ਤਬੀਅਤ ਠੀਕ ਨਹੀਂ।" ਉਸ ਬਹਾਨਾ ਲਾਇਆ ਸੀ।

"ਅੱਜ ਤਾਰੀਖ ਕੀ ਹੈ?"

ਦੋਵੇਂ ਹੱਸ ਪਏ ਸਨ।

ਰਣਜੀਤ ਤੁਰ ਗਿਆ ਸੀ।

"ਅੱਜ ਇਕਰਾਰ ਵਾਲੀ ਤਾਰੀਖ ਹੈ।" ਮੈਡਮ ਨੇ ਅੰਦਰ ਲਹੂ ਦੀ ਘੁੱਟ ਭਰੀ। ਹੁਣ ਇਸ ਤਰ੍ਹਾਂ ਕਰਦੀ ਹੈਂ-ਤੈਨੂੰ ਇਹ ਕੰਡੇ ਬੀਜਣ ਲਈ ਕਿਸ ਨੇ ਮਜਬੂਰ ਕੀਤਾ ਸੀ? ਦਿਲ-ਹੁਣ ਵੀ ਰੁਕ ਜਾ-ਨਹੀਂ ਮੇਰਾ ਲੇਖਾ ਬਰਾਬਰ ਨਹੀਂ ਹੋਣਾ-ਰਣਜੀਤ ਸ਼ੀਤਲ ਦਾ ਵਿਆਹ ਵਾਲਾ ਦਿਨ ਮੇਰਾ ਜ਼ਿੰਦਗੀ ਦਾ ਆਖ਼ਰੀ ਦਿਨ ਹੋਵੇਗਾ ਤੇ ਫੇਰ ਮੈਂ ਰਣਜੀਤ ਦੀ ਉਡੀਕ ਕਰਾਂਗੀ।"

ਮੈਡਮ ਕਮਰੇ 'ਚ ਆ ਗਈ। ਉਹ ਤਿਆਰੀ ਕਰਨ ਲੱਗ ਪਈ। ਉਸ ਨੇ ਆਪਣੇ ਅੰਗ ਅੰਗ ਨੂੰ ਇਸ ਤਰ੍ਹਾਂ ਧੋਤਾ, ਇਸ ਤਰ੍ਹਾਂ ਸ਼ਿੰਗਾਰਿਆ, ਜਿਵੇਂ ਅਜ ਉਸ ਮੁਕਲਾਵੇ ਜਾਣਾ ਸੀ।

ਸੂਹੀ ਸਾੜ੍ਹੀ 'ਚ ਉਹ ਚੀਚ ਵਹੁਟੀ ਬਣ ਕੇ ਬੈਠ ਗਈ। ਜਿਵੇਂ ਰਣਜੀਤ ਨੇ ਉਸ ਦੀ ਸੁਹਾਗ ਰਾਤ ਇਸੀ ਕਮਰੇ 'ਚ ਮਨਾਣੀ ਸੀ। ਜਿਵੇਂ ਰਣਜੀਤ ਨੇ ਹੁਣ ਆ ਜਾਣਾ ਸੀ।

"ਆ ਗਿਆ?" ਮੈਡਮ ਨੇ ਮਾਈ ਨੂੰ ਪੁੱਛਿਆ।

ਮਾਈ ਮੈਡਮ ਦਾ ਸ਼ਿੰਗਾਰ ਤਕ ਕੇ ਦੰਗ ਰਹਿ ਗਈ ਸੀ। ਬੀਬੀ ਜੀ ਤੁਹਾਨੂੰ ਕੋਈ ਮਿਲਣ ਆਇਐ।" ਮਾਈ ਤੁਰ ਗਈ।

ਮੈਡਮ ਅਹਿਸਤਾ ਜਿਹੇ ਉਠੀ। ਆਪਣੇ ਆਪ ਨੂੰ ਸ਼ੀਸ਼ੇ 'ਚ ਗਹੁ ਨਾਲ ਤਕਿਆ। ਅਜੀਬ ਕਿਸਮ ਦੀ ਮੁਸਕਾਨ ਉਸ ਦੇ ਨਕਸ਼ਾਂ 'ਤੇ ਖਿਲਰ ਗਈ। ਉਹ ਇਸ ਤਰ੍ਹਾਂ ਅੱਖਾਂ ਮੀਟ ਕੇ ਤੁਰੀ ਜਿਵੇਂ ਉਹ ਕਸਾਈ ਪਾਸੋਂ ਗਰਦਨ ਕਟਾਣ ਲਈ ਜਾ ਰਹੀ ਸੀ।

ਉਸ ਦੀ ਸਾੜ੍ਹੀ ਦਾ ਪੱਲਾ ਕਿਸੇ ਨੇ ਫੜ ਲਿਆ। ਉਸ ਭਉਂ ਕੇ ਤਕਿਆ-ਬਹੁਤੀਆ ਸੂਲਾਂ ਵਾਲੀ ਟਾਹਣੀ ਉਸ ਦੇ ਕਮਰੇ ਦੀ ਸਜਾਵਟ ਲਈ ਦੀਵਾਰ 'ਤੇ ਲਟਕਾਈ ਸੀ।

"ਛੱਡ ਦੇ ਸਹੇਲੀਏ ਜਾਣ ਦੇ ਮੈਨੂੰ-ਰਣਜੀਤ ਨਾਲ ਸੁਹਾਗ ਰਾਤ ਤਾਂ ਮਨਾਣ ਜਾ ਰਹੀ ਹਾਂ।"

ਮੈਡਮ ਨੇ ਪਲੂ ਬੋਚ ਲਿਆ।

ਖ਼ਾਮੋਸ਼ ਉਹ ਜੀਪ 'ਚ ਬੈਠ ਗਈ। ਉਸ ਰਾਤ ਦੀ ਛੁੱਟੀ ਸਵੇਰੇ ਹੀ ਲੈ ਲਈ ਸੀ।

ਜੀਪ ਉਡਾਰੀ ਮਾਰ ਗਈ।

ਜਸਵੰਤ ਖ਼ੁਸ਼ੀ ਨਾਲ ਪਾਟਦਾ ਜਾ ਰਿਹਾ ਸੀ। ਮੈਡਮ 'ਚੋਂ ਉਠਦੀ ਪਰਫਿਊਮ ਉਸ ਨੂੰ ਪਾਗਲ ਬਣਾ ਰਹੀ ਸੀ। ਮੈਡਮ ਦਾ ਸਿਰ ਸਹਿਜੇ ਹੀ ਉਸ ਦੀ ਬਾਂਹ 'ਤੇ ਟਿਕ ਗਿਆ। ਜਸਵੰਤ ਨੇ ਸਿਰ ਆਪਣੇ ਬੇਤਾਬ ਪੱਟਾਂ 'ਤੇ ਰੱਖ ਲਿਆ।

ਗੁੱਜਰੀ ਜਿਹੀ ਮੈਡਮ ਵੱਲ ਤੱਕ ਤੱਕ ਕੇ ਜਸਵੰਤ ਨਸ਼ਈ ਹੋ ਚੁੱਕਿਆ ਸੀ-ਕਿਆ ਮੂਨ ਸੀ-ਬਿੱਲੋ, ਪਾਨ ਦੀ ਬੇਗੀ, ਗੁਲਾਬ ਦਾ ਫੁੱਲ ਮੈਡਮ।

ਮੈਡਮ ਦੀ ਅੱਖ ਖੁਲ੍ਹੀ। ਜੀਪ ਵਿਸ਼ਰਾਮ ਘਰ ਦੇ ਸਾਹਮਣੇ ਖੜ੍ਹੀ ਸੀ। ਮੈਡਮ 'ਵਿਸ਼ਰਾਮ ਘਰ' ਵੱਲ ਤੱਕ ਕੇ ਮੁਸਕਰਾ ਪਈ।

ਜਸਵੰਤ ਦੇ ਕਾਮੇਂ ਪਾਸੀਂ ਸਫੈਦੇ ਦੇ ਦਰਖਤਾਂ ਵਾਂਗ ਕਿਸੇ ਹੁਕਮ 'ਚ ਬੱਝੇ ਖੜ੍ਹੇ ਸਨ।

"ਤੇਰੇ ਲਈ ਸ਼ਿੰਗਾਰਿਐ।" ਜਸਵੰਤ ਨੇ ਦੱਸਿਆ।

"ਸ਼ੁਕਰੀਆ।" ਮੈਡਮ ਮਿੱਠਾ ਜਿਹਾ ਮੁਸਕਰਾਈ।

ਉਹ ਪਲੰਘ 'ਤੇ ਬੈਠ ਗਈ। ਪੱਤੀਆਂ 'ਚ ਖੁੱਭ ਗਈ ਸੀ। ਮਹਿਕਾਂ 'ਚ ਘਿਰ ਗਈ ਸੀ। ਰਣਜੀਤ ਦੀਆਂ ਬਾਹਾਂ 'ਚ ਉਹ ਆਨੰਦ ਆਨੰਦ ਹੁੰਦੀ ਜਾ ਰਹੀ ਸੀ। ਸੁਆਦ ਸੁਆਦ ਹੁੰਦੀ ਜਾ ਰਹੀ ਸੀ। ਸੁਖ-ਨਸ਼ੇ ਨਾਲ ਉਸ ਦੀਆਂ ਅੱਖਾਂ ਬੰਦ ਹੁੰਦੀਆਂ ਜਾ ਰਹੀਆਂ ਸਨ। ਉਸ ਨੂੰ ਅਹਿਸਾਸ ਹੋਇਆ ਜਦ ਜਸਵੰਤ ਨੇ ਉਸ ਨੂੰ ਇਤਨਾ ਜ਼ਿਆਦਾ ਘੁੱਟ ਲਿਆ ਕਿ ਉਸ ਦੀ ਜਾਨ ਕੰਬ ਉਠੀ।

"ਕਿਉਂ ਮਾਰਦੈਂ।"

"ਤੂੰ ਘੱਟ ਤਾਂ ਤੰਗ ਨਹੀਂ ਕੀਤਾ।" ਜਸਵੰਤ ਲਾਡ ਕਰ ਰਿਹਾ ਸੀ। ਮੈਡਮ ਨਾਲ ਪਲੰਘ 'ਤੇ ਇਸ ਤਰ੍ਹਾਂ ਕਲੋਲਾਂ, ਲਾਡ-ਬਾਡੀਆਂ ਕਰ ਰਿਹਾ ਸੀ, ਜਿਵੇਂ

ਕਤੂਰਾ ਮਲਮਲ ਦੇ ਪਰੋਲੇ ਨਾਲ ਕਰਦੈ।

ਮੈਡਮ ਨੇ ਹੋਸ਼ ਸੰਭਾਲੇ। ਇਸ ਕਿਆਮਤ ਦੀ ਰਾਤ ਲਈ ਮਨ ਤਿਆਰ ਕਰ ਲਿਆ। ਰਣਜੀਤ ਦਾ ਭੁਲੇਖਾ ਲੱਥ ਗਿਆ। ਹੁਣ ਤਾਂ ਜਸਵੰਤ ਹੀ ਸਾਹਮਣੇ ਸੀ ਜਿਹੜਾ ਬਘਿਆੜ ਵਾਂਗ ਚੱਭੇ ਮਾਰ ਰਿਹਾ ਸੀ।

"ਠਹਿਰ ਜਾ।" ਮੈਡਮ ਨੇ ਜਸਵੰਤ ਦਾ ਅੱਗੇ ਹੀ ਅੱਗੇ ਵਧਦਾ ਹੱਥ ਰੋਕਿਆ।

"ਹੁਣ ਨਾ ਰੋਕ।" ਜਸਵੰਤ ਬੇਹੋਸ਼ ਹੁੰਦਾ ਜਾ ਰਿਹਾ ਸੀ।

"ਮੈਨੂੰ ਪਹਿਲਾਂ ਸ਼ਰਾਬ ਪਲਾ।" ਮੈਡਮ ਨੇ ਚੀਖ਼ ਕੇ ਕਿਹਾ।

ਜਸਵੰਤ ਠਠੰਬਰ ਜਿਹਾ ਗਿਆ।

"ਹਾਂ-ਹਾਂ-ਮੈਂ ਪੀਆਂਗੀ।"

"ਬੱਲੇ ਨੀ ਸ਼ੇਰ ਦੀਏ ਬੱਚੀਏ।"

ਜਸਵੰਤ ਨੇ ਦੋਹਾਂ ਗਲਾਸਾਂ 'ਚ ਸ਼ਰਾਬ ਪਾ ਲਈ। ਸੋਡਾ ਪਾ ਲਿਆ। ਤਿੱਤਰ ਸਾਹਮਣੇ ਰੱਖ ਲਏ।

ਮੈਡਮ ਭੁੱਲ ਗਈ, ਉਹ ਮੈਡਮ ਸੀ।

ਉਸ ਇਕ, ਦੋ, ਤਿੰਨ ਪੈਗ ਉਪਰੋ ਥਲੀ ਪੀਤੇ। ਤਿੱਤਰ ਖਾਧਾ। ਸ਼ਰਾਬ ਭੰਬੂਕੇ ਵਾਂਗ ਚੜ੍ਹ ਗਈ। ਪਰ ਮੈਡਮ ਦਾ ਵੈਤਨ ਪੂਰਾ ਚੇਤਨ ਸੀ।

"ਮਰਦਾ ਸੁਣ ਲਾ-ਤੂੰ ਮੇਰੇ ਸਰੀਰ ਦਾ ਉਹ ਆਨੰਦ ਮਾਣ ਰਿਹੈਂ ਜਿਹੜਾ ਕੇਵਲ ਜੀਵਨ ਦਾ ਸਾਥੀ ਮਾਣ ਸਕਦੈ।"

"ਪਾਨ ਦੀਏ ਬੇਗੀਏ ਆਪਾਂ ਜੀਵਨ ਸਾਥੀ ਬਣ ਕੇ ਰਹਾਂਗੇ।"

"ਨਹੀਂ-ਮੇਰੀ ਗਲ ਟਾਲਣ ਦੀ ਕੋਸ਼ਿਸ਼ ਨਾ ਕਰ।" ਮੈਡਮ ਆਪਣੀਆਂ ਲੱਤਾਂ ਘੁੱਟ ਰਹੀ ਸੀ।

"ਤੂੰ ਹੁਕਮ ਕਰ-ਅਸਮਾਨੋਂ ਤਾਰੇ ਤੋੜ ਕੇ ਲਿਆ ਦਿਆਂ। ਤੂੰ ਫਿਕਰ ਕਿਹੜੀ ਗੱਲ ਦੀ ਕਰ ਰਹੀ ਹੈ। ਜਸਵੰਤ ਬਹੁਤ ਅੱਗੇ ਵਧ ਗਿਆ ਸੀ। ਮੈਡਮ ਕੋਸ਼ਿਸ਼ ਕਰਦੀ ਸੀ ਪਰ ਜਸਵੰਤ ਦੀ ਸਰੀਰਕ ਸ਼ਕਤੀ ਅੱਗੇ ਉਸ ਦਾ ਕੋਈ ਵੀ ਚਾਰਾ ਨਹੀਂ ਸੀ।

"ਤਾਰੇ ਨਹੀਂ-ਸ਼ੀਤਲ ਚਾਹੀਦੀ ਐ-ਬੋਲ ਸ਼ੀਤਲ ਦਿੱਤੀ।" ਮੈਡਮ ਆਪਣੇ ਪੱਟਾਂ 'ਤੇ ਜ਼ੋਰ ਨਾਲ ਹੱਥ ਧਰੀ ਚੀਕ ਰਹੀ ਸੀ।

ਜਸਵੰਤ ਦੀ ਮੋਟੀ ਤੇ ਕਰੜੀ ਉਂਗਲ ਨੇ ਉਸ ਦੇ ਕੱਛੇ ਦਾ ਇਲਾਸਟਿਕ ਤੋੜ ਦਿੱਤਾ ਸੀ ਤੇ ਉਸ ਨੂੰ ਇਕ ਹੀ ਝਟਕੇ ਨਾਲ ਪਾੜ ਕੇ ਪਾਸੇ ਸੁੱਟ ਦਿੱਤਾ ਸੀ,"ਦਿੱਤੀ ਵੈਰਨੇ ਦਿੱਤੀ।" ਬੇਸਾਹ ਜਸਵੰਤ ਕਹਿ ਰਿਹਾ ਸੀ। "ਇਹਨੂੰ ਰਣਜੀਤ ਸਮਝ ਕੇ ਹੱਥ ਚੁੱਕ ਦੇ ਹੁਣ।" ਮੈਡਮ ਨੂੰ ਉਸ ਦੇ ਮਨ ਨੇ ਕਿਹਾ ਤੇ ਉਸ ਨੇ ਹੱਥ ਚੁੱਕ ਦਿੱਤੇ।

ਮੈਡਮ ਦੀਆਂ ਸ਼ਰਾਬੀ ਜਿਹੀਆਂ ਚੀਕਾਂ ਇਸ ਤਰ੍ਹਾਂ ਉਠ ਰਹੀਆਂ ਸਨ ਜਿਵੇਂ ਕੋਈ ਜਿੰਦ ਪਹਾੜ ਦੇ ਖਰਾੜੇ ਪੱਥਰ ਥੱਲੇ ਆ ਗਈ ਹੋਵੇ-ਜਿਵੇਂ ਬੱਕਰੇ ਨੂੰ ਖੁੰਢੇ ਟੋਕੇ ਨਾਲ ਬਾਰ ਬਾਰ ਕਟਿਆ ਜਾ ਰਿਹਾ ਹੋਵੇ।

ਬਾਹਰ ਨੌਕਰ ਚੀਕਾਂ 'ਚੋ ਸੁਆਦ ਲੈਂਦੇ ਸੁਆਦ ਸੁਆਦ ਹੋ ਰਹੇ ਸਨ।

ਬਿਸਤਰੇ 'ਤੇ ਢੇਰੀ ਗੁਲਾਬ ਦੀਆਂ ਪੱਤੀਆਂ ਲਹੂ 'ਚ ਗੱਚ ਹੋ ਗਈਆਂ ਸਨ।

ਮੈਡਮ ਬੇਹੋਸ਼ ਸੀ। ਜਸਵੰਤ ਨੂੰ ਇਸ ਤਰ੍ਹਾਂ ਮਹਿਸੂਸ ਹੋਇਆ ਜਿਵੇਂ ਕੋਈ ਮੁਰਦਾ ਲਾਸ਼ ਉਸ ਦੀਆਂ ਬਾਹਾਂ 'ਚ ਪਈ ਹੋਵੇ।

ਉਹ ਘਬਰਾ ਉਠਿਆ। ਉਸ ਘੜੀ ਵੱਲ ਨਜ਼ਰ ਮਾਰੀ। ਦੋ ਵੱਜੇ ਸਨ। ਉਸ ਮੈਡਮ ਦੀ ਨਬਜ਼ ਟੋਹੀ-ਨਬਜ਼ ਖੜ੍ਹੀ ਖੜ੍ਹੀ ਜਾਪੀ। ਸਰੀਰ ਸਰਦ ਸਰਦ।

ਜਸਵੰਤ ਘਬਰਾ ਕੇ ਥੋੜ੍ਹਾ ਚਿਰ ਬੈਠਾ ਰਿਹਾ। ਉਸ ਨੂੰ ਲੱਗਿਆ ਕਿ ਕਤਲ ਗਲ ਪੈ ਚੁੱਕਿਆ ਹੈ। ਇਸ ਤਰ੍ਹਾਂ ਦੀਆਂ ਲਾਸ਼ਾਂ ਉਸ ਨੇ ਬਾਕੀ ਕਾਕਿਆਂ ਨਾਲ ਰਲ ਕੇ ਲੇਖੇ ਲਾਈਆਂ ਸਨ ਪਰ ਉਹ ਲਾਸ਼ ਉਸ ਦਾ ਹਿੱਕ ਨਾਲ ਲਾਈ ਰੱਖਣ ਨੂੰ ਜੀਅ ਕਰਦਾ ਸੀ। ਉਹ ਬੜਾ ਚਿਰ ਸਿਰ ਫੜ ਕੇ ਬੈਠਾ ਰਿਹਾ।

ਉਸ ਦਾ ਚਾਣਚੱਕ ਹੱਥ ਮੈਡਮ ਦੇ ਸੀਨੇ 'ਤੇ ਟਿਕ ਗਿਆ। ਸੀਨਾ ਬਰਾਬਰ ਧੜਕ ਰਿਹਾ ਸੀ।

ਜਸਵੰਤ ਉਛਲ ਪਿਆ। ਬੇ-ਹੋਸ਼ ਮੈਡਮ ਦੇ ਮਿਠੇ ਤੇ ਬੇਚਾਰੇ ਜਿਹੇ ਮੂੰਹ ਨੂੰ ਚੁੰਮਿਆ।

ਪਰ ਉਸ ਦੀ ਨਿਗਾਹ ਗਈ ਕਿ ਖ਼ੂਨ ਬਰਾਬਰ ਵਗ ਰਿਹਾ ਸੀ। ਪਲ ਪਲ ਬਿਸਤਰਾ ਤਰ ਹੁੰਦਾ ਜਾ ਰਿਹਾ ਸੀ।

ਜਸਵੰਤ ਤੇਜ਼ੀ ਨਾਲ ਬਾਹਰ ਨਿਕਲਿਆ। ਜੀਪ ਦੀਆਂ ਚੀਕਾਂ ਕਢਾ ਦਿੱਤੀਆਂ। ਨਰਸ ਦਾ ਕੁੰਡਾ ਖੜਕਾਇਆ। ਸਾਰੀ ਵਿਥਿਆ ਸੁਣਾ ਦਿੱਤੀ। ਨਰਸ ਤਾਂ ਜਸਵੰਤ ਦੇ ਆਪਣੇ ਹੀ ਘੜੇ ਦੀ ਮੱਛੀ ਸੀ। ਉਹ ਪਾਸੋਂ ਸੱਚ ਛੁਪਾਣ ਦੀ ਕੀ ਜ਼ਰੂਰਤ ਸੀ?

"ਕਿਤੇ ਪਰੈਗਨੈਂਟ ਤਾਂ ਨਹੀਂ ਸੀ ਕੋਈ ਦਵਾਈ ਦਿੱਤੀ ਹੋਵੇ।"

"ਕਿਹੜੀ ਦਵਾਈ। ਉਸ ਦਾ ਪਹਿਲਾ ਦਿਨ ਸੀ।"

"ਪਹਿਲਾ ਦਿਨ ਨਈਂ ਪਹਿਲੀ ਰਾਤ।" ਨਰਸ ਹੱਸ ਪਈ ਸੀ,"ਪਹਿਲੀ ਰਾਤ ਵਾਲੀਆਂ ਮਿਲਣ ਲੱਗ ਪਈਆਂ ਇਸ ਕਰਕੇ ਸਾਡੇ ਰਾਹ ਲੰਘਣਾ ਹੀ ਬੰਦ ਕਰ ਦਿੱਤਾ।" ਭੱਜੀ ਜਾਂਦੀ ਜੀਪ 'ਚ ਨਰਸ ਨੇ ਗੱਲ ਰੜਕਾਈ।

ਮੈਡਮ ਉਸੀ ਤਰ੍ਹਾਂ ਬੇਸੁਰਤ ਸੀ।

ਖ਼ੂਨ ਉਸੀ ਤਰ੍ਹਾਂ ਵਗ ਰਿਹਾ ਸੀ।

ਨਰਸ ਨੇ ਮੈਡਮ ਦੇ ਕੰਵਾਰੇ ਸਰੀਰ ਦੀ ਛਾਣਬੀਣ ਕੀਤੀ। ਕਿਤੇ ਕੋਈ ਗੰਢ ਨਾ ਰੜਕੀ।

ਨਰਸ ਨੇ ਟੈਸਟ ਕਰਕੇ ਪੈਨਸਲੀਨ ਦਾ ਟੀਕਾ ਲਾ ਦਿੱਤਾ। ਅੱਧੇ ਘੰਟੇ ਮਗਰੋਂ ਮੈਡਮ ਸੁਰਤ 'ਚ ਆ ਗਈ।

"ਕੌਣ।" ਮੈਡਮ ਨੇ ਘਬਰਾ ਕੇ ਪੁੱਛਿਆ।

"ਪਰਾਏ ਨਹੀਂ।" ਨਰਸ ਹੱਸੀ। ਪਰ ਨਰਸ ਦੀ ਮੁਸਕਰਾਹਟ ਮੈਡਮ ਦਾ ਕਲੇਜਾ ਚੀਰ ਗਈ।

ਮੈਡਮ ਬਹੁਤ ਕਮਜ਼ੋਰ ਹੋ ਗਈ। ਉਸ ਤੋਂ ਹਿਲਿਆ ਤਕ ਨਹੀਂ ਜਾਂਦਾ ਸੀ। ਸਰੀਰ ਵਿਚੋਂ ਸੱਤਿਆ ਖਤਮ ਹੋਈ ਲਗਦੀ ਸੀ।

ਬਿਸਤਰਾ ਤੇ ਪਲੰਘ ਬਦਲ ਦਿੱਤਾ ਗਿਆ।

ਦਿਨ ਚੜ੍ਹ ਗਿਆ ਸੀ। ਜਸਵੰਤ ਛਾਤੀ ਫੁਲਾਈ ਖੜਾ ਪੱਟਾਂ 'ਤੇ ਭਾਰ ਦੇ ਦੇ ਕੇ ਤੁਰਦਾ ਸੀ। ਉਸ ਨੂੰ ਬੜਾ ਗਰੂਰ ਸੀ। ਮੈਡਮ ਨੇ ਚਾਹ ਪੀਤੀ। ਦਵਾਈ ਪੀਤੀ। ਕਈ ਬਾਰ ਡੁਬ ਡੁਬ ਰੋਈ। "ਹੁਣ ਰੋਣ ਦਾ ਕੀ ਲਾਭ" ਉਸ ਨੇ ਆਪਣੇ ਆਪ ਨੂੰ ਸਮਝਾਇਆ।

"ਕਿਉਂ ਕਿਵੇਂ ਐਂ ਕਬੂਤਰੀਏ?"

"ਮੈਥੋਂ ਪੁਛਦੈਂ?"

"ਮਜ਼ਾ ਆ ਗਿਆ।"

"ਆ ਤਾਂ ਗਿਆ ਨਾ।"

"ਮਖਿਆ ਕੀ ਪੁੱਛਦੀ ਐਂ ਪਾਨ ਦੀਏ ਬੇਗੀਏ।" ਜਸਵੰਤ ਫੇਰ ਮੈਡਮ ਦੇ ਨਜ਼ਦੀਕ ਹੋ ਗਿਆ ਸੀ।

ਬਾਹਰ ਕਾਰ ਦੇ ਰੁਕਣ ਦੀ ਆਵਾਜ਼ ਆਈ।

ਜਸਵੰਤ ਨੇ ਦੇਖਿਆ ਘਰ ਦਾ ਨੌਕਰ ਕਾਰ ਲੈ ਕੇ ਆਇਆ ਸੀ।

"ਸਰਦਾਰ ਜੀ ਬੀਬੀ ਜੀ ਖੇਤ ਆ ਰਹੇ ਸਨ।"

"ਹੈਂ?"

"ਹਾਂ-ਨਾਲ ਸਰਦਾਰਨੀ ਵੀ।"

"ਹੁਣੇ ਮੁੜ ਤੇ ਕਹਿ ਖੇਤ ਕੁੱਤਿਆਂ ਵਾਲੇ ਸਰਦਾਰ ਆਉਣ ਵਾਲੇ ਹੈਨ।"

ਜਸਵੰਤ ਨੂੰ ਸੁੱਝ ਗਈ। ਪਰ ਨੌਕਰ ਦੀ ਥਾਂ ਉਹ ਖੁਦ ਘਰ ਜਾ ਕੇ ਰੋਕ ਕੇ ਆਇਆ। ਸ਼ੀਤਲ ਉਸ ਵੱਲ ਝਾਕਦੀ ਸੀ ਪਰ ਜਸਵੰਤ ਅੱਖ ਚੁਰਾਂਦਾ ਸੀ। ਦੋਸ਼ੀਆਂ ਵਾਂਗ ਮੱਥੇ ਨਹੀਂ ਲੱਗ ਰਿਹਾ ਸੀ।

ਦਿਨ ਗੁਜ਼ਰ ਰਿਹਾ ਸੀ। ਮੈਡਮ ਠੀਕ ਸੀ। ਖ਼ੂਨ ਬਹੁਤ ਵਹਿਣ ਕਰਕੇ ਕਮਜ਼ੋਰੀ ਸੀ। ਉਸ ਤਾ ਮੂੰਹ ਪੀਲਾ ਹੋ ਗਿਆ ਸੀ। ਅੰਦਰ ਕਿਸੇ ਕਿਸੇ ਸਮੇਂ ਹੁਣ ਵੀ ਕਸਕ ਹੁੰਦੀ ਸੀ। ਪਰ ਉਹ ਜਾਣ ਲਈ ਤਿਆਰ ਹੋ ਗਈ।

"ਅਜ ਦੀ ਰਾਤ ਹੋਰ ਰਹਿ ਜਾ।"

"ਕਿਉਂ ਬਿਲਕੁਲ ਮਾਰਨ ਦਾ ਇਰਾਦੈ?"

"ਤੇਰੀ ਆਈ ਮੈਂ ਮਰ ਜਾਂ ਬਿਲੋ ਤੇਰਾ ਵਾਲ ਵੀ ਵਿੰਗਾ ਨਾ ਹੋਏ।"

ਬਾਹਰ ਜੀਪ ਆ ਕੇ ਰੁਕੀ।

ਨਰਸ ਤੇ ਕਾਕਾ ਬਰਜਿੰਦਰ ਵਿਚੋਂ ਉਤਰੇ। ਅੱਗੜ ਪਿੱਛੜ ਅੰਦਰ ਆ ਗਏ।

ਬਰਜਿੰਦਰ ਨੇ ਜਸਵੰਤ ਦੀ ਛਾਤੀ 'ਚ ਐਸੀ ਮੁਕੀ ਮਾਰੀ ਕਿ ਉਹ ਚੀਕ ਉਠਿਆ।

"ਸਾਲਿਆ ਚੋਰ ਨਿਕਲਿਆ।"

"ਯਾਰ ਨਹੀਂ।"

"ਅਸੀਂ ਤੈਨੂੰ ਹਰ ਬਾਰ ਨਾਲ ਨਹੀਂ ਲਿਆ?"

"ਕਾਹਲ ਨਾ ਕਰ।" ਜਸਵੰਤ ਨੇ ਮੈਡਮ ਦੇ ਡਰੋਂ ਉਸ ਦੇ ਕੰਨ 'ਚ ਕਿਹਾ।

ਮੈਡਮ ਸਭ ਸੁਣ ਰਹੀ ਸੀ।

ਨਰਸ ਨੇ ਉਸ ਦੇ ਇਕ ਹੋਰ ਟੀਕਾ ਲਾ ਦਿੱਤਾ। ਕੁਛ ਗੋਲੀਆਂ ਵੀ ਦਿੱਤੀਆਂ।

ਕਾਕਾ ਜੀ ਮੈਡਮ ਦੇ ਦਰਸ਼ਨ ਕਰਨ ਕੋਲ ਪਹੁੰਚ ਗਏ।

"ਮਾਲ ਤਾਂ ਖੈਰ ਖ਼ਰਾ ਹੈ ਯਾਰ।"

"ਬਕ ਨਾ।" ਜਸਵੰਤ ਉਸ ਦੇ ਮੂੰਹ ਹੱਥ ਦੇ ਰਿਹਾ ਸੀ।

"ਬਲਿਹਾਰੇ ਤੇਰੀ ਚੋਣ ਦੇ ਯਾਰ।"

ਦੋਵੇਂ ਬਾਹਰ ਚਲੇ ਗਏ। ਗੱਲਾਂ ਕਰਦੇ ਰਹੇ। ਅੰਦਰ ਅਨਜਾਣ ਸਹੇਲੀਆਂ ਗੱਲਾਂ ਕਰਦੀਆਂ ਰਹੀਆਂ।

ਨਰਸ ਤੇ ਕਾਕਾ ਜੀ ਤੁਰ ਗਏ।

"ਮੈਨੂੰ ਹੁਣ ਛੱਡ ਆ।"

"ਜ਼ਰੂਰ?"

"ਹਾਂ-ਮੈਂ ਜਾਣਾ ਚਾਹੁੰਦੀ ਹਾਂ।"

ਜਸਵੰਤ ਦੀ ਅਗੋਂ ਕੁਛ ਵੀ ਕਹਿਣ ਦੀ ਹਿੰਮਤ ਨਹੀਂ ਪਈ। ਜੀਪ ਕਾਲਜ ਪਹੁੰਚੀ ਤਾਂ ਸੂਰਜ ਧਰਤੀ 'ਤੇ ਵਿਛ ਗਿਆ ਸੀ।

"ਮੁਕਲਾਵਾ ਲੈਣ ਕਦੋਂ ਆਵਾਂ?"

"ਵਿਆਹ ਦੀ ਤਾਰੀਖ ਰੱਖ ਕੇ।"

"ਉਸ ਤੋਂ ਪਹਿਲਾਂ ਨਹੀਂ?"

"ਮਰਦਾਂ ਵਾਲਾ ਇਕਰਾਰ ਯਾਦ ਕਰ।"

"ਠੀਕ ਹੈ। ਵਿਆਹ ਦੀ ਤਾਰੀਖ ਨੀਅਤ ਕਰਕੇ ਹੀ ਮਿਲਾਂਗੇ।" ਜੀਪ ਧੂੜ 'ਚ ਗੁਆਚ ਗਈ।

ਮੈਡਮ ਤੁਰੀ। ਰੁਕ ਗਈ। ਸਾਹਮਣੇ ਰਣਜੀਤ ਖੜ੍ਹਾ ਸੀ। ਖਾਮੋਸ਼ ਝਾਕ ਰਿਹਾ ਸੀ। ਮੈਡਮ ਦੀਆਂ ਨਜ਼ਰਾਂ ਝੁਕ ਗਈਆਂ।

ਰਣਜੀਤ ਖਾਮੋਸ਼ ਉਸ ਦੇ ਚਿਹਰੇ ਵਲ ਤੱਕਦਾ ਰਿਹਾ। ਚਾਰ ਕਦਮਾਂ ਦੀ ਦੂਰੀ ਤੇ ਉਹ ਖੜ੍ਹੇ ਰਹੇ।

ਰਣਜੀਤ ਤੁਰ ਪਿਆ।

"ਰਣਜੀਤ?"

ਰਣਜੀਤ ਖੜ੍ਹ ਗਿਆ ਪਰ ਉਸ ਨੇ ਮੁੜ ਕੇ ਤਕਿਆ ਨਹੀਂ। "ਮੇਰਾ ਕੋਈ ਕਸੂਰ ਹੋਇਆ ਤਾਂ ਮਾਫ ਕਰਦੀਂ।" ਕਹਿ ਕੇ ਮੈਡਮ ਅੰਦਰ ਤੁਰ ਗਈ।

ਰਣਜੀਤ ਚੁੱਪ ਖੜ੍ਹਾ ਤੁਰੀ ਜਾਂਦੀ ਮੈਡਮ ਵਲ ਤੱਕਦਾ ਰਿਹਾ। ਮੈਡਮ ਐਸੀ ਪਹੇਲੀ ਸੀ ਜਿਸ ਦੀ ਉਸ ਨੂੰ ਸਮਝ ਨਹੀ ਪੈਂਦੀ ਸੀ। ਮੈਡਮ ਐਸੀ ਰੂਹ ਸੀ ਜਿਸ

ਦਾ ਇਸ ਧਰਤੀ ਤੇ ਹੋਣਾ ਸੰਭਵ ਨਹੀਂ ਜਾਪਦਾ ਸੀ-ਰਣਜੀਤ ਸੋਚਦਾ ਖੜ੍ਹਾ ਰਿਹਾ-ਜਦ ਤਕ ਸੂਰਜ ਦੀ ਲਾਲੀ ਰਾਤ ਦੇ ਹਨੇਰੇ 'ਚ ਨਾ ਵਟ ਗਈ।

## 26.

ਤੂੰ ਖੇੜੀਂ ਮੈਂ ਝੰਗ 'ਚ ਰੋਵਾਂ ਕਿਹੜਾ ਧੀਰ ਬਨ੍ਹਾਵੇ,
ਹਉਕਾ ਹਉਕਾ ਹੋ ਕੇ ਮੇਰੀ ਜਿੰਦੜੀ ਮੁਕਦੀ ਜਾਵੇ।

ਅਗਲੇ ਦਿਨ ਮੈਡਮ ਕਾਲਜ ਪਹੁੰਚੀ। ਸਰੀਰਕ ਕਮਜ਼ੋਰੀ ਸੀ ਪਰ ਉਹ ਸੱਜਰੀ ਸੱਜਰੀ ਬਣ ਕੇ ਗਈ ਸੀ।

"ਵਿਚੋਲਣੇ ਲੱਡੂ ਕਦੋਂ ਕੁ ਖਿਲਾਣੇ ਨੇ ?" ਪ੍ਰਿੰਸੀਪਲ ਨੇ ਪੁੱਛਿਆ।

"ਜਦ ਕਹੋ।"

"ਸਾਰੀ ਗੱਲ ਤਹਿ ਹੋ ਗਈ ?"

"ਹਾਂ।"

ਪ੍ਰਿੰਸੀਪਲ ਦਾ ਮੂੰਹ ਉਤਰ ਗਿਆ। ਉਸ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਕਿਸੇ ਨੇ ਉਸ ਪਾਸੋਂ ਕੁਛ ਖੋਹ ਲਿਆ ਸੀ। ਮੈਡਮ ਪ੍ਰਿੰਸੀਪਲ ਦਾ ਜਿਹਰਾ ਪੜ੍ਹ ਪੜ੍ਹ ਹੈਰਾਨ ਹੋ ਰਹੀ ਸੀ।

"ਕਿਸਮਤ ਦਾ ਬੜਾ ਬਲੀ ਲੜਕਾ ਹੈ।"

"ਹਾਂ! ਨਹੀਂ ਤਾਂ ਸ਼ੀਤਲ ਦਾ ਰਿਸ਼ਤਾ ਮਿਲਣਾ ਤਮਾਸ਼ਾ ਨਹੀਂ।"

"ਮੈਂ ਤਾਂ ਹੈਰਾਨ ਹਾਂ ਉਸ ਦੇ ਘਰ ਵਾਲੇ ਰਾਜ਼ੀ ਹੋ ਗਏ।"

"ਹੈਰਾਨ ਮੈਂ ਵੀ ਹਾਂ।"

"ਇਸ ਪਾਸ ਹੈ ਕੀ-ਸ਼ੀਤਲ ਐਡੇ ਘਰਾਣੇ ਦੀ ਲੜਕੀ।"

"ਤੈਨੂੰ ਡੈਣੇ ਕੀ ਪਤੈ ਰਣਜੀਤ ਪਾਸ ਕੀ ਹੈ।" ਮੈਡਮ ਨੇ ਮਨ 'ਚ ਕਿਹਾ।

ਕਾਲਜ ਵਿਚ ਚਰਚਾ ਸ਼ੁਰੂ ਸੀ। ਹਰ ਕਲਾਸ ਦੀਆਂ ਲੜਕੀਆਂ ਰਣਜੀਤ ਤੋਂ ਪਾਰਟੀ ਮੰਗਦੀਆਂ ਸਨ। ਰਣਜੀਤ ਉਦਾਸ ਮੂੰਹ ਨਾਲ ਪੁਛਦਾ ਸੀ "ਕਿਸ ਗੱਲ ਦੀ ਪਾਰਟੀ ?"

ਮੈਡਮ ਤੇ ਰਣਜੀਤ ਸਟਾਫ਼ ਰੂਮ ਵਿਚ ਚੁੱਪ ਚੁੱਪ ਬੈਠੇ ਸਨ। ਗੱਲ ਨਹੀਂ ਕਰ ਰਹੇ ਸਨ। ਅਖੀਰ ਰਣਜੀਤ ਉਠ ਕੇ ਤੁਰ ਪਿਆ।

"ਕਿਉਂ ਸਾਡੇ ਨਾਲ ਗੱਲ ਕਰਨਾ ਵੀ ਗਵਾਰਾ ਨਹੀਂ ?"

ਰਣਜੀਤ ਚੁੱਪ ਖੜ੍ਹ ਗਿਆ।

"ਮੇਰੇ ਨਾਲ ਨਾਰਾਜ਼ ਹੈਂ ਰਣਜੀਤ ?" ਮੈਡਮ ਦੀ ਆਵਾਜ਼ 'ਚ ਇਕ ਹੂਕ ਸੀ-ਦੁੱਖ ਦੀ ਭੁੱਬ।

"ਕੀ ਮੈਂ ਪੁੱਛ ਸਕਦਾਂ ਕਿਥੇ ਗਈ ਸੈਂ ?"

"ਮੇਰੇ ਯਾਰ ਇਹ ਨਾ ਪੁੱਛ।" ਮੈਡਮ ਦਾ ਮਨ ਫਿਸ ਪਿਆ ਤੇ ਉਹ ਭੁੱਬਾਂ ਮਾਰ ਕੇ ਰੋ ਪਈ।

ਰਣਜੀਤ ਨੇ ਉਸ ਦੇ ਜਜ਼ਬਾਤ ਨੂੰ ਠੰਢਾ ਕੀਤਾ। "ਮੇਰੇ ਯਾਰ-ਤੂੰ ਮੇਰੀ ਅੱਗ 'ਚ ਸੜ ਰਹੀ ਹੈਂ ਮੈਂ ਮਰ ਰਿਹਾਂ ਹਾਂ। ਪਰ ਤੂੰ ਇਸ ਤਰ੍ਹਾਂ ਦੀ ਅੱਗ 'ਚ ਸੜਨ ਦੀ ਕਦੇ ਭੁੱਲ ਨਾ ਕਰੀਂ ਜਿਸ ਨੂੰ ਮੈਂ ਸਹਿ ਨਾ ਸਕਾਂ।"

ਮੈਡਮ ਦੀ ਜ਼ਬਾਨ ਚੁੱਪ ਸੀ। ਹਉਕਾ ਸ਼ੁਰੂ ਸੀ। ਪਰ ਅੱਖਾਂ ਗੁਨਾਹ ਮੰਨ ਰਹੀਆਂ ਸਨ ਕਿ ਉਹ ਤਾਂ ਉਸ ਅੱਗ 'ਚ ਸੜ ਵੀ ਚੁੱਕੀ ਸੀ। ਘੰਟੀ ਖੜਕੀ ਤਾਂ ਉਹ ਦੋਵੇਂ ਕਲਾਸ 'ਚ ਚਲੇ ਗਏ। ਦੋਹਾਂ ਦਾ ਉਖੜਿਆ ਮਨ ਕੁਛ ਵੀ ਪੜ੍ਹਾਉਣ ਨੂੰ ਨਹੀਂ ਕਰ ਰਿਹਾ ਸੀ।

ਪਰ ਰਣਜੀਤ ਦੀ ਪੜ੍ਹਾਈ ਦਾ ਜਸ ਪਹਿਲਾਂ ਵਾਲਾ ਹੀ ਸੀ।

"ਤਿਆਰੀ ਕਰਨੀ ਸ਼ੁਰੂ ਕਰ।" ਮੈਡਮ ਨੇ ਕਿਹਾ। ਅਗਲੇ ਦਿਨ ਤਕ ਮੈਡਮ ਕੀਤੇ ਗੁਨਾਹ ਦਾ ਖ਼ਿਆਲ ਭੁੱਲ ਗਈ ਸੀ। ਰਣਜੀਤ ਨੂੰ ਖਿੜੇ ਮੱਥੇ ਮਿਲਦੀ ਸੀ। ਅੱਖਾਂ 'ਚ ਅੱਖਾਂ ਪਾ ਕੇ ਗੱਲ ਕਰਦੀ ਸੀ।

"ਕਿਸ ਗੱਲ ਦੀ ਤਿਆਰੀ ?"

"ਵਿਆਹ ਦੀ।"

"ਚਲ ਹੁਣੇ ਕਰੀਏ।"

"ਨਹੀਂ ਸ਼ੀਤਲ ਨਾਲ।"

"ਉਹ ਝੂਠੀ ਉਮੀਦ ਹੈ।"

"ਮੈਂ ਝੂਠ ਨਹੀਂ ਬੋਲ ਰਹੀ।"

"ਪਰ ਤੂੰ ਸੱਚ ਵੀ ਨਹੀਂ ਬੋਲ ਰਹੀ।"

"ਮੇਰੇ 'ਤੇ ਭਰੋਸਾ ਨਹੀਂ ?"

"ਤੇਰੇ 'ਤੇ ਹੈ ਪਰ ਆਪਣੀ ਤਕਦੀਰ 'ਤੇ ਨਹੀਂ।"

"ਉਹ ਕਿਉਂ ?"

"ਅੱਡੀਆਂ ਚੁੱਕ ਕੇ ਫਾਹਾ ਲੈਣਾ ਅਕਲਮੰਦੀ ਨਹੀਂ-ਮੈਡਮ ਮੈਨੂੰ ਪਤਾ ਨਹੀਂ ਕਿਉਂ ਸ਼ੀਤਲ ਭੁੱਲ ਗਈ ਹੈ। ਜਾਪਦੈ ਜਿਵੇਂ ਮੈਂ ਸੁਪਨਾ ਦੇਖਿਆ ਸੀ-ਹਾਂ ਕਦੇ ਕਦੇ ਕੀਤਾ ਗੁਨਾਹ ਸਚਾਈ ਲਗਦੈ।"

"ਪਰ ਇਹ ਵੀ ਸਚਾਈ ਹੈ ਤੇਰਾ ਸ਼ੀਤਲ ਨਾਲ ਵਿਆਹ ਹੋ ਰਿਹੈ।"

"ਤੂੰ ਕਹੇਂ ਤੇਰੇ ਨਾਲ ਹੋ ਰਿਹੈਂ ਮੈਂ ਸੁਣ ਲਵਾਂ ਤੇ ਸ਼ਾਇਦ ਖ਼ੁਸ਼ ਵੀ ਹੋਵਾਂ-ਸ਼ੀਤਲ ਨਾਲ ਵਿਆਹ ਨਾ ਸਚਾਈ ਹੈ ਤੇ ਨਾ ਹੀ ਖ਼ੁਸ਼ੀ ਦਾ ਬਾਇਸ।"

"ਕਿਸ ਤਰ੍ਹਾਂ ਦੀਆਂ ਥਿੜਕੀਆਂ ਗੱਲਾਂ ਕਰਦੈਂ ਯਾਰ ?"

"ਠੀਕ ਗੱਲਾਂ ਕਰਦਾਂ ਮੈਡਮ।"

"ਤੂੰ ਚਾਰ ਦਿਨ ਸਬਰ ਤਾਂ ਕਰ।"

"ਚਾਰ ਨਹੀਂ ਅੱਠ ਦਿਨ ਕਰਾਂਗਾ ਪਰ ਮੈਡਮ ਤੂੰ ਕੁਛ ਵੀ ਸੌਦਾ ਕਰੇਂ-ਤੈਨੂੰ ਮੇਰੀ ਕਸਮ-ਮੇਰੇ ਨਾਲ ਸਲਾਹ ਜ਼ਰੂਰ ਕਰੀਂ।"

ਰਣਜੀਤ ਤੁਰ ਗਿਆ।

ਮੈਡਮ ਦੀਆਂ ਅੱਖਾਂ 'ਚ ਹੰਝੂ ਕੰਬ ਉਠੇ।

ਰਣਜੀਤ ਦਾ ਮਨ ਇਤਨਾ ਉਚਾਟ ਹੋ ਗਿਆ ਸੀ। ਪਤਾ ਨਹੀਂ ਕਿਵੇਂ ਉਹ ਕਾਲਜ ਆਂਦਾ ਸੀ। ਚਿਹਰੇ 'ਤੇ ਦੁੱਖ ਝਲਕਦਾ ਸੀ-ਬਾਪ ਦਾ ਬੀਰ ਚਾਚਾ ਜਿਸ ਰਣਜੀਤ ਦੀ ਕੁੰਜ ਲਾਹੀ-ਬਚਪਨ ਤੋਂ ਜ਼ੁਲਮ ਕਰਦਾ ਰਿਹਾ-ਰਿਸ਼ਤਾ ਲਿਆ-ਵਿਆਹ ਕੀਤਾ-ਜ਼ਮੀਨ ਨਾ ਕਰਵਾ ਕੇ ਖ਼ੁਸ਼ ਹੋ ਗਿਆ-ਧਰਮ ਪਤਨੀ ਜਿਹੜੇ ਪੜ੍ਹੇ ਲਿਖੇ ਦਾ ਕਦੇ ਮਨ ਨਾਂ ਪੜ੍ਹ ਸਕੀ-ਰਾਤ ਮਿਲੀ ਤਾਂ ਵਿਸ਼ੇ ਭੋਗ ਚ ਪਾਗਲ ਕੀਤੀ ਗੱਲ ਖੱਟੀ ਹੋਈ ਕਚਹਿਰੀਆਂ 'ਚ ਪਹੁੰਚ ਗਈ। ਖਰਚਾ ਲੈ ਕੇ ਬਾਗ਼ ਬਾਗ਼ ਹੋ ਗਈ-ਰਿਸ਼ਤੇਦਾਰਾਂ ਦੀਆਂ ਨਿਰਦਈ ਕਿਰਪਾਨਾਂ ਨੇ ਚੀਰ ਚੀਰ ਸੁਟਿਆ-ਹੁਣ ਵੀ ਕੋਈ ਨਾ ਕੋਈ ਰਾਤ ਆਣ ਹੀ ਵਾਲੀ ਸੀ ਜਿਸ ਲਈ ਰਣਜੀਤ ਆਪਣੇ ਦਰਵਾਜ਼ੇ ਖੁਲ੍ਹੇ ਛੱਡ ਦੇ ਸੌਂਦਾ ਸੀ-ਉਡੀਕ ਕਰਦਾ ਹਰ ਸਵੇਰ ਨਿਰਾਸ਼ ਹੁੰਦਾ ਸੀ ਕਿ ਰਾਤ ਲੰਘ ਗਈ। ਸ਼ੀਤਲ ਦੇ ਮਾਪੇ-ਇਸ ਲਈ ਸ਼ੀਤਲ ਨੂੰ ਪਿੰਜਰੇ ਪਾ ਤੜਪਾ ਰਹੇ ਸਨ-ਕਿਉਂਕਿ ਰਣਜੀਤ ਗਰੀਬ ਸੀ। ਪਹਿਲਾਂ ਵਿਆਹਿਆ ਸੀ-ਮੈਡਮ ਪ੍ਰਿੰਸੀਪਲ ਮਜਬੂਰੀ 'ਚ ਖ਼ੁਸ਼ ਰਹਿੰਦੀ ਸੀ। ਕੋਈ ਵੱਸ ਨਹੀਂ ਚਲਦਾ ਸੀ-ਰਣਜੀਤ ਤੂੰ ਕਾਹਦੇ ਲਈ ਇਸ ਘੇਰੇ 'ਚ ਫਿਰ ਰਿਹੈਂ- ਰਣਜੀਤ ਨੇ ਆਪਣੇ ਆਪ ਤੋਂ ਚੀਕ ਕੇ ਪੁੱਛਿਆ ਸੀ-ਹਾਂ-ਮੈਂ ਮੈਡਮ ਪ੍ਰੋਫੈਸਰ ਨੂੰ ਛੱਡ ਕੇ ਕਿਤੇ ਨਹੀਂ ਜਾ ਸਕਦਾ-ਉਸ ਨੂੰ ਅੰਦਰੋਂ ਜਵਾਬ ਮਿਲਿਆ ਸੀ।

ਰਣਜੀਤ ਪਾਗਲ ਹੋ ਚੁੱਕਿਆ ਸੀ। ਹੱਸਦਾ ਸੀ ਤਾਂ ਅਚਾਨਕ ਪਾਗਲਾਂ ਵਾਂਗ-ਨਹੀਂ ਤਾਂ ਚੁੱਪ ਧਾਰੀ ਰੱਖਦਾ ਸੀ।

ਮੈਡਮ ਦੇਖ ਦੇਖ ਝੂਰਦੀ ਸੀ। ਮੈਡਮ ਵੀ ਸੁਰਮੇ ਵਾਂਗ ਖੁਰਦੀ ਜਾ ਰਹੀ ਸੀ। ਮੈਡਮ ਤੋਂ ਹਰ ਗੱਲ ਵੱਸ ਤੋਂ ਬਾਹਰ ਦੀ ਸੀ।

"ਆਉਣਾ ਯਾਦ ਆ ਗਿਆ?" ਮੈਡਮ ਨੇ ਜਸਵੰਤ ਨੂੰ ਪੁੱਛਿਆ। ਮੈਡਮ ਨੀਮ ਪਾਗਲ ਜਿਹੀ ਹੋਈ ਪਤਾ ਨਹੀਂ ਕੀ ਹੱਕ ਸਮਝਣ ਲੱਗ ਪਈ ਸੀ ਜਸਵੰਤ ਉਪਰ।

"ਪ੍ਰਬੰਧ ਜੋ ਕਰਨਾ ਸੀ।"

"ਤਿਆਰੀ ਸ਼ੁਰੂ ਹੈ?" ਮੈਡਮ ਪਾਗਲਾਂ ਵਾਂਗ ਜਜ਼ਬਾਤੀ ਵੀ ਹੋ ਉਠੀ।

"ਹਾਂ-ਦਿਨ ਰਾਤ ਤਿਆਰੀ ਚਲ ਰਹੀ ਹੈ।"

"ਮੈਂ ਰਣਜੀਤ ਨੂੰ ਦੱਸਾਂ?"

"ਇਤਨੀ ਜਲਦੀ ਕੀ ਹੈਂ।"

ਰਣਜੀਤ ਲੰਘ ਰਿਹਾ ਸੀ, ਜਸਵੰਤ ਰਣਜੀਤ ਵਲ ਇਸ ਤਰ੍ਹਾਂ ਝਾਕਿਆ ਜਿਵੇਂ ਕਸਾਈ ਬੱਕਰੇ ਵੱਲ।

"ਇਹੀ ਉਹ ਕਤਾਬੜੀਆਂ ਵਾਲੈ ਨਾ?"

"ਹਾਂ-ਬਹੁਤ ਕਾਬਲ ਇਨਸਾਨ ਹੈ।"

"ਠੀਕ ਹੈ।" ਜਸਵੰਤ ਨੇ ਦੰਦ ਪੀਹੇ। ਉਸ ਦੀਆਂ ਅੱਖਾਂ ਖ਼ੂਨੀ ਹੋ ਗਈਆਂ ਸਨ।

ਜਸਵੰਤ ਨੂੰ ਦੇਹਰਾਦੂਨ ਤੋਂ ਉਸ ਦੀ ਭਾਲ ਸੀ।

"ਸ਼ੀਤਲ ਮੌਜ ਕਰੇਗੀ-ਸਾਰੀ ਉਮਰ ਅਸੀਸਾਂ ਦੇਵੇਗੀ।" ਮੈਡਮ ਸਰੂਰ 'ਚ ਕਹਿ ਰਹੀ ਸੀ।

"ਹੋਰਾ ਸੁਣਾ ਕੀ ਹਾਲ ਹੈ?"

"ਠੀਕ ਹੈ-ਸੋਚਦੀ ਸਾਂ ਤੂੰ ਮਿਲਣ ਕਿਉਂ ਨਹੀਂ ਆਇਆ?"

"ਦਿਲ ਬੜਾ ਬੇਕਾਬੂ ਸੀ ਪਰ।"

"ਚਲੋ ਠੀਕ ਹੈ-ਰਣਜੀਤ ਨੂੰ ਕਦੋਂ ਕੁ ਦੱਸਾਂ?"

"ਇਹ ਰਹਿੰਦਾ ਕਿਥੇ ਐ?"

ਮੈਡਮ ਨੇ ਉਸ ਦਾ ਖੁਲ੍ਹੇ ਦਰਵਾਜ਼ਿਆਂ ਵਾਲਾ ਘਰ ਦੱਸ ਦਿੱਤਾ।

ਚੰਗਾ ਮੈਂ ਤੈਨੂੰ ਵਿਆਹ ਤੋਂ ਪਹਿਲਾਂ ਲੈਣ ਆਵਾਂਗਾ?"

"ਨਹੀਂ।"

## 27.

**ਹੋਗੀਆਂ ਪਟੋਲਿਆ ਤਿਆਰੀਆਂ,**
**ਕੱਤਣੀ ਨੂੰ ਫੁੱਲ ਲੱਗ ਗਏ।**

ਸ਼ੀਤਲ ਪਿੰਜਰੇ 'ਚ ਸੀ-ਸੋਨ ਚਿੜੀ ਵਾਂਗ। ਕਰੜਾ ਪਹਿਰਾ ਸੀ ਨਾ ਕਿਤੇ ਨਿਕਲ ਸਕਦੀ ਸੀ, ਨਾ ਕਾਗਜ਼ 'ਤੇ ਚਾਰ ਲਾਈਨਾਂ ਵਾਹ ਕੇ ਚਿੱਠੀ ਕਿਤੇ ਪਾ ਸਕਦੀ ਸੀ। ਨਾ ਦਰਦ ਦੱਸ ਸਕਦੀ ਨਾ ਲਿਖ ਸਕਦੀ ਸੀ।

ਪਿੰਜਰੇ 'ਚ ਬੈਠੀ ਸਾਰਾ ਦੇਖ ਸਕਦੀ ਸੀ।

ਉਸ ਨੂੰ ਸੋਨੇ 'ਚ ਮੜ੍ਹਨ ਦੀਆਂ ਤਿਆਰੀਆਂ ਹੋ ਰਹੀਆਂ ਸਨ। ਕੰਮ ਬੜੀ ਕਾਹਲੀ ਕਾਹਲੀ ਹੋ ਰਿਹਾ ਸੀ। ਸੋਨੇ ਦੇ ਸੈਟ ਅਣਗਿਣਤ ਸਨ। ਸੂਟ, ਬਿਸਤਰੇ, ਫਰਨੀਚਰ, ਬਰਤਨ, ਜਿਵੇਂ ਸਾਰਾ ਬਾਜ਼ਾਰ ਹੀ ਖਰੀਦ ਕੇ ਲੈ ਆਂਦਾ ਹੋਵੇ। ਇਕ ਕਾਰ 'ਤੇ ਇਕ ਜੀਪ ਸ਼ੀਤਲ ਨੂੰ ਦੇਣ ਲਈ ਖਰੀਦੀ ਗਈ।

ਸਾਰਾ ਘਰ ਰੰਗ ਰੋਗਨ ਨਾਲ ਚਮਕ ਉਠਿਆ ਸੀ।

ਵਿਆਹ 'ਚ ਤਿੰਨ ਦਿਨ ਬਾਕੀ ਸਨ।

ਮੈਡਮ ਨੂੰ ਜਸਵੰਤ ਲੈ ਆਇਆ।

ਮੈਡਮ ਸਾਰੀ ਤਿਆਰੀ ਨੂੰ ਤੱਕ ਕੇ ਹੱਕੀ ਬੱਕੀ ਰਹਿ ਗਈ। ਫੇਰ ਉਹਦੇ ਹੋਸ਼ ਗੁੰਮ ਹੋ ਗਏ ਜਦ ਉਸ ਨੂੰ ਪਤਾ ਲੱਗਿਆ ਪਰਸੋਂ 'ਕੁੱਤਿਆਂ ਵਾਲੇ ਸਰਦਾਰ' ਸਿਆਲਾਂ ਦੇ ਢੁਕ ਰਹੇ ਸਨ।

ਸਾਹਮਣੇ ਸ਼ੀਤਲ-ਹੀਰ ਰਣਜੀਤ-ਰਾਂਝੇ ਦੇ ਖ਼ਿਆਲਾਂ 'ਚ ਡੁੱਬੀ ਬੈਠੀ ਸੀ।

"ਤੂੰ ਮਰਦ ਹੈਂ?"

"ਕੋਈ ਸ਼ੱਕ ਹੈਂ?"

"ਮੈਨੂੰ ਸ਼ੱਕ ਪੈ ਗਿਆ।" ਮੈਡਮ ਅਜੀਬ ਮੁਸਕਰਾਈ।

"ਸ਼ੱਕ ਕੱਢ ਲੈ-ਚੱਲ ਖੇਤ ਚਲੀਏ।"

"ਸ਼ੀਤਲ ਨੂੰ ਖੇੜਿਆਂ ਦੇ ਤੋਰ ਕੇ।"

"ਪੱਕਾ ਇਕਰਾਰ?"

"ਮਰਦਾਂ ਵਾਲਾ" ਮੈਡਮ ਨੇ ਹੱਥ ਮਿਲਾਇਆ।

"ਮੌਜ ਮੇਲੇ ਦਾ ਸੁਆਦ ਵੀ ਕੰਮ ਤੋਂ ਵਿਹਲੇ ਹੋ ਕੇ ਹੀ ਆਉਂਦੈ।" ਜਸਵੰਤ ਸੁਆਦ 'ਚ ਗੁਆਚ ਗਿਆ ਸੀ।

"ਘੁੱਟ ਪਿਲਾ ਤਾਂ ਦੇ।"

"ਧਰਮ ਨਾਲ।"

"ਬੜੀ ਥਕਾਵਟ ਹੈ ਯਾਰ।"

ਮੈਡਮ ਦੇ 'ਯਾਰ' ਸ਼ਬਦ ਨੇ ਜਸਵੰਤ ਦੀ ਜਾਨ ਕੱਢ ਲਈ। ਉਸ ਦਾ ਮੈਡਮ ਨੂੰ ਚੁੱਕ ਕੇ ਲੈ ਜਾਣ ਲਈ ਦਿਲ ਕੀਤਾ। ਜਸਵੰਤ ਨੇ ਵਿਸਕੀ ਦਾ ਪਊਆ ਡੱਬ 'ਚੋਂ ਕੱਢ ਕੇ ਫੜਾ ਦਿੱਤਾ। ਮੈਡਮ ਨੇ ਥਾਂ 'ਤੇ ਹੀ ਖਤਮ ਕੀਤਾ ਤੇ ਜਸਵੰਤ ਨੂੰ ਫੜਾ ਦਿੱਤਾ।

"ਸ਼ੀਤਲ ਮਰਦ ਦੀ ਦੁਨੀਆ 'ਚ ਹਾਰ ਕੇ ਨਹੀਂ ਜੀਵਿਆ ਜਾ ਸਕਦਾ।"

ਮੈਡਮ ਸ਼ਰਾਬਣ ਹੋ ਗਈ ਸੀ।

"ਅਸੀਂ ਜਿੱਤ ਵੀ ਤਾਂ ਨਹੀਂ ਸਕਦੀਆਂ ਮੈਡਮ ਜੀ।"

"ਅਸੀਂ ਹਾਰ ਵੀ ਤਾਂ ਨਹੀਂ ਸਕਦੀਆਂ।"

"ਮੈਂ ਤਾਂ ਹਾਰ ਗਈ, ਮੈਡਮ ਜੀ।"

"ਮੈਂ ਤੇਰੇ ਪਿੱਛੇ ਸਭ ਕੁਛ ਲੁਟਾਤਾ ਤੇ ਤੂੰ ਹਾਰ ਮੰਨ ਗਈ।"

"ਕੀ ਕਰਾਂ?"

"ਚੱਲ ਨਿਕਲ ਚੱਲੀਏ।"

"ਕੀ ਮਸ਼ਵਰਾ ਕਰ ਰਹੀਉਂ-ਕਾਕੀ ਤੂੰ ਵਿਆਹੀ ਵਰੀ ਹੋਵੇ ਤਾਂ ਸ਼ੀਤਲ ਨੂੰ ਸਹੁਰੇ ਜਾਣ ਦੀ ਕੋਈ ਚੁਸਤੀ ਦੱਸੇਂ-ਤੂੰ ਤਾਂ ਆਪ ਇਹਦੇ ਵਰਗੀ ਹੈਂ।"

"ਮੈਂ ਇਹਦੇ ਵਰਗੀ ਕਿਥੇ ਹਾਂ।" ਮੈਡਮ ਨੇ ਮਨ 'ਚ ਕਿਹਾ। ਉਪਰੋਂ ਉਹ ਮਾਂ ਨਾਲ ਹੱਸਣ ਲੱਗ ਪਈ।

"ਕਾਕੀ ਜਸਵੰਤ ਬੜਾ ਦਿਲ ਵਾਲਾ ਕਾਕਾ ਨਿਬੜਿਆ। ਭੈਣ ਤੋਂ ਕੁਛ ਵੀ ਲੁਕੋ ਕੇ ਨਹੀਂ ਰੱਖਿਆ। ਹੁਣ ਤਕ ਸਵਾ ਲੱਖ ਤੋਂ ਉਪਰ ਖਰਚਾ ਕਰ ਚੁੱਕਿਐ। ਭਾਈ ਮਰਦਾਂ ਦੇ ਈ ਹੌਸਲੇ ਐ-ਨਾਲੇ ਫੇਰ "ਕੁੱਤਿਆਂ ਵਾਲੇ ਸਰਦਾਰਾਂ" ਨਾਲ ਮੱਥਾ ਲਾਉਣਾ ਕਿਹੜੀ ਮਾੜੇ ਧੀੜੇ ਦੀ ਗੱਲ ਸੀ। ਮੇਰੇ ਤਾਂ ਮਨ ਦਾ ਭਾਰ ਲੱਥ ਜੂ ਜਦੋਂ ਮੈਂ ਪਰਸੋਂ ਸ਼ੀਤਲ ਨੂੰ ਸੋਨੇ 'ਚ ਮੜ੍ਹ ਕੇ ਇਹਦੇ ਘਰ ਨੂੰ ਤੋਰ ਦਿਆਂਗੀ।"

"ਖੇੜਿਆਂ ਦੇ ਘਰ।"

"ਖੇੜੇ ਤਾਂ ਨਾਂ ਨਹੀਂ-ਕੁੱਤਿਆਂ ਵਾਲੇ ਸਰਦਾਰਾਂ ਦਾ ਆਪਣਾ ਚੱਕ ਹੈ।"

ਮਾਂ ਮੈਡਮ ਨੂੰ ਸਮਝਾ ਰਹੀ ਸੀ।

ਚੰਗਾ ਕਾਕੀ ਤੂੰ ਆ ਗਈ। ਤਿਆਰੀ 'ਚ ਹੱਥ ਵਟਾਏਂਗੀ-ਇਹਨੂੰ ਸਮਝਾ ਬਸ੍ਹੂ ਬਸ੍ਹੂ ਨਹੀਂ ਕਰੀਦਾ-ਰਾਜੇ ਘਰ ਜਾ ਰਹੀ ਹੈ।"

"ਮੈਂ ਇਹੀ ਸਮਝਾ ਰਹੀ ਹਾਂ ਡਰਿਆਂ ਕੁਛ ਨੀ ਸੰਵਰਦਾ।"

"ਹੋਰ ਡਰ ਕਾਹਦਾ-ਮਰਦ ਦਾ ਤਾਂ ਐਵੇਂ ਹਊਆ ਹੀ ਹੁੰਦੈ-ਕੀ ਵਿਗਾੜ ਲੈਂਦੇ।" ਮਾਂ ਕਹਿ ਕੇ ਤੁਰ ਗਈ।

"ਪਰਸੋਂ ਖੇੜੇ ਤੈਨੂੰ ਲੈਣ ਆ ਰਹੇ ਨੇ ਸ਼ੀਤਲ-ਤੇਰਾ ਕਦੇ ਸੁਖ ਸੁਨੇਹਾ ਵੀ ਨਹੀਂ ਆ ਸਕਣਾ।"

"ਮੇਰੀ ਸੁਣਾਉਣੀ ਆਏਗੀ ਮੈਡਮ ਜੀ।"

"ਜੇ ਇਹ ਕੁਛ ਹੀ ਹੋਣਾ ਸੀ-ਮੈਂ ਧਰਮ ਕਿਉਂ ਛੱਡਿਆ-ਚੰਗਾ ਜਸਵੰਤ ਤੂੰ ਵੀ ਸੱਪ ਦੀ ਖੁੱਡ 'ਚ ਹੱਥ ਦਿੱਤੈ। ਸ਼ੀਤਲ ਨੂੰ ਤੁਰ ਲੈਣ ਦੇ-ਜਿੰਦੇ ਤੂੰ ਰੋਂਦੀ ਕਾਹਤੋਂ ਹੈਂ-ਤੂੰ ਕੁਰਬਾਨੀ ਕਰਨੀ ਚਾਹੀ ਸੀ-ਕਰ ਦਿੱਤੀ। ਹੁਣ ਪਛਤਾਵਾ ਕਾਹਦਾ-ਸ਼ੁਕਰ ਕਰ ਤੇਰੀ ਜਿੰਦ ਲੇਖੇ ਲਗ ਗਈ-ਤੇਰਾ ਚੰਮ ਕਿਸੇ ਦੀਆਂ ਜੁੱਤੀਆਂ ਦੇ ਕੰਮ ਆ ਗਿਆ"-ਵੱਡੀ ਰਾਤ ਤਕ ਮੈਡਮ ਆਪਣੇ ਆਪ ਨਾਲ ਘੁਲਦੀ ਰਹੀ।

## 28.

**ਬਾਝ ਭਰਾਵਾਂ ਸਕਿਆਂ,**
**ਕਿਸੇ ਨਾ ਲੱਈ ਸਾਰ।**

ਰਣਜੀਤ ਨੇ ਅੱਜ ਰੱਜ ਕੇ ਸ਼ਰਾਬ ਪੀਤੀ ਸੀ। ਉਸ ਦੇ ਅੰਦਰ ਧੂ ਪੈ ਗਈ ਸੀ। ਜਦ ਜਸਵੰਤ ਉਸ ਦੇ ਸਾਹਮਣਿਉਂ ਲੁੰਗੀ ਨਾਲ ਸਜੀ ਮੈਡਮ ਨੂੰ ਜੀਪ 'ਚ ਬੈਠਾ ਕੇ ਹਵਾ ਨਾਲ ਲੈ ਗਿਆ ਸੀ।

ਉਹ ਜਿਉਂ ਜਿਉਂ ਸ਼ਰਾਬ ਪੀ ਰਿਹਾ ਸੀ ਤਿਉਂ ਤਿਉਂ ਉਸ ਦੀ ਰੂਹ ਦੀ ਬੇਚੈਨੀ ਵਧ ਰਹੀ ਸੀ। ਜਿਉਂ ਜਿਉਂ ਰਾਤ ਵੱਡੀ ਹੁੰਦੀ ਜਾ ਰਹੀ ਸੀ ਤਿਉਂ ਤਿਉਂ ਉਸ ਦਾ ਗਲ਼ ਸੁੱਕਦਾ ਜਾ ਰਿਹਾ ਸੀ। ਜਿਸ ਤਰ੍ਹਾਂ ਮੌਤ ਉਸ ਦੇ ਦਰਵਾਜ਼ੇ 'ਤੇ ਪਹੁੰਚ ਚੁੱਕੀ ਸੀ।

ਦਰਵਾਜ਼ੇ ਨੂੰ ਧੱਕਾ ਵੱਜਿਆ। ਦਰਵਾਜ਼ਾ ਖੁੱਲ੍ਹ ਗਿਆ। ਕੋਈ ਕੁੰਡਾ ਨਹੀਂ ਲੱਗਿਆ ਸੀ। ਜਸਵੰਤ ਅੰਦਰ ਆਇਆ। ਇਕ ਹੋਰ ਆਇਆ, ਇਕ ਹੋਰ ਆਇਆ, ਇਕ ਹੋਰ ਆਇਆ। ਜਸਵੰਤ ਹੱਥ ਪੱਕੀ ਰਾਈਫਲ ਸੀ, ਦੂਜੇ ਪਾਸ ਬੰਦੂਕ ਸੀ, ਤੀਜੇ ਪਾਸ ਰਿਵਾਲਵਰ ਸੀ। ਚੌਥੇ ਪਾਸ ਬੱਕਰਾ ਕੱਟਣ ਵਾਲਾ ਟੋਕਾ ਸੀ।

ਚਾਰ ਮੌਤ ਦੇ ਪਰਛਾਵੇਂ ਵਿਹੜੇ 'ਚ ਖੜ੍ਹੇ ਸਨ। ਅਕਤੂਬਰ ਦਾ ਮਹੀਨਾ ਹੋਣ ਕਰਕੇ ਰਣਜੀਤ ਬਰਾਂਡੇ 'ਚ ਸੁੱਤਾ ਸੀ।

ਜਸਵੰਤ ਨੇ ਝੁਕ ਕੇ ਦੇਖਿਆ। ਰਣਜੀਤ ਘੂਕ ਸੁੱਤਾ ਸੀ। ਇਕ ਬੰਦਾ ਮੂੰਹ ਨੱਪ ਲਏ, ਦੂਜਾ ਲੱਤਾਂ ਤੇ ਫਾਇਰ ਨਾਲ ਮੁਕਾ ਦੇਈਏ। ਜਸਵੰਤ ਨੇ ਪਾਸੇ ਜਾ ਕੇ ਸਲਾਹ ਕੀਤੀ।

"ਇਹ ਸ਼ਰਾਬ 'ਚ ਸੁੱਤੈ-ਇਸ ਨੂੰ ਚੱਕ ਕੇ ਲੈ ਚਲੋ-ਏਥੇ ਫਾਇਰ ਕਰਾਂਗੇ ਤਾਂ ਲੋਕ ਜਾਗ ਪੈਣਗੇ।"

ਚਾਰੇ ਰਣਜੀਤ ਦੇ ਪਾਸੀਂ ਖੜ੍ਹ ਗਏ।

ਰਣਜੀਤ ਬੇ-ਖਬਰ ਸੁੱਤਾ ਪਿਆ ਸੀ।

ਮੌਤ ਉਪਰ ਝੁਕੀ ਹੱਸ ਰਹੀ ਸੀ।

ਰਣਜੀਤ ਦਾ ਮੂੰਹ ਬੰਨ ਲਿਆ ਗਿਆ। ਤਦ ਵੀ ਉਹ ਬੇ-ਖਬਰ ਸੁੱਤਾ ਸੀ।

"ਐਸ ਕਾਲਜ ਦੀ ਕਬੂਤਰੀ ਪੱਟੀ ਲੈ ਬੇਲੀਆ।" ਜਸਵੰਤ ਬੋਲ ਰਿਹਾ ਸੀ। ਜੀਪ ਕਾਲਜ ਦੇ ਬਰਾਬਰੋਂ ਲੰਘ ਰਹੀ ਸੀ।

ਰਾਤ ਮੈਂ ਮੈਂ ਕਰ ਰਹੀ ਸੀ। ਰੋਹੀ 'ਚ ਜੀਪ ਦੀ ਆਵਾਜ਼ ਗੂੰਜ ਰਹੀ ਸੀ। ਦੋ ਵਜ ਗਏ ਸਨ।

ਸਾਹਮਣੇ ਦੂਰ ਗੱਡੀ ਦਾ ਚਾਨਣ ਸੀ।

"ਮੇਰਾ ਖ਼ਿਆਲ ਹੈ ਆਪਾਂ ਰੌਂਦ ਨਾ ਜ਼ਾਇਆ ਕਰੀਏ। ਗੱਡੀ ਦੀ ਲੀਹ 'ਤੇ ਰੱਖ ਕੇ ਤੁਰ ਚਲੀਏ।

"ਨਹੀਂ-ਮੇਰਾ ਗੁੱਸਾ ਠੰਢਾ ਨਹੀਂ ਹੋ ਸਕਦਾ"-ਜਸਵੰਤ ਨੇ ਕਿਹਾ। ਜੀਪ ਰੋਕੀ। ਰਣਜੀਤ ਨੂੰ ਬਾਹਰ ਕੱਢ ਲਿਆ। "ਮਸਾਂ ਤਾਂ ਹੱਥ ਆਇਐ।"

"ਅੱਖਾਂ ਖੋਲ ਓਏ ਕਤਾਬੜੀਆਂ ਵਾਲਿਆ-ਦੇਖ ਤੇਰੀ ਭੈਣ ਦਾ ਯਾਰ ਸਾਹਮਣੇ ਖੜ੍ਹੈ।"

ਜਸਵੰਤ ਨੇ ਕੱਸ ਕੇ ਅੱਡੀ ਰਣਜੀਤ ਦੇ ਢਿੱਡ ਵਿਚ ਮਾਰੀ।

ਰਣਜੀਤ ਜਾਗ ਰਿਹਾ ਸੀ। ਹੋਸ਼ ਆ ਚੁੱਕੀ ਸੀ।

"ਤੇਰੀ ਭੈਣ ਤੇ-ਜਾਂ ਜਸਵੰਤ ਦਾ ਪਤਾ ਨਹੀਂ ਸੀ-ਭਣੋਈਏ ਬਾਰੇ ਪਤਾ ਤਾਂ ਕਰਨਾ ਸੀ।" ਬਰਾਬਰ ਜਸਵੰਤ ਬੂਟਾਂ ਦੀਆਂ ਅੱਡੀਆਂ ਤੇ ਰਾਈਫਲ ਦੇ ਬੱਟ ਨਾਲ ਇਸ ਤਰ੍ਹਾਂ ਰਣਜੀਤ ਨੂੰ ਕੁੱਟ ਰਿਹਾ ਸੀ ਜਿਵੇਂ ਕੱਚੀ ਕੰਧ ਨੂੰ ਢਾਹ ਰਿਹਾ ਹੈ-ਰਣਜੀਤ ਕੱਚੀ ਕੰਧ ਹੀ ਤਾਂ ਸੀ-ਚੀਕ ਵੀ ਨਹੀਂ ਮਾਰ ਰਿਹਾ ਸੀ।

ਬੰਦੂਕ ਦਾ ਬੱਟ ਜਾਂ ਅੱਡੀ ਉਸ ਦੇ ਢਿੱਡ ਜਾਂ ਸਿਰ 'ਚ ਵੱਜਦੀ ਸੀ ਤਾਂ ਖਸ ਦੀ ਡਰਾਉਣੀ ਜਿਹੀ ਆਵਾਜ਼ ਚੁੱਪ ਰਾਤੇ ਦੇ ਕਲੇਜੇ 'ਚ ਵੱਜਦੀ ਸੀ।

ਜਸਵੰਤ ਮਹੀਨਿਆਂ ਦਾ ਉਬਲਦਾ ਗੁੱਸਾ ਠੰਢਾ ਕਰ ਰਿਹਾ ਸੀ। ਬਾਕੀ ਤਿੰਨ ਖੜ੍ਹੇ ਦੇਖ ਰਹੇ ਸਨ।

ਕੁਟਦਾ ਕੁਟਦਾ ਜਸਵੰਤ ਹੰਭ ਗਿਆ ਸੀ।

ਰਣਜੀਤ ਲਹੂ ਨਾਲ ਭਿੱਜ ਗਿਆ ਸੀ-ਦੇਹਰਾਦੂਨ ਦੀ ਚਾਦਰ ਵਾਂਗ ਵਿਸ਼ਰਾਮ ਘਰ ਦੇ ਪਲੰਘ ਵਾਂਗ।

"ਬਹੁਤ ਹੋ ਗਿਆ-ਗੱਡੀ ਨੇੜੇ ਹੀ ਆ ਰਹੀ ਸੀ-ਬਾਕੀ ਲਾਈਨ 'ਤੇ ਕੰਮ ਸੰਵਰ ਜਾਏਗਾ।"

"ਪੂਰੀ ਨਿਸ਼ਾ ਕਰਕੇ ਤੁਰਾਂਗੇ-ਫੜਾ ਉਰਾਂ ਟੋਕਾ-" ਜਸਵੰਤ ਨੇ ਟੋਕਾ ਫੜ ਲਿਆ। ਜੀਪ ਦੇ ਅਗਲੇ ਬੰਪਰ ਉਪਰ ਧਰਕੇ ਰਣਜੀਤ ਦਾ ਸੱਜਾ ਹੱਥ ਕੱਟ ਦਿੱਤਾ।

"ਸ਼ਾਇਦ ਇਸ ਹੱਥ ਨਾਲ ਹੀ ਕਦੇ ਚਿੱਠੀ ਲਿਖੀ ਹੋਵੇ।"

ਜਸਵੰਤ ਕਹਿ ਰਿਹਾ ਸੀ। ਫੇਰ ਉਸ ਨੇ ਰਣਜੀਤ ਦੀ ਸੱਜੀ ਲੱਤ ਪਿੰਨੀ ਕੋਲੋਂ ਦੋ ਟੱਕਾਂ ਨਾਲ ਕੱਟ ਦਿੱਤੀ।

ਗੱਡੀ ਚੀਕਾਂ ਮਾਰਦੀ ਨੇੜੇ ਪੁੱਜ ਰਹੀ ਸੀ ਰਣਜੀਤ ਪਟੜੀ 'ਤੇ ਪਿਆ ਕਰਾਹ ਰਿਹਾ ਸੀ।

ਜਸਵੰਤ ਦੀ ਜੀਪ ਦੂਰ ਦੌੜ ਰਹੀ ਸੀ।

"ਖੱਬਾ ਹੱਥ ਕੱਟਣਾ ਚਾਹੀਦਾ ਸੀ।"

"ਕਿਉਂ?"

"ਕਿਤੇ ਕੋਈ ਸ਼ਨਾਖ਼ਤ ਨਾ ਹੋ ਜਾਏ" ਰੋਜ਼ ਦੇ ਕੰਮ ਕਰਨ ਵਾਲੇ ਨੇ ਕਾਨੂੰਨੀ ਗੱਲ ਕਹੀ।

"ਗੱਡੀ ਬੋਟੀ ਬੋਟੀ ਕਰਕੇ ਖਲਾਰਦੂ-ਸ਼ਨਾਖਤਾਂ ਦੀਆਂ ਗੱਲਾਂ ਕਰਦੈ। ਸ਼ਕਲ ਤਾਂ ਪਛਾਣਨ ਜੋਗੀ ਮੈਂ ਛੱਡੀ ਹੀ ਨਹੀਂ। ਜਸਵੰਤ ਕਹਿ ਰਿਹਾ ਸੀ। ਜੀਪ ਹਵਾ ਨਾਲ ਰਲੀ ਜਾ ਰਹੀ ਸੀ। ਚਾਨਣ ਹਨੇਰੇ ਨੂੰ, ਟੋਕੇ ਦੇ ਲੱਤ ਹੱਥ ਵੱਢਣ ਵਾਂਗ, ਵੱਢ ਰਿਹਾ ਸੀ।

ਅੱਗੇ ਜਾ ਕੇ ਉਨ੍ਹਾਂ ਨੇ ਰਣਜੀਤ ਦੀ ਲੱਤ ਤੇ ਹੱਥ ਨਾਲ ਪੱਕੀ ਇੱਟ ਬੰਨ੍ਹ ਕੇ ਰਜਵਾਹੇ 'ਚ ਸੁੱਟ ਦਿੱਤਾ।

ਜੀਪ ਦੌੜ ਰਹੀ ਸੀ। ਚਾਨਣ ਬਰਾਬਰ ਹਨੇਰੇ ਨੂੰ ਵੱਢ ਰਿਹਾ ਸੀ।

## 29.

**ਓੜਕ ਮੂਜੀ ਮਾਰਿਆ।**

ਮੈਡਮ ਤੇ ਸ਼ੀਤਲ ਦੀਆਂ ਇਕ ਸਾਥ ਚੀਕਾਂ ਨਿਕਲੀਆਂ। ਉਨ੍ਹਾਂ ਦੇ ਮੱਥੇ ਟਕਰਾਏ-ਦੋਹਾਂ ਦੀ ਛਾਤੀ ਉਪਰਦੀ ਚੀਕਦੀ ਗੱਡੀ 'ਚ ਪਹੀਏ ਲੰਘ ਗਏ ਸਨ।

ਉਹ ਬੇ-ਸਾਹ ਹੋ ਚੁੱਕੀਆਂ ਸਨ।

ਮਾਂ ਨੇ ਬੱਤੀ ਜਗਾਈ। ਦੋਹਾਂ ਨੂੰ ਸੁਰਤ ਆਈ। ਦੋਹਾਂ ਦੇ ਸਰੀਰ ਮੁੜ੍ਹਕੇ ਨਾਲ ਤਰ ਸਨ।

"ਕੀ ਟਾਈਮ ਹੈ ਸ਼ੀਤਲ?"

ਤਿੰਨ ਵਜੇ ਸਨ। ਰਾਤ ਦਾ ਪਿਛਲਾ ਪਹਿਰ ਚਲ ਰਿਹਾ ਸੀ।

"ਸ਼ੀਤਲ ਪਤਾ ਨਹੀਂ ਕਿਉਂ ਮੇਰੀ ਜਾਨ ਘਟ ਰਹੀ ਹੈ। ਪਤਾ ਨਹੀਂ ਕੀ ਖੁਸ ਗਿਆ।"

"ਮੈਡਮ ਜੀ ਮੇਰੀ ਵੀ ਜਿੰਦ ਵਿਚ ਨਹੀਂ। ਪਤਾ ਨਹੀਂ ਕੀ ਆਫਤ ਢਹਿਣ ਵਾਲੀ ਹੈ।"

"ਜਸਵੰਤ ਕਿਥੇ ਹੈ?" ਮੈਡਮ ਨੇ ਪੁੱਛਿਆ।

"ਪਤਾ ਲੱਗਿਆ ਜਸਵੰਤ ਕਿਸੇ ਕੰਮ ਬਾਹਰ ਗਿਆ ਸੀ। ਰਾਤ ਨੂੰ ਮੁੜਨ ਦੀ ਉਮੀਦ ਨਹੀਂ ਸੀ।"

"ਰਣਜੀਤ ਖਤਮ ਕਰਤਾ ਬੁੱਚੜ ਨੇ।" ਮੈਡਮ ਨੇ ਦੰਦ ਪੀਹੇ-ਧਰਤੀ 'ਤੇ ਮੂੰਹ ਭਾਰ ਡਿੱਗ ਪਈ।

ਸਵੇਰੇ ਤਕ ਪਤਾ ਨਹੀਂ ਕੀ ਹੁੰਦਾ ਰਿਹਾ। ਸਵੇਰ ਹੋਈ ਤਾਂ ਨਰਸ ਤੇ ਜਸਵੰਤ ਸਾਹਮਣੇ ਖੜ੍ਹੇ ਸਨ। ਨਰਸ ਤੇ ਸ਼ੀਤਲ ਤੇ ਮੈਡਮ ਨੂੰ ਦਵਾਈ ਪਿਲਾਈ।

"ਤੂੰ ਰਾਤ ਕਿਥੇ ਸੀ?" ਮੈਡਮ ਨੇ ਜਸਵੰਤ ਨੂੰ ਪੁੱਛਿਆ।

"ਮੈਂ-ਮੈਂ-"

"ਹਾਂ ਤੂੰ?" ਮੈਡਮ ਪਾਗਲਾਂ ਵਾਂਗ ਚੀਕੀ।

"ਮੈਂ ਸਰਦਾਰਾਂ ਦੇ ਗਿਆ ਸਾਂ-ਕੋਈ ਸਲਾਹ ਕਰਨੀ ਸੀ।"

"ਸੱਚ ਬੋਲਦੈਂ?"

"ਇਹਦੇ 'ਚ ਝੂਠ ਬੋਲਣ ਵਾਲੀ ਕੀ ਗੱਲ ਹੈ?"

"ਤੇਰੇ ਕੜੇ 'ਤੇ ਖ਼ੂਨ ਕਾਹਦਾ ਲੱਗਿਆ?"

ਜਸਵੰਤ ਖ਼ੂਨ ਦੇ ਨਾਂ 'ਤੇ ਤ੍ਰਬਕਿਆ, ਪਰ ਉਹ ਸੰਭਲ ਗਿਆ।

"ਐਵੇ ਰਾਤ ਸ਼ਰਾਬੀ ਜ਼ਿਦ ਕਰਨ ਲੱਗ ਪਏ-ਬੱਕਰਾ ਕੌਣ ਇਕ ਹੀ ਟੱਕ ਨਾਲ ਵੱਢਦੈ।"

"ਤੂੰ ਵੱਢਤਾ?"

"ਅੱਧਾ ਟੱਕ ਨਹੀਂ ਸਹਾਰਿਆ।" ਜਸਵੰਤ ਨੇ ਫ਼ਖਰੀਆ ਅੰਦਾਜ਼ ਵਿਚ ਕਿਹਾ। "ਪਰ ਬੱਕਰਾ ਸੀ ਬੜਾ ਨਰਮ-ਮੈਂ ਹੈਰਾਨ ਸੀ ਇਕ ਵਾਰ ਵੀ ਨਹੀਂ ਮਿਆਂਕਿਆ-ਮੈਨੂੰ ਲੱਗਿਆ ਬੱਕਰਾ ਗੂੰਗਾ ਸੀ।"

ਮੈਡਮ ਜ਼ਬਾਨ ਵਾਲੇ ਜਸਵੰਤ ਪਾਸੋਂ ਗੂੰਗੇ ਬੱਕਰੇ ਦੀ ਵਿਆਖਿਆ ਸੁਣਦੀ ਰਹੀ।

ਢੋਲ ਵੱਜਣੇ ਸ਼ੁਰੂ ਹੋ ਗਏ। ਗੀਤ ਸ਼ੁਰੂ ਹੋ ਗਏ। ਹਰ ਪਾਸੇ ਰੰਗ ਬਰੰਗੇ ਪ੍ਰਾਹੁਣੇ ਦਿਸਣੇ ਸ਼ੁਰੂ ਹੋ ਗਏ। ਮੇਲ ਬਹੁਤ ਆਇਆ ਸੀ। ਕਿਤੇ ਤਿਲ ਧਰਨ ਨੂੰ ਵੀ ਥਾਂ ਨਹੀਂ ਸੀ।

ਬਰਾਤ ਆ ਗਈ। ਸਾਰਾ ਚੱਕ ਬਰਾਤੀਆਂ ਨਾਲ ਭਰ ਗਿਆ ਸੀ। ਕਮਰਿਆਂ 'ਚ ਜਗ੍ਹਾ ਨਹੀਂ ਸੀ ਤੇ ਲੋਕ ਦਰਖ਼ਤਾਂ ਹੇਠ ਤੇ ਖੇਤਾਂ ਵਿਚ ਮੰਜੇ ਡਾਹੀ ਸ਼ਰਾਬ ਪੀ ਰਹੇ ਸਨ-ਬੱਕਰੇ, ਮੁਰਗੇ, ਤਿੱਤਰ ਖਾ ਰਹੇ ਸਨ। ਸ਼ਰਾਬੀਆਂ ਦੀਆਂ ਚੀਕਾਂ ਸੁਣਦੀਆਂ ਸਨ।

ਜਸਵੰਤ ਵਾਰ ਵਾਰ ਮੈਡਮ ਦੇ ਦਰਸ਼ਨ ਪਾਉਣ ਆਉਂਦਾ ਸੀ। ਮੈਡਮ 'ਤੇ ਵੀ ਵਿਆਂਹਦੜ ਕੁੜੀ ਵਾਂਗ ਨਿਖਾਰ ਆਇਆ ਹੋਇਆ ਸੀ।

ਜਸਵੰਤ ਦੀ ਇਕਰਾਰ ਵਾਲੀ ਰਾਤ ਵੀ ਕਰੀਬ ਆ ਰਹੀ ਸੀ। ਜਸਵੰਤ ਨੂੰ ਚਾਅ ਚੁੱਕੀ ਲਈ ਫਿਰਦਾ ਸੀ। ਉਹ ਲੰਘਦਾ ਟੱਪਦਾ ਮੈਡਮ ਦੀ ਚੁੰਮੀ ਲੈ ਜਾਂਦਾ ਸੀ ਜਾਂ ਚੂੰਢੀ ਭਰ ਜਾਂਦਾ ਸੀ। ਮੈਡਮ ਇਕ ਟਕ ਤੱਕ ਰਹੀ ਸੀ।

ਵਿਆਹ ਹੋ ਗਿਆ। ਸ਼ੀਤਲ ਨੂੰ ਸੋਨੇ ਵਿਚ ਮੜ੍ਹ ਦਿੱਤਾ। 'ਕੁੱਤਿਆਂ ਵਾਲੇ ਸਰਦਾਰਾਂ' ਦੇ ਸੋਨੇ ਦਾ ਭਾਰ ਸ਼ੀਤਲ ਦੇ ਕੰਨਾਂ, ਹੱਥਾਂ ਨਾ ਗਲ਼ ਤੋਂ ਸਹਾਰਿਆ ਜਾਂਦਾ ਸੀ। ਸੋਨੇ ਦੇ ਰੰਗ ਨੇ ਸ਼ੀਤਲ ਨੂੰ ਹੋਰ ਵੀ ਰੰਗ ਚਾੜ੍ਹ ਦਿੱਤਾ ਸੀ।

'ਕੁੱਤਿਆਂ ਵਾਲੇ ਸਰਦਾਰ' ਦਾਜ ਦਹੇਜ ਨਾਲ ਪਰਸੰਨ ਨਹੀਂ ਸਨ। ਕਾਕੇ ਦਾ ਬਾਪੂ ਕਹਿਰ ਭਰੀਆਂ ਨਜ਼ਰਾਂ ਨਾਲ ਕਾਕੇ ਵੱਲ ਝਾਕਦਾ ਸੀ। ਸਾਰਾ ਕਸੂਰ ਕਾਕੇ ਦਾ ਸੀ ਜਿਸ ਮਲੰਗ ਰਿਸ਼ਤੇਦਾਰ ਸਹੇੜ ਲਏ ਸਨ, ਪਰ ਕਾਕਾ ਸ਼ੀਤਲ ਦੇ ਸਰੂਰ ਵਿਚ ਗੁੱਟ ਸੀ। ਉਹੀ ਪਹਿਲੀ ਰਾਤ ਨੂੰ ਪਲ ਪਲ ਗਿਣ ਕੇ ਨੇੜੇ ਲਿਆ ਰਿਹਾ ਸੀ।

"ਤੇਰੀ ਸਾਂ ਮੈਂ ਮੰਗ ਰਾਂਝਣਾ,
ਬੇਈਮਾਨ ਮੁੱਕਰ ਗਏ ਮਾਪੇ।"

ਸ਼ੀਤਲ ਨੇ ਸੋਚਿਆ। ਰਣਜੀਤ ਉਸ ਦੇ ਮਨ 'ਚ ਝਾਕ ਰਿਹਾ ਸੀ।

"ਤੇਰੀ ਹਾਂ ਮੰਗ ਰਾਂਝਣਾ-" ਸ਼ੀਤਲ ਨੇ ਦੁਬਾਰਾ ਕਿਹਾ "ਖੇੜੇ ਨਹੀਂ ਲੈ ਜਾ ਸਕਦੇ" ਉਹ ਮਨ ਦੇ ਝਰੋਖੇ 'ਚ ਬੈਠ ਰਣਜੀਤ ਨਾਲ ਗੱਲਾਂ ਕਰਦੀ ਰਹੀ।

ਨਵੀਂ ਕਾਰ 'ਚ ਬੈਠ ਕੇ ਘਰ ਵਾਲਿਆਂ ਨੂੰ ਰੋਂਦਿਆਂ ਨੂੰ ਛੱਡ ਕੇ ਤੁਰ ਗਈ।

ਸਾਰਾ ਪਰਿਵਾਰ ਰੋ ਰਿਹਾ ਸੀ। ਮੈਡਮ ਦੀਆਂ ਅੱਖਾਂ ਦਾ ਪਾਣੀ ਝੱਲਿਆ ਨਹੀਂ ਜਾਂਦਾ ਸੀ।

"ਅੜੀਏ ਸਾਡੇ ਤਾਂ ਕਾਲਜੇ ਦੀ ਆਂਦਰ ਸੀ-ਤੇਰੀ ਕੀ ਲੱਗਦੀ ਸੀ-ਤੂੰ ਐਨਾ ਰੋ ਰਹੀ ਹੈਂ?" ਮਾਂ ਮੈਡਮ ਨੂੰ ਪੁੱਛ ਰਹੀ ਸੀ।

ਮੈਡਮ ਦੀਆਂ ਅੱਖਾਂ ਵਰ੍ਹਦੀਆਂ ਰਹੀਆਂ।

ਜਸਵੰਤ ਦੀਆਂ ਅੱਖਾਂ 'ਚੋਂ ਇਕ ਵੀ ਹੰਝੂ ਨਹੀਂ ਟਪਕਿਆ ਸੀ।

"ਚਲ ਬਿਲੋ ਆਪਾਂ ਵੀ ਮੌਜ ਮੇਲਾ ਕਰੀਏ।" ਜਸਵੰਤ ਨੇ ਕਿਹਾ। ਉਹ ਸਭ ਕੰਮਾਂ ਤੋਂ ਵਿਹਲਾ ਹੋ ਗਿਆ ਸੀ।

"ਵਿਹਲਾ ਹੋ ਗਿਆ?"

"ਕੋਈ ਕੰਮ ਬਾਕੀ ਨਹੀਂ ਰਹਿ ਗਿਆ-ਹੁਣ ਤੇਰੀ ਸੇਵਾ 'ਚ ਹਾਜ਼ਰ ਹਾਂ।"

ਜਦ ਉਹ ਵਿਸ਼ਰਾਮ-ਘਰ 'ਚ ਪਹੁੰਚੇ ਤਾਂ ਜਸਵੰਤ ਦੀ ਸੇਜ ਫੁੱਲਾਂ ਨਾਲ ਸ਼ਿਗਾਰੀ ਮੈਡਮ ਨੂੰ ਬੁਲਾ ਰਹੀ ਸੀ।

ਮੈਡਮ ਮੁਸਕਰਾ ਪਈ।

"ਸ਼ਰਾਬ।"

"ਜਿੰਨੀ ਮਰਜ਼ੀ।" ਜਸਵੰਤ ਨੇ ਨਵੀਂ ਬੋਤਲ ਦੀ ਸੀਲ ਤੋੜਦਿਆਂ ਕਿਹਾ। ਬੋਤਲ ਦੀ ਸੀਲ ਟੁੱਟੀ ਤਾਂ ਉਸ ਨੂੰ ਪਿਛਲੀ ਰਾਤ ਯਾਦ ਆ ਗਈ ਤੇ ਉਹ ਕਬੂਤਰੀ ਮੈਡਮ ਵੱਲ ਝਾਕਦਾ ਹੱਸ ਪਿਆ।

"ਵਿਆਹ ਬਹੁਤ ਚੰਗਾ ਹੋ ਗਿਆ।"

"ਕੁੱਤਿਆਂ ਵਾਲੇ ਸਰਦਾਰ ਨੇ-ਐਨਾ ਕੁਛ ਦਿੱਤਾ ਤਦ ਵੀ ਖ਼ੁਸ਼ ਨਹੀਂ ਗਏ।" ਗਲਾਸਾਂ 'ਚ ਸ਼ਰਾਬ ਪਾਂਦਾ ਜਸਵੰਤ ਕਹਿ ਰਿਹਾ ਸੀ।

"ਤੂੰ ਕਿਹੜਾ ਖ਼ੁਸ਼ ਹੋਇਆਂ- ?" ਮੈਡਮ ਦੀਆਂ ਕਹਿਰੀਆਂ ਅੱਖਾਂ ਬੋਲ ਰਹੀਆਂ ਸਨ।

"ਧਰਮ-ਇਮਾਨ ਵੀ ਛਿੱਕੇ ਟੰਗਿਆ-ਦੋ ਰੂਹਾਂ ਦਾ ਕਤਲ ਕੀਤਾ ਤਦ ਵੀ ਕੁੱਤਿਆਂ ਵਾਲੇ ਖ਼ੁਸ਼ ਨਹੀਂ ਹੋਏ। ਮਰਦ ਕੁੱਤੇ ਹੁੰਦੇ ਨੇ ਜਸਵੰਤ-ਕੁੱਤਿਆਂ ਮਰਦਾਂ ਨੂੰ ਮੌਤ ਦੇ ਘਾਟ ਉਤਾਰਨਾ ਹੀ ਚਾਹੀਦਾ ਹੈ।" ਮੈਡਮ ਸ਼ਰਾਬ ਦੇ ਨਸ਼ੇ 'ਚ ਬੋਲ ਰਹੀ ਸੀ।

ਬਾਹਰ ਜੀਪ ਆ ਕੇ ਰੁਕੀ।

ਕਾਕਾ ਬਰਜਿੰਦਰ ਜੀ ਪਹੁੰਚੇ ਸਨ।

"ਅੱਜ ਵੀ ਇਕੱਲਾ ਹੀ-ਮੇਰਿਆ ਸਾਲਿਆ ਮਰਦ ਦਾ ਬੱਚਾ ਨਹੀਂ ਜਿਹੜਾ ਵਾਰ ਵਾਰ ਵਾਅਦਾ ਕਰ ਕੇ ਮੁੱਕਰ ਜਾਨੈ।"

"ਯਾਰ ਹੌਲੀ ਬੋਲ।" ਜਸਵੰਤ ਡਰਿਆ ਜਿਹਾ ਕਹਿ ਰਿਹਾ ਸੀ। ਉਹ ਕਿੰਨਾ ਹੀ ਚਿਰ ਬਾਹਰ ਕੁੱਤਿਆਂ ਵਾਂਗ 'ਘੁਰ ਘੁਰ' ਕਰਦੇ ਰਹੇ।

"ਵਾਰੀ ਦਾ ਫ਼ੈਸਲਾ ਕਰਦੇ ਐ ਕੁੱਤੇ ਦੋ-ਸ਼ਿਕਾਰ ਇਕ। ਨਹੀਂ ਨਹੀਂ ਕੁੱਤੀ ਇਕ-ਇਨ੍ਹਾਂ ਕੁੱਤਿਆਂ ਲਈ ਔਰਤ ਕੁੱਤੀ ਤੋਂ ਵੱਧ ਕੀ ਹੋ ਸਕਦੀ ਹੈ?" ਮੈਡਮ ਸੋਚ ਰਹੀ ਸੀ।

"ਜਸਵੰਤ ਗੱਲ ਸੁਣ-ਇਹਨੂੰ ਕਹਿ-ਬਾਹਰ ਉਡੀਕ ਕਰੇ ਅੱਜ ਮੈਂ ਇਸ ਨੂੰ ਵੀ ਨਿਰਾਸ਼ ਨਹੀਂ ਮੁੜਨ ਦੇਵਾਂਗੀ।"

"ਸ਼ਾਬਾਸ਼ ਮਰਦ ਦੀ ਬੱਚੀਏ ਖ਼ੁਸ਼ ਕੀਤਾ ਈ-" ਜਸਵੰਤ ਨੇ ਖ਼ੁਸ਼ੀ 'ਚ ਛਾਲ ਮਾਰੀ। ਦੋਵੇਂ ਬਾਹਰ ਸ਼ਰਾਬ ਪੀਂਦੇ ਰਹੇ।

ਜਸਵੰਤ ਸ਼ਰਾਬ ਨਾਲ ਰੱਜ ਕੇ ਅੰਦਰ ਆਇਆ।

ਮੈਡਮ ਨਗਨ ਪਲੰਘ 'ਤੇ ਪਈ ਸੀ। ਕੱਛਾ ਤਕ ਉਤਾਰਿਆ ਹੋਇਆ ਸੀ। ਫੁੱਲਾਂ ਨਾਲ ਸ਼ਿੰਗਾਰੇ ਪਲੰਘ 'ਤੇ ਨੰਗਾ ਬਦਨ ਜਸਵੰਤ ਨੂੰ 'ਆ ਜਾ, ਆ ਜਾ' ਕਹਿ ਆਵਾਜ਼ਾਂ ਮਾਰ ਰਿਹਾ ਸੀ।

ਤੱਕਦਿਆਂ ਹੀ ਜਸਵੰਤ ਦੀ ਚੀਕ ਨਿਕਲੀ। ਅੰਦਰ ਕਾਮ ਦੀ ਛੱਲ ਉਠੀ ਤੇ ਉਹ ਦੋ ਕਰਮਾਂ ਤੋਂ ਛਾਲ ਕਾਰ ਕੇ ਪਲੰਘ ਦਾ ਸਵਾਰ ਹੋ ਗਿਆ।

ਉਸ ਨੇ ਮੈਡਮ ਨੂੰ ਉਸ ਦੀਆਂ ਅੱਖਾਂ ਦੀਆਂ ਪੁਤਲੀਆਂ ਤੋਂ ਚੱਟਣਾ ਸ਼ੁਰੂ ਕੀਤਾ। ਜਵਾਨ ਭਰੇ ਸੀਨਿਆਂ ਨਾਲ ਕਲੋਲਾਂ ਕਰਦਾ ਬੇ-ਸਬਰ ਹੋ ਉਠਿਆ।

"ਜਸਵੰਤ ਮੇਰਾ ਸਰੀਰ ਸੁਆਦ ਹੈ ਨਾ?"

"ਮਾਖਿਆ ਪੁੱਛ ਨਾ ਕਬੂਤਰੀਏ-ਜ਼ਿੰਦਗੀ ਦੀ ਸਾਰੀ ਬਹਾਰ ਲੁੱਟ ਲਈ।"

"ਹਰ ਸਰੀਰ ਨਾਲੋਂ ਵੱਧ ਸੁਆਦ ਆਇਆ?"

"ਹਾਏ ਇਹ ਕੋਈ ਸਰੀਰ ਹੈ-ਹਾਏ ਪੱਥਰ 'ਚੋਂ ਤਰਾਸ਼ ਕੇ ਕੱਢਿਆ-ਹਾਏ ਪੱਟ-ਨਾਭੇ ਦੀ ਬੰਦ ਬੋਤਲ-" ਕਹਿਕੇ ਜਸਵੰਤ ਨੇ ਮੈਡਮ ਨੂੰ ਚਾਕੂ ਵਾਂਗ ਬੰਦ ਕਰ ਲਿਆ ਤੇ ਗੰਢ ਬਣਾਏ ਮੈਡਮ ਦੇ ਸਰੀਰ ਉਪਰ ਚਾਦਰ ਵਾਂਗ ਵਿਛ ਗਿਆ।

ਮਾਊਜ਼ਰ 'ਚੋਂ ਗੋਲੀ ਚੱਲੀ ਜਿਹੜੀ ਜਸਵੰਤ ਦੀ ਛਾਤੀ ਪਾੜਦੀ ਉਪਰ ਛੱਤ ਦੀ ਇੱਟ ਭੰਨ ਗਈ। ਇਕ ਹੋਰ ਤੇ ਫੇਰ ਇਕ ਹੋਰ-।

ਕਾਕਾ ਬਰਜਿੰਦਰ ਅੰਦਰ ਆ ਕੇ ਬਾਹਰ ਭੱਜਣ ਲੱਗਿਆ।

"ਤੈਨੂੰ ਵੀ ਨਿਰਾਸ਼ ਨਹੀਂ ਜਾਣ ਦਿਆਂਗੀ, ਵਾਰੀ ਲਾ ਕੇ ਜਾਈਂ।"

ਮੈਡਮ ਨੇ ਘੋੜਾ ਵਰ੍ਹਾਂਦਿਆਂ ਕਿਹਾ।

ਕਾਕਾ ਬਰਜਿੰਦਰ ਦਰ 'ਤੇ ਹੱਥਾਂ ਭਾਰ ਡਿੱਗ ਪਿਆ। ਗੋਲੀ ਨੇ ਨਿਕਲਦਿਆਂ ਛਾਤੀ ਦਾ ਭਰਾੜ ਖੋਲ੍ਹ ਦਿੱਤਾ ਸੀ। ਛਾਤੀ ਦੇ ਧਰਤੀ ਨਾਲ ਲੱਗਣ ਤਕ ਬਰਜਿੰਦਰ ਮੁੱਕ ਚੁੱਕਿਆ ਸੀ।

ਜਸਵੰਤ ਦੇ ਬੇਮੋਖੇ ਖ਼ੂਨ ਨਾਲ ਫੁੱਲਾਂ ਲੱਦਿਆ ਪਲੰਘ ਭਿੱਜ ਚੁੱਕਿਆ ਸੀ।

ਪਹਿਲੀ ਰਾਤ ਵਾਂਗ।

ਪੁਲਿਸ ਦੇ ਪਹੁੰਚਣ ਤਕ ਮੈਡਮ ਕੱਪੜੇ ਪਾਈ ਮਾਊਜ਼ਰ ਹੱਥ 'ਚ ਫੜੀ ਗ੍ਰਿਫ਼ਤਾਰੀ ਲਈ ਤਿਆਰ ਬੈਠੀ ਸੀ।

ਜਦ ਪੋਸਟਮਾਰਟਿੰਗ ਮਗਰੋਂ ਜਸਵੰਤ ਦੀ ਲਾਸ਼ ਪਿੰਡ ਪਹੁੰਚੀ ਤਾਂ ਸ਼ੀਤਲ ਦੀ ਲਾਸ਼ ਵੀ ਪਹੁੰਚ ਗਈ ਸੀ। ਸ਼ੀਤਲ ਸੇਜ 'ਤੇ ਚੜ੍ਹਨ ਤੋਂ ਪਹਿਲਾਂ ਠੰਢੀ ਹੋ ਗਈ ਸੀ।

ਮੇਲ ਆ ਕੇ ਗਿਆ ਸੀ। ਹੁਣ ਮਕਾਣਾਂ ਆ ਰਹੀਆਂ ਸਨ। ਗੀਤਾਂ ਦੀ ਆਵਾਜ਼ ਵੈਣਾਂ 'ਚ ਬਦਲ ਗਈ। ਸੋਨੇ 'ਚ ਮੜ੍ਹ ਕੇ ਭੇਜਣ ਵਾਲੀ ਮਾਂ, ਧੀ ਤੇ ਪੁੱਤ ਦੀ ਲਾਸ਼ ਦੇਖ ਕੇ ਬੇਹੋਸ਼ ਹੋ ਰਹੀ ਸੀ।

ਭੈਣ ਭਰਾ ਦੀਆਂ ਚਿਤਾਂ ਬਰਾਬਰ ਚਿਣੀਆਂ ਗਈਆਂ ਸਨ।

"ਸ਼ੀਤਲ ਦੀ ਚਿਤਾ ਦੂਰ ਬਣਾਓ।" ਬਾਪੂ ਨੇ ਕਿਹਾ।

"ਕਿਉਂ?"

"ਇਹ ਕਸਾਈ ਗਊ ਦੇ ਬਰਾਬਰ ਸੜਨ ਯੋਗ ਨਹੀਂ। ਮਤਾਂ ਚੰਡਾਲ ਦਾ ਭੂਤ ਗਰੀਬਣੀ ਦੇ ਮਗਰ ਲੱਗ ਜਾਏ।"

ਦੁਨੀਆ ਨੂੰ ਪਤਾ ਨਹੀਂ ਲੱਗ ਰਿਹਾ ਸੀ ਕਿ ਮੈਡਮ ਕੌਣ ਸੀ?

ਮੈਡਮ ਬੜੀ ਖਾਮੋਸ਼ ਥਾਣੇ ਦੀਆਂ ਸੀਖਾਂ ਪਿੱਛੇ ਬੈਠੀ ਸੀ। ਥਾਣੇਦਾਰ ਜਿਸ ਕਾਗਜ਼ 'ਤੇ ਵੀ ਉਸ ਦੇ ਦਸਤਖ਼ਤ ਕਰਾਂਦਾ ਸੀ ਉਹ ਚੁੱਪ ਕਰ ਕੇ ਬਿਨਾਂ ਕੁਛ ਪੜ੍ਹਦਿਆਂ ਦਸਤਖ਼ਤ ਕਰ ਦਿੰਦੀ ਸੀ।

ਉਹ ਬੜੀ ਸ਼ਾਂਤ ਬੈਠੀ ਸੀ।

ਮੈਡਮ ਦੀ ਹਵਾਲਾਤ ਜੇਲ੍ਹ ਬਣ ਗਈ। ਉਸ ਨੂੰ ਵੀਹ ਸਾਲ ਜੇਲ੍ਹ ਹੋ ਗਈ। ਐਮ.ਏ. ਪਾਸ ਸੀ ਜਿਸ ਕਰਕੇ ਸ਼ੁਰੂ ਤੋਂ ਹੀ ਜੇਲ੍ਹ 'ਚ ਬੀ.ਕਲਾਸ ਮਿਲ ਗਈ।

**ਨਦੀਆਂ ਵਾਹ ਵਿਛੁੰਨੀਆਂ, ਸੰਜੋਗੀ ਮੇਲੇ ਰਾਮ।**

ਸੈਂਟਰਲ ਜੇਲ੍ਹ ਦਾ ਦਰਵਾਜ਼ਾ ਖੁੱਲਿਆ। ਮੈਡਮ ਬਾਹਰ ਨਿਕਲੀ। ਉਸ ਦੀ ਸ਼ਕਲ 'ਚ ਕੋਈ ਫਰਕ ਨਹੀਂ ਸੀ। ਜੇਲ੍ਹ 'ਚ ਜਮ੍ਹਾਂ ਹੋਏ ਕੱਪੜੇ ਮਿਲ ਗਏ ਸਨ, ਜਿਸ ਕਰਕੇ ਉਹ ਕਾਲਜ ਵਾਲੀ ਕਬੂਤਰੀ ਸੀ।

ਮੈਡਮ ਨੂੰ ਹੁਲਾਰਾ ਜਿਹਾ ਆਇਆ-ਪੂਰੇ ਦਸ ਵਰ੍ਹਿਆ ਮਗਰੋਂ ਉਸ ਨੇ ਜੇਲ੍ਹ ਤੋਂ ਬਾਹਰ ਕਦਮ ਰੱਖਿਆ ਸੀ। ਮੈਡਮ ਨੂੰ ਇਸ ਤਰ੍ਹਾਂ ਅਨੁਭਵ ਹੁੰਦਾ ਸੀ ਜਿਵੇਂ ਜੁਗਾਂ ਮਗਰੋਂ ਉਸ ਨੇ ਧਰਤੀ 'ਤੇ ਪੈਰ ਧਰਿਆ ਸੀ-ਸਰੀਰ ਹਲਕਾ ਹਲਕਾ ਫੁੱਲ ਜਿਵੇਂ ਉਹ ਹਵਾ 'ਚ ਉਡ ਰਹੀ ਸੀ।

"ਜਾਏਂਗੀ ਕਿਥੇ?" ਕੁਛ ਘੰਟਿਆਂ ਮਗਰੋਂ ਉਸ ਦੇ ਮਨ ਨੇ ਪੁੱਛਿਆ। ਹੁਣ ਤਕ ਉਹ ਹਾਬੜਿਆਂ ਵਾਂਗ ਸ਼ਹਿਰ ਦੇ ਬਾਜ਼ਾਰਾਂ 'ਚ ਘੁੰਮ ਰਹੀ ਸੀ।

ਉਹ ਆਪਣੇ ਮਨ ਨੂੰ ਕੋਈ ਵੀ ਉਤਰ ਨਾ ਦੇ ਸਕੀ।

ਉਸ ਨੂੰ ਜੇਲ੍ਹ 'ਚੋਂ ਉਸ ਦੇ ਪੈਸੇ ਮਿਲ ਗਏ ਸਨ। ਉਸ ਨੇ ਇਕ ਹੋਟਲ ਵਿਚ ਕਮਰਾ ਲੈ ਲਿਆ। ਉਸ ਇਸ਼ਨਾਨ ਕੀਤਾ, ਚਾਹ ਪੀਤੀ ਤੇ ਉਹ ਤਾਜ਼ੀ ਹੋ ਗਈ।

ਸ਼ਾਮ ਸਮੇਂ ਸਿਨੇਮਾ ਦੇਖਿਆ। ਆ ਕੇ ਕਮਰੇ 'ਚ ਸੌਂ ਗਈ। ਸ਼ੀਤਲ ਨਾ ਰਣਜੀਤ ਨਾ ਜਸਵੰਤ ਉਸ ਨੂੰ ਕਦੇ ਵੀ ਕੋਈ ਚੇਤੇ ਨਹੀਂ ਆਇਆ ਸੀ। ਉਸ ਨੂੰ ਭੁੱਲ ਹੀ ਗਿਆ ਸੀ ਉਹ ਕਿਥੇ ਫਿਰਦੀ ਸੀ? ਕਿਉਂ ਫਿਰਦੀ ਸੀ ਤੇ ਹੁਣ ਕਿਥੇ ਜਾਣਾ ਸੀ?

ਸਵੇਰੇ ਜਾਗੀ ਤਾਂ ਉਸ ਨੂੰ ਯਾਦ ਆਇਆ ਕਿ ਉਸ ਨੇ ਇਥੇ ਨਹੀਂ ਰਹਿਣਾ ਸੀ-ਕਿਤੇ ਦੂਰ ਚਲੇ ਜਾਣਾ ਸੀ। ਇਹ ਸੋਚਦੀ ਉਹ ਅਖ਼ਬਾਰ ਪੜ੍ਹਦੀ ਰਹੀ। ਇਕ ਥਾਂ ਉਸ ਦੀ ਨਜ਼ਰ ਰੁਕ ਗਈ। ਮਸੂਰੀ ਦੇ ਕਿਸੇ ਸਕੂਲ ਨੂੰ ਇਕ ਅੰਗਰੇਜ਼ੀ ਦੇ ਟੀਚਰ ਦੀ ਲੋੜ ਹੈ।

ਉਸ ਨੇ ਡੇਹਰਾਦੂਨ, ਮਸੂਰੀ ਯਾਦ ਆ ਗਈ। ਥੋੜ੍ਹਾ ਰਣਜੀਤ ਤੇ ਸ਼ੀਤਲ ਵੀ ਯਾਦ ਆਏ। ਉਸ ਦੀਆਂ ਵਰ੍ਹਿਆਂ ਤੋਂ ਖੁਸ਼ਕ ਹੋਈਆਂ ਅੱਖਾਂ ਸਿੰਮ ਆਈਆ।

ਬਗੈਰ ਕੁਛ ਸੋਚੇ ਉਹ ਗੱਡੀ ਚੜ੍ਹ ਗਈ। ਹਰਦਵਾਰ ਪਹੁੰਚ ਗਈ, ਭੀੜ ਸੀ। ਲੋਕ ਗੰਗਾ 'ਚ ਪਾਪ ਧੋ ਧੋ ਕੇ ਮੁੜ ਰਹੇ ਸਨ। ਮੈਡਮ ਵਿਛੜੀ ਰੂਹ ਵਾਂਗ ਕੰਢੇ 'ਤੇ ਬੈਠੀ ਰਹੀ। ਦਿਨ ਰਾਤ ਦੇ ਦੀਵਿਆਂ ਵਿਚ ਬਦਲ ਗਿਆ-ਲੋਕ ਪੱਤਿਆਂ 'ਤੇ ਦੀਵਾ ਧਰ ਧਰ ਕਿਸਮਤ ਪਰਖ ਰਹੇ ਸਨ-ਮੈਡਮ ਖਿੜ ਖਿੜ ਕਰ ਕੇ ਹੱਸ ਪਈ।

ਉਸ ਨੇ ਰਤਨ ਹੋਟਲ ਵਿਚ ਉਹੀ ਕਮਰਾ ਲਿਆ। ਉਨ੍ਹਾਂ ਹੀ ਸੜਕਾਂ ਤੇ ਤੁਰਦੀ ਰਹੀ। ਸੜਕਾਂ ਰਾਤ ਨੂੰ ਚਿਨਾਰਾਂ ਦੇ ਹਨੇਰੇ ਪਰਛਾਵਿਆਂ ਵਿਚ ਗੁਆਚ ਜਾਂਦੀਆਂ ਸਨ ਤੇ ਉਹ ਹਉਕੇ ਭਰਦੀ ਪਰਤ ਆਉਂਦੀ ਸੀ। ਉਹ ਸ਼ੀਤਲ ਦੇ

ਹੋਸਟਲ ਵਿਚ ਪਹੁੰਚੀ। ਹੁਣ ਕੋਈ ਹੋਰ ਰੂਹਾਂ ਕਮਰੇ 'ਚ ਸਜੀਆਂ ਬੈਠੀਆਂ ਸਨ। ਸ਼ੀਤਲ ਮਗਰੋਂ ਪਤਾ ਨਹੀਂ ਕਿੰਨੀਆਂ ਰੂਹਾਂ ਵੜੀਆਂ ਤੇ ਨਿਕਲੀਆਂ ਸਨ।

ਸਵੇਰੇ ਸਵੇਰੇ ਉਸ ਦੀ ਨਜ਼ਰ ਅਟੈਚੀ ਵਿਚ ਪਏ ਅਖ਼ਬਾਰ 'ਤੇ ਪਈ। ਸਕੂਲ ਦੀ ਨੌਕਰੀ ਦਾ ਚੇਤਾ ਆ ਗਿਆ। ਉਸ ਨੇ ਤੁਰੰਤ ਹੀ ਮਸੂਰੀ ਦੀ ਬੱਸ ਫੜ ਲਈ।

ਮਸੂਰੀ ਵਿਚ ਭੀੜ ਸੀ। ਦੁਨੀਆ ਭਰ ਦੀਆਂ ਹੂਰਾਂ ਤੇ ਬਾਂਕੇ ਹਰਲ ਹਰਲ ਕਰਦੇ ਫਿਰਦੇ ਸਨ।

ਅੱਜ ਦੋ ਵਜੇ ਸਕੂਲ ਵਿਚ ਇੰਟਰਵਿਊ ਸੀ।

ਮੈਡਮ ਨੇ ਸਕੂਲ ਦੇ ਦਫਤਰੋਂ ਐਪਲੀਕੇਸ਼ਨ ਲਈ ਤੇ ਭਰ ਕੇ ਅੰਦਰ ਭੇਜ ਦਿੱਤੀ।

ਬਹੁਤ ਸਾਰੀਆਂ ਲੜਕੀਆਂ ਕਤਾਰ 'ਚ ਬੈਠੀਆਂ ਉਡੀਕ ਰਹੀਆਂ ਸਨ।

"ਇਹ ਸਕੂਲ ਦਾ ਮਾਲਕ, ਕਰਤਾ ਧਰਤਾ ਹੈ।" ਕਿਸੇ ਲੜਕੀ ਨੇ ਦੂਰੋ ਆ ਰਹੇ ਅੱਧ-ਖੜ ਉਮਰ ਦੇ ਬੰਦੇ ਵੱਲ ਇਸ਼ਾਰਾ ਕੀਤਾ। ਮੈਡਮ ਨੇ ਉਸ ਬੰਦੇ ਨੂੰ ਚਾਉ ਨਾਲ ਤੱਕਿਆ ਜਿਸ ਨੇ ਇਤਨੇ ਵੱਡੇ ਇੰਸਟੀਚੀਊਸ਼ਨ ਨੂੰ ਉਸਾਰਿਆ ਸੀ।

ਉਹ ਬੜਾ ਹੀ ਖਾਮੋਸ਼ ਇਨਸਾਨ ਸੀ। ਦਾਹੜੀ ਤੇ ਸਿਰ ਦੇ ਵਾਲ ਖੁਲ੍ਹੇ ਛੱਡ ਕੇ ਰੱਖਦਾ ਸੀ।

"ਇਸ ਆਦਮੀ ਦੀ ਇਕ ਖ਼ੂਬੀ ਇਹ ਸੀ ਕਿ ਕਦੇ ਕਿਸੇ ਦੀ ਸ਼ਕਲ ਵੱਲ ਨਹੀਂ ਤੱਕਦਾ। ਬਹੁਤ ਘੱਟ ਬੋਲਦੈ।" ਨਾਲ ਬੈਠੀ ਗੱਲਾਂ ਦੱਸ ਰਹੀ ਸੀ।

ਲੜਕੀਆਂ ਵਾਰੀ ਨਾਲ ਇੰਟਰਵਿਊ ਦੇ ਦੇ ਕੇ ਤੁਰੀਆਂ ਜਾ ਰਹੀਆਂ ਸਨ।

"ਬਹੁਤ ਲਰਨਿਡ ਆਦਮੀ ਹੈ-ਮੈਨੂੰ ਤਾਂ ਇੰਟਰਵਿਊ ਦੇਣ ਜਾਂਦਿਆਂ ਬੜਾ ਹੀ ਡਰ ਲਗਦੈ-ਪਰ ਸੁਣਿਐ ਕੈਂਡੀਡੇਟ ਨੂੰ ਖਾਹਮਖਾਹ ਤੰਗ ਨਹੀਂ ਕਰਦਾ-ਮੁਸ਼ਕਲ ਮੁਸ਼ਕਲ ਸਵਾਲ ਕਦੇ ਨਹੀਂ ਪੁੱਛਦਾ।"

ਲੜਕੀ ਕਹਿੰਦੀ ਕਹਿੰਦੀ ਤੁਰ ਗਈ। ਉਸ ਨੂੰ ਬੁਲਾਇਆ ਗਿਆ ਸੀ।

ਮੈਡਮ ਆਖ਼ਰੀ ਉਮੀਦਵਾਰ ਸੀ।

ਉਸ ਨੂੰ ਵੀ ਬੁਲਾਵਾ ਆ ਗਿਆ।

ਮੈਡਮ ਜੱਕਾਂ-ਤੱਕਾਂ ਕਰਦੀ ਅੰਦਰ ਗਈ। ਉਸ ਨੇ ਚਾਰਾਂ ਚਿਹਰਿਆਂ ਵੱਲ ਗਹੁ ਨਾਲ ਤੱਕਿਆ-ਉਸ ਦੇ ਪੈਰਾਂ ਥੱਲੀਓਂ ਧਰਤੀ ਖਿਸਕੀ।

"ਆਪ ਕਾ ਨਾਂ?"

ਮੈਡਮ ਦੀਆਂ ਅੱਖਾਂ ਅੱਗੇ ਵਰ੍ਹੇ ਘੁੰਮ ਰਹੇ ਸਨ।

"ਆਪ ਕਾ ਨਾਂ?" ਨੀਵੀਂ ਪਾਈ ਸਕੂਲ ਦਾ ਕਰਤਾ ਧਰਤਾ ਪੁੱਛ ਰਿਹਾ ਸੀ।

ਮੈਡਮ ਦੇ ਕੰਨਾਂ 'ਚ ਗੱਡੀ ਦੀਆਂ ਚੀਕਾਂ ਸੁਣਾਈ ਦਿੱਤੀਆਂ। ਅੱਖਾਂ ਅੱਗੇ ਉਸ ਦਾ ਸ਼ੀਤਲ ਦੇ ਮੱਥੇ ਨਾਲ ਟਕਰਾਣ ਦਾ ਨਕਸ਼ਾ ਉਭਰ ਆਇਆ।

"ਮੈਂ ਆਪ ਸੇ ਆਪ ਕਾ ਨਾਮ ਪੂਛ ਰਹਾ ਹੂੰ?" ਪੁਰਸ਼ ਨੇ ਨਜ਼ਰਾਂ ਜ਼ਰਾ ਕੁ ਚੁੱਕੀਆਂ।

"ਯਾਰ ਮੈਡਮ।"

ਰਣਜੀਤ ਚੌਂਕ ਪਿਆ।

ਮੈਡਮ ਖ਼ੁਸ਼ੀ 'ਚ ਪਾਗਲ ਜਿਹੀ ਹੋ ਗਈ। ਰਣਜੀਤ ਨੇ ਬੇਸਾਖੀ ਦੇ ਸਹਾਰੇ ਖੜ੍ਹਾ ਹੋ ਕੇ ਡਿੱਗਦੀ ਮੈਡਮ ਨੂੰ ਸੰਭਾਲ ਲਿਆ। ਇਕ ਹੱਥ ਵਿਚ ਹੀ ਬੇ-ਥਾਹ ਸ਼ਕਤੀ ਆ ਗਈ।

"ਰੇਲ ਗੱਡੀ ?"

"ਰੁਕ ਗਈ ਸੀ।"

"ਸ਼ੁਕਰ ਹੈ ਰੱਬਾ।"

"ਸ਼ੀਤਲ ਦੀ ਮੌਤ ਦਾ ਪਤਾ ਲੱਗ ਗਿਆ ਸੀ। ਮੈਂ ਉਪਰਾਮ ਹੋ ਗਿਆ ਸੀ। ਤੇਰੇ ਕਾਲਜ ਤੈਨੂੰ ਮਿਲਣ ਨਹੀਂ ਆਇਆ।"

"ਚੰਗਾ ਕੀਤਾ।" ਮੈਡਮ ਹੱਸ ਪਈ।

ਮੈਡਮ ਨੇ ਰਣਜੀਤ ਦਾ ਘਰ ਸ਼ਿੰਗਾਰ ਲਿਆ। ਉਸ ਦਾ ਪਲੰਘ ਫੁੱਲਾਂ ਨਾਲ ਸਜਾ ਲਿਆ।

"ਸਾਡੀ ਅੱਜ ਸੁਹਾਗ ਰਾਤ ਹੈ ਮੈਡਮ।"

"ਊਂ ਹੂੰ ਯਾਰ ਮੈਡਮ।"

ਦੋਵੇਂ ਹੱਸ ਪਏ।

ਕਮਰੇ ਦੀਆਂ ਨਿੰਮ੍ਹੀਆਂ ਬੱਤੀਆਂ ਜਗ ਰਹੀਆਂ ਸਨ। ਪਲੰਘ 'ਤੇ ਫੁੱਲਾਂ ਦਾ ਢੇਰ ਸੀ, ਜਨਮਾਂ ਤੋਂ ਵਿਛੜੀਆਂ ਰੂਹਾਂ ਮਿਲ ਗਈਆਂ ਸਨ-ਦੋਹਾਂ ਦੇ ਸੁਆਦ ਦੇ ਸਰੂਰ 'ਚ ਚੂਰ ਚੂਰ ਸਰੀਰ ਖੱਲ੍ਹਦੇ ਜਾ ਰਹੇ ਸਨ।

"ਮੈਂ ਤਾਂ ਜਨਮਾਂ ਤੋਂ ਤੇਰੀ ਸਾਂ ਹਾਣੀਆਂ।" ਮੈਡਮ ਇਸ ਤਰ੍ਹਾਂ ਮਸਤ ਤੇ ਅਨੰਦ ਦੇ ਨਸ਼ੇ 'ਚ ਡੁੱਬਦੀ ਪੀੜ ਮਹਿਸੂਸ ਕਰਦੀ ਸੀ ਜਿਵੇਂ ਉਸ ਦਾ ਕੰਵਾਰ ਟੁੱਟ ਰਿਹਾ ਹੋਵੇ-ਜਿਵੇਂ ਉਹ ਹੱਕੀ ਨੂੰ ਇਮਾਨਤ ਮੋੜ ਰਹੀ ਹੋਵੇ।

ਖ਼ਾਮੋਸ਼ ਕਮਰੇ 'ਚ ਦੋ ਜਨਮਾਂ ਤੋਂ ਵਿਛੜੀਆਂ ਰੂਹਾਂ ਦੇ ਸੰਤੁਸ਼ਟ ਤੇਜ਼ ਤੇਜ਼ ਸਾਹਾਂ ਦਾ ਸੰਗੀਤ ਉੱਭਰ ਰਿਹਾ ਸੀ।

ਰਾਤ ਵੱਡੀ ਹੋ ਚੁੱਕੀ ਸੀ। ਸਮੇਂ ਦੇ ਚੱਕਰ ਸੂਹੀ ਸਵੇਰ ਨੂੰ ਭਾਲਦਾ ਤੁਰ ਰਿਹਾ ਸੀ।

ਦੋਵੇਂ ਰੂਹਾਂ ਆਨੰਦ 'ਚ ਚੂਰ ਸਨ। ਉਹ ਬੇ-ਖਬਰ ਸਨ ਕਿ ਪਹਿਲੇ ਮਿਲਣ 'ਤੇ ਬਿਸਤਰੇ ਦੇ ਫੁੱਲਾਂ ਦੀਆਂ ਪੱਤੀਆਂ ਸੱਜਰੇ ਲਹੂ ਨਾਲ ਤਰ ਹੋ ਗਈਆਂ ਸਨ।

ਬਰਾਤ ਸਵੇਰ ਵਿਚ ਬਦਲ ਗਈ। ਸੂਰਜ ਬੱਦਲਾਂ ਨੂੰ ਕੱਜੀ ਪਹਾੜੀ ਪਿੱਛੋਂ ਹੱਸਿਆ। ਸੁੱਤੇ ਜੀਵਨ 'ਚ ਰੂਹ ਆ ਗਈ। ਮੈਡਮ ਤੇ ਰਣਜੀਤ ਦਾ ਉਠਣ ਨੂੰ ਜੀਅ ਨਹੀਂ ਕਰਦਾ ਸੀ। ਮੈਡਮ ਵੇਲ ਵਾਂਗ ਰਣਜੀਤ ਦੇ ਗਲ ਲਿਪਟੀ ਸੀ। ਉਸ ਦੀ ਛਾਤੀ 'ਤੇ ਸੁੱਤੀ ਸੀ। ਉਸ ਦੀ ਰੂਹ ਹੀ ਨਹੀਂ ਭਰਦੀ ਸੀ।

"ਮੈਡਮ ਤੇਰੇ ਮਾਪੇ ?"

"ਮੇਰੀਆਂ ਬਾਹਾਂ 'ਚ।"

"ਕੀ ਮਤਲਬ।"

"ਮੇਰੇ ਯਾਰ ਤੋਂ ਬਿਨਾਂ ਮੇਰਾ ਇਸ ਸੰਸਾਰ 'ਚ ਕੋਈ ਵੀ ਨਹੀਂ ਹੈ ਨਾ ਹੀ ਮੈਨੂੰ ਕਿਸੇ ਦੀ ਇੱਛਾ ਹੈ।"

ਜਨਮਾਂ ਤੋਂ ਤੜਪਦੀਆਂ ਬਾਹਾਂ ਨੇ ਫਿਰ ਘੁੱਟ ਕੇ ਗਲਵੱਕੜੀ ਪਾ ਲਈ।

- ਸਮਾਪਤ -